2-DEC-PAGE-1.qxd 12/1/2024 8:48 PM Page 1

ਸੋਮਵਾਰ, 2 ਦਸੰਬਰ, 2024
17 ਮੱਘਰ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 182

# ਨਵਾਂ ਜ਼ਮਾਨਾ

DAILY NAWAN ZAMANA • MONDAY, 2 DECEMBER, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਬੋਫਰਜ਼ ਦਾ ਜਿੰਨ ਫਿਰ ਬਾਹਰ ਕੱਢਣ ਦੀ ਤਿਆਰੀ

**ਨਵੀਂ ਦਿੱਲੀ** : ਸੀ ਬੀ ਆਈ 1980ਵਿਆਂ ਦੇ 64 ਕਰੋੜੀ ਬੋਫਰਜ਼ ਵੱਢੀ ਸਕੈਂਡਲ ਬਾਰੇ ਨਿਜੀ ਜਾਂਚਕਰਤਾ ਮਾਈਕਲ ਹਰਸ਼ਮੈਨ ਤੋਂ ਜਾਣਕਾਰੀ ਹਾਸਲ ਕਰਨ ਲਈ ਅਮਰੀਕਾ ਨੂੰ ਛੇਤੀ ਹੀ ਅਦਾਲਤੀ ਬੇਨਤੀ ਭਿਜਵਾਉਣ ਦਾ ਇਰਾਦਾ ਰੱਖਦੀ ਹੈ। ਹਰਸ਼ਮੈਨ ਨੇ ਭਾਰਤੀ ਏਜੰਸੀਆਂ ਨਾਲ ਜਾਣਕਾਰੀ ਸਾਂਝੀ ਕਰਨ ਦੀ ਇੱਛਾ ਜਤਾਈ ਹੈ। ਸੀ ਬੀ ਆਈ ਨੇ ਇਸ ਮਾਮਲੇ ਦੀ ਅੱਗੇ ਜਾਂਚ ਲਈ ਉਸਦੀ ਅਪੀਲ 'ਤੇ ਸੁਣਵਾਈ ਕਰ ਰਹੀ ਵਿਸ਼ੇਸ਼ ਅਦਾਲਤ ਨੂੰ ਨਵੇਂ ਘਟਨਾਕ੍ਰਮ ਬਾਰੇ ਜਾਣੂੰ ਕਰਵਾਇਆ ਹੈ।

ਅਮਰੀਕਾ ਨੂੰ ਲੈਟਰਜ਼ ਰੋਗੇਟਰੀ (ਐੱਲ ਆਰ) ਭੇਜਣ ਦੀ ਪ੍ਰਕਿਰਿਆ ਅਕਤੂਬਰ ਵਿੱਚ ਸ਼ੁਰੂ ਕੀਤੀ ਗਈ ਹੈ ਤੇ ਇਹ ਕਰੀਬ ਤਿੰਨ ਮਹੀਨਿਆਂ ਤੱਕ ਮੁਕੰਮਲ ਹੋ ਜਾਵੇਗੀ। ਲੈਟਰ ਰੋਗੇਟਰੀ ਜਾਂਚ ਜਾਂ ਫੌਜਦਾਰੀ ਮਾਮਲੇ ਵਿੱਚ ਮੁਕੱਦਮੇ 'ਚ ਸਹਿਯੋਗ ਲਈ ਇਕ ਦੇਸ਼ ਦੀ ਅਦਾਲਤ ਵੱਲੋਂ ਦੂਜੇ ਦੇਸ਼ ਦੀ ਅਦਾਲਤ ਨੂੰ ਭੇਜਿਆ ਜਾਂਦਾ ਹੈ।

ਦਿੱਲੀ ਹਾਈ ਕੋਰਟ ਨੇ ਇਸ ਨਾਜ਼ੁਕ ਸਿਆਸੀ ਮਾਮਲੇ ਵਿੱਚ 2004 ਵਿੱਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਮਰਨਉਪਰੰਤ ਬਰੀ ਕਰ ਦਿੱਤਾ ਸੀ ਤੇ ਇਕ ਸਾਲ ਬਾਅਦ ਹਿੰਦੂਜਾ ਭਰਾਵਾਂ ਸਣੇ ਬਾਕੀ ਮੁਲਜ਼ਮਾਂ ਖਿਲਾਫ



ਦੋਸ਼ ਵੀ ਖਾਰਜ ਕਰ ਦਿੱਤੇ ਸਨ। ਵੱਢੀ ਦੇਣ ਵਿੱਚ ਦਲਾਲ ਦੀ ਭੂਮਿਕਾ ਨਿਭਾਉਣ ਦੇ ਮੁਲਜ਼ਮ ਇਤਾਲਵੀ ਬਿਜ਼ਨਸਮੈਨ ਓਤਾਵਿਓ ਕੁਆਤਰੋਚੀ ਨੂੰ ਵੀ ਅਦਾਲਤ ਨੇ 2011 ਵਿੱਚ ਬਰੀ ਕਰ ਦਿੱਤਾ ਸੀ, ਜਦੋਂ ਉਸਨੇ ਸੀ ਬੀ ਆਈ ਨੂੰ ਉਸ ਵਿਰੁੱਧ ਮੁਕੱਦਮਾ ਵਾਪਸ ਲੈਣ ਦੀ ਆਗਿਆ ਦੇ ਦਿੱਤੀ ਸੀ।

ਮਾਮਲਾ ਕਾਂਗਰਸ ਰਾਜ ਵੇਲੇ ਸਵੀਡਨ ਤੋਂ ਬੋਫਰਜ਼ ਤੋਪਾਂ ਲੈਣ ਦੇ 1437 ਕਰੋੜ ਰੁਪਏ ਦੇ ਸੌਦੇ ਵਿੱਚ 64 ਕਰੋੜ ਦੀ ਦਲਾਲੀ ਦਾ ਹੈ। ਸਰਕਾਰ ਨੇ ਬੋਫਰਜ਼ ਕੰਪਨੀ ਤੋਂ 155 ਐੱਮ ਐੱਮ ਦੀਆਂ 400 ਤੋਪਾਂ ਲੈਣ ਦਾ ਸੌਦਾ ਕੀਤਾ ਸੀ। ਇਨ੍ਹਾਂ ਤੋਪਾਂ ਨੇ ਕਾਰਗਿਲ ਦੀ ਜੰਗ ਜਿੱਤਣ ਵਿੱਚ ਅਹਿਮ ਰੋਲ ਨਿਭਾਇਆ ਸੀ। ਇਹ ਮਾਮਲਾ 2011 ਵਿੱਚ ਬੰਦ ਹੋ ਗਿਆ ਸੀ।

ਫੇਅਰਫੈਕਸ ਗਰੁੱਪ ਦਾ ਮੁਖੀ ਹਰਸ਼ਮੈਨ ਨਿਜੀ ਜਾਸੂਸਾਂ ਦੀ ਕਾਨਫਰੰਸ ਵਿੱਚ ਹਿੱਸਾ ਲੈਣ ਲਈ 2017 'ਚ ਭਾਰਤ ਆਇਆ ਸੀ। ਆਪਣੇ ਕਿਆਮ ਦੌਰਾਨ ਉਸਨੇ ਕਿਹਾ ਸੀ ਕਿ ਕਾਂਗਰਸ ਸਰਕਾਰ ਨੇ ਜਾਂਚ ਨੂੰ ਪਟੜੀਓਂ ਲਾਹ ਦਿੱਤਾ ਸੀ ਤੇ ਉਹ ਸੀ ਬੀ ਆਈ ਨਾਲ ਵੇਰਵੇ ਸਾਂਝੇ ਕਰਨ ਦਾ ਇੱਛਕ ਹੈ। ਸੀ ਬੀ ਆਈ ਨੇ 2017 ਵਿੱਚ ਹੀ ਐਲਾਨਿਆ ਸੀ ਕਿ ਮਾਮਲੇ ਨੂੰ ਵਿਚਾਰਿਆ ਜਾਵੇਗਾ। ਉਸਨੇ ਵਿਸ਼ੇਸ਼ ਅਦਾਲਤ ਨੂੰ ਦੱਸਿਆ ਕਿ ਉਹ ਹਰਸ਼ਮੈਨ ਦੇ ਖੁਲਾਸਿਆਂ ਤੋਂ ਬਾਅਦ ਕੇਸ ਨੂੰ ਮੁੜ ਖੋਲ੍ਹਣਾ ਚਾਹੁੰਦੀ ਹੈ। ਸੀ ਬੀ ਆਈ ਨੇ ਅਮਰੀਕੀ ਅਧਿਕਾਰੀਆਂ ਨੂੰ 8 ਨਵੰਬਰ 2023, 21 ਦਸੰਬਰ 2023, 13 ਮਈ 2024 ਤੇ 14 ਅਗਸਤ 2024 ਨੂੰ ਪੱਤਰ ਤੇ ਯਾਦ-ਦਹਾਨੀ ਪੱਤਰ ਭੇਜੇ ਪਰ ਅਮਰੀਕੀ ਅਧਿਕਾਰੀਆਂ ਨੇ ਹਾਮੀ ਭਰਨ ਦੀ ਥਾਂ ਸਿਰਫ ਇਹੀ ਕਿਹਾ ਕਿ ਉਨ੍ਹਾਂ ਨੂੰ ਹੋਰ ਸਮਾਂ ਚਾਹੀਦਾ। ਸੀ ਬੀ ਆਈ ਨੇ ਹੁਣ ਲੈਟਰਜ਼ ਰੋਗੇਟਰੀ ਦਾ ਸਹਾਰਾ ਲੈਣ ਦਾ ਫੈਸਲਾ ਕੀਤਾ ਹੈ। ਇਸ ਲਈ ਸਮਰਥ ਅਦਾਲਤ ਜਾਣਕਾਰੀ ਲਈ ਸੰਬੰਧਤ ਅਮਰੀਕੀ ਅਥਾਰਟੀਜ਼ ਨੂੰ ਰਸਮੀ ਬੇਨੇਤੀ ਭੇਜੇਗੀ। ਪਰ ਇਸ ਲਈ ਭਾਰਤ ਸਰਕਾਰ ਦੀ ਸਹਿਮਤੀ ਵੀ ਜ਼ਰੂਰੀ ਹੈ।

## ਟਰੰਪ ਦੀ ਬਰਿੱਕਸ ਦੇਸ਼ਾਂ ਨੂੰ ਧਮਕੀ, ਡਾਲਰ ਦੇ ਮੁਕਾਬਲੇ ਦੀ ਕਰੰਸੀ ਬਣਾਈ ਤਾਂ ਦੇਖ ਲਿਓ

**ਵਾਸ਼ਿੰਗਟਨ** : ਡੋਨਾਲਡ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਅਗਲੇ ਸਾਲ 20 ਜਨਵਰੀ ਨੂੰ ਸਹੁੰ ਚੁੱਕਣੀ ਹੈ ਪਰ ਉਸ ਨੇ ਪਹਿਲਾਂ ਹੀ ਬਰਿੱਕਸ ਦੇਸ਼ਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਹੈ। ਟਰੰਪ ਨੇ ਇਨ੍ਹਾਂ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਨੇ ਕਿਸੇ ਹੋਰ ਕਰੰਸੀ ਦਾ ਸਮਰਥਨ ਕੀਤਾ ਤਾਂ ਉਨ੍ਹਾਂ 'ਤੇ ਸੌ ਫੀਸਦੀ ਟੈਰਿਫ (ਦੂਜੇ ਦੇਸ਼ ਤੋਂ ਸਾਮਾਨ ਲਿਆਉਣ 'ਤੇ ਲੱਗਣ ਵਾਲੀ ਦਰਾਮਦ ਡਿਊਟੀ) ਲਾ ਦਿੱਤਾ ਜਾਵੇਗਾ। ਉਸ ਨੇ ਇਹ ਵੀ ਕਿਹਾ ਕਿ ਇਹ ਦੇਸ਼ ਅਮਰੀਕੀ ਡਾਲਰ ਦਾ ਸਮਰਥਨ ਕਰਨ। ਬਰਿੱਕਸ ਦੇ ਨੌਂ ਮੈਂਬਰੀ ਗਰੁੱਪ ਵਿੱਚ ਭਾਰਤ, ਰੂਸ, ਚੀਨ ਅਤੇ ਬ੍ਰਾਜ਼ੀਲ ਸ਼ਾਮਲ ਹਨ। ਬਰਿੱਕਸ ਦਾ ਗਠਨ 2009 'ਚ ਕੀਤਾ ਗਿਆ ਸੀ ਤੇ ਇਹ ਹੀ ਇਕੱਲਾ ਅਜਿਹਾ ਪ੍ਰਮੁੱਖ ਕੌਮਾਂਤਰੀ ਗਰੁੱਪ ਹੈ, ਜਿਸ ਦਾ ਅਮਰੀਕਾ ਹਿੱਸਾ ਨਹੀਂ ਹੈ। ਇਸ ਦੇ ਹੋਰ ਮੈਂਬਰ ਦੇਸ਼ਾਂ ਵਿਚ ਦੱਖਣੀ ਅਫਰੀਕਾ, ਈਰਾਨ, ਮਿਸਰ, ਇਥੋਪੀਆ ਅਤੇ ਸੰਯੁਕਤ ਅਰਬ ਅਮੀਰਾਤ ਹਨ।



ਪਿਛਲੇ ਕੁਝ ਸਾਲਾਂ ਤੋਂ ਇਸ ਦੇ ਕੁਝ ਮੈਂਬਰ ਦੇਸ਼, ਖਾਸ ਤੌਰ 'ਤੇ ਰੂਸ ਅਤੇ ਚੀਨ ਅਮਰੀਕੀ ਡਾਲਰ ਦਾ ਬਦਲ ਲੱਭ ਰਹੇ ਹਨ ਜਾਂ ਆਪਣੀ ਬਰਿੱਕਸ ਕਰੰਸੀ ਲਿਆਉਣਾ ਚਾਹੁੰਦੇ ਹਨ, ਪਰ ਭਾਰਤ ਹੁਣ ਤੱਕ ਇਸ ਮੁਹਿੰਮ ਦਾ ਹਿੱਸਾ ਨਹੀਂ ਬਣਿਆ ਹੈ। ਹੁਣ ਟਰੰਪ ਨੇ ਇਨ੍ਹਾਂ ਬਰਿੱਕਸ ਦੇਸ਼ਾਂ ਨੂੰ ਅਜਿਹੇ ਕਦਮ ਖਿਲਾਫ ਚਿਤਾਵਨੀ ਦਿੱਤੀ ਹੈ।

ਟਰੰਪ ਨੇ ਕਿਹਾ-ਸਾਨੂੰ ਇਨ੍ਹਾਂ ਦੇਸ਼ਾਂ ਤੋਂ ਵਚਨਬੱਧਤਾ ਦੀ ਲੋੜ ਹੈ ਕਿ ਉਹ ਨਾ ਹੀ ਕੋਈ ਨਵੀਂ ਬਰਿੱਕਸ ਕਰੰਸੀ ਬਣਾਉਣਗੇ ਤੇ ਨਾ ਹੀ ਨਵੀਂ ਕਰੰਸੀ ਦਾ ਸਮਰਥਨ ਕਰਨਗੇ, ਨਹੀਂ ਤਾਂ ਉਨ੍ਹਾਂ ਨੂੰ 100 ਫੀਸਦੀ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ ਅਤੇ ਉਹ ਅਮਰੀਕੀ ਅਰਥਵਿਵਸਥਾ 'ਚ ਆਪਣੇ ਉਤਪਾਦ ਵੇਚ ਨਹੀਂ ਸਕਣਗੇ।

### ਦਿੱਲੀ 'ਚ ਕਾਂਗਰਸ ਨਾਲ ਚੋਣ ਗੱਠਜੋੜ ਨਹੀਂ : ਕੇਜਰੀਵਾਲ



**ਨਵੀਂ ਦਿੱਲੀ** : ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਐਤਵਾਰ ਕਿਹਾ ਕਿ ਦਿੱਲੀ ਅਸੰਬਲੀ ਚੋਣਾਂ ਲਈ ਕਾਂਗਰਸ ਨਾਲ ਗੱਠਜੋੜ ਨਹੀਂ ਕਰਾਂਗੇ। ਆਪ ਤੇ ਕਾਂਗਰਸ 'ਇੰਡੀਆ' ਗੱਠਜੋੜ ਦਾ ਹਿੱਸਾ ਹਨ ਅਤੇ ਦੋਹਾਂ ਨੇ ਦਿੱਲੀ 'ਚ ਲੋਕ ਸਭਾ ਚੋਣਾਂ ਮਿਲ ਕੇ ਲੜੀਆਂ ਸਨ ਪਰ ਸੱਤਾਂ ਵਿੱਚੋਂ ਕੋਈ ਸੀਟ ਨਹੀਂ ਜਿੱਤ ਸਕੀਆਂ। ਦੋਹਾਂ ਪਾਰਟੀਆਂ ਵਿਚਾਲੇ ਹਰਿਆਣਾ ਅਸੰਬਲੀ ਚੋਣਾਂ ਲਈ ਵੀ ਗੱਠਜੋੜ ਸਿਰੇ ਨਹੀਂ ਲੱਗਾ ਸੀ।

### ਕਾਂਗਰਸੀ ਵਫਦ ਭਲਕੇ ਚੋਣ ਕਮਿਸ਼ਨ ਨੂੰ ਮਿਲੇਗਾ

**ਨਵੀਂ ਦਿੱਲੀ** : ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਐਤਵਾਰ ਦੋਸ਼ ਲਾਇਆ ਕਿ ਹਾਲ ਹੀ 'ਚ ਹੋਈਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦੌਰਾਨ ਸਮੁੱਚੀ ਚੋਣ ਮਸ਼ੀਨਰੀ 'ਤੇ ਵਿਵਾਦ ਸੀ, ਜੋ ਲੋਕਤੰਤਰ ਲਈ ਖਤਰਨਾਕ ਹੈ। ਉਨ੍ਹਾ ਕਿਹਾ ਕਿ ਕਾਂਗਰਸ ਨੇ ਇਨ੍ਹਾਂ ਮੁੱਦਿਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਰਮੇਸ਼ ਨੇ ਮਹਾਰਾਸ਼ਟਰ ਚੋਣਾਂ ਦੇ ਨਤੀਜਿਆਂ ਨੂੰ 'ਅਸੰਭਵ' ਕਰਾਰ ਦਿੱਤਾ ਹੈ। ਉਨ੍ਹਾ ਕਿਹਾ ਕਿ ਚੋਣ ਕਮਿਸ਼ਨ ਨੇ ਉਨ੍ਹਾਂ ਨੂੰ ਤਿੰਨ ਦਸਬੰਰ ਨੂੰ ਮਿਲਣ ਦਾ ਸਮਾਂ ਦਿੱਤਾ ਹੈ ਅਤੇ ਕਾਂਗਰਸ ਆਗੂ ਉਸ ਨੂੰ ਮਿਲਣਗੇ। ਉਨ੍ਹਾ ਜੋ ਮੈਮੋਰੰਡਮ ਦਿੱਤਾ ਹੈ, ਉਹ ਚੋਣ ਪ੍ਰਕਿਰਿਆ ਨਾਲ ਸੰਬੰਧਤ ਹੈ। ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਪੂਰੀ ਚੋਣ ਮਸ਼ੀਨਰੀ ਸੰਬੰਧੀ ਕਈ ਮੁੱਦੇ ਸਨ ਅਤੇ ਉਥੇ ਮਿੱਥ ਕੇ ਹੇਰਾਫੇਰੀ ਕੀਤੀ ਗਈ।

### ਈ ਡੀ ਵੱਲੋਂ ਪੁੱਛਗਿੱਛ ਲਈ ਕੁੰਦਰਾ ਤਲਬ



**ਮੁੰਬਈ** : ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਅਸ਼ਲੀਲ ਫਿਲਮਾਂ ਦੀ ਕਥਿਤ ਵੰਡ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਸ਼ਿਲਪਾ ਸ਼ੈੱਟੀ ਦੇ ਪਤੀ ਤੇ ਕਾਰੋਬਾਰੀ ਰਾਜ ਕੁੰਦਰਾ ਨੂੰ 2 ਦਸੰਬਰ ਜਾਂ ਹਫਤੇ ਦੇ ਕਿਸੇ ਹੋਰ ਦਿਨ ਜਾਂਚ ਅਧਿਕਾਰੀ ਸਾਹਮਣੇ ਪੇਸ਼ ਹੋਣ ਲਈ ਕਿਹਾ ਹੈ। ਸੂਤਰਾਂ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਦੇ ਕੁਸ਼ੀਨਗਰ ਦੇ ਇੱਕ ਵਪਾਰੀ ਸਮੇਤ ਇਸ ਮਾਮਲੇ 'ਚ ਸ਼ਾਮਲ ਕੁਝ ਹੋਰਾਂ ਨੂੰ ਵੀ ਸੰਮਨ ਭੇਜਿਆ ਗਿਆ ਹੈ। ਕੇਂਦਰੀ ਏਜੰਸੀ ਨੇ 29 ਦਸੰਬਰ ਨੂੰ ਮੁੰਬਈ ਅਤੇ ਉੱਤਰ ਪ੍ਰਦੇਸ਼ ਦੇ ਕੁਝ ਸ਼ਹਿਰਾਂ 'ਚ ਛਾਪੇਮਾਰੀ ਕੀਤੀ ਸੀ। ਇਨ੍ਹਾਂ ਛਾਪਿਆਂ ਤੋਂ ਬਾਅਦ ਰਾਜ ਕੁੰਦਰਾ ਨੇ ਕਿਹਾ ਸੀ ਕਿ ਉਹ ਪਿਛਲੇ ਚਾਰ ਸਾਲਾਂ ਤੋਂ ਜਾਂਚ ਵਿਚ ਪੂਰਾ ਸਹਿਯੋਗ ਕਰ ਰਿਹਾ ਹੈ।

## 1947 ਵਰਗੇ ਹਾਲਾਤ ਬਣਾਏ ਜਾ ਰਹੇ : ਮਹਿਬੂਬਾ ਮੁਫਤੀ



**ਜੰਮੂ** : ਪੀਪਲਜ਼ ਡੈਮੋਕਰੇਟਿਕ ਪਾਰਟੀ ਦੀ ਪ੍ਰਧਾਨ ਤੇ ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਐਤਵਾਰ ਦੇਸ਼ ਦੇ ਬਹੁਗਿਣਤੀ ਹਿੰਦੂਆਂ ਨੂੰ ਸੈਕੂਲਰ ਦੱਸਦਿਆਂ ਲੋਕਾਂ ਨੂੰ ਧਾਰਮਕ ਲੀਹਾਂ 'ਤੇ ਵੰਡਣ ਦੀ ਕੋਸ਼ਿਸ਼ ਕਰਨ ਵਾਲੀਆਂ ਤਾਕਤਾਂ ਖਿਲਾਫ ਮੁਤਹਿਦਾ ਲੜਾਈ ਦਾ ਸੱਦਾ ਦਿੱਤਾ। ਉਨ੍ਹਾ ਖਬਰਦਾਰ ਕੀਤਾ ਕਿ ਜੋ ਹੋ ਰਿਹਾ ਹੈ, ਉਸਤੋਂ ਹਾਲਾਤ 1947 ਦੇ ਫਸਾਦਾਂ ਵਰਗੇ ਬਣਦੇ ਦਿੱਸ ਰਹੇ ਹਨ। ਉਨ੍ਹਾ ਕਿਹਾ—ਦੇਸ਼ ਦੀ ਸਥਿਤੀ ਚੰਗੀ ਨਹੀਂ। ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ, ਮੌਲਾਨਾ ਅਬਦੁੱਲ ਕਲਾਮ ਆਜ਼ਾਦ, ਸਰਦਾਰ ਵੱਲਭਭਾਈ ਪਟੇਲ, ਬੀ ਆਰ ਅੰਬੇਡਕਰ ਵਰਗੇ ਆਗੂਆਂ ਨੇ ਇਸ ਦੇਸ਼ ਨੂੰ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਤੇ ਈਸਾਈਆਂ ਦਾ ਬਣਾਇਆ। ਗਾਂਧੀ ਨੇ ਤਾਂ ਜਾਨ ਵੀ ਕੁਰਬਾਨ ਕਰ ਦਿੱਤੀ। ਹੁਣ ਲੋਕਾਂ ਨੂੰ ਇਕ-ਦੂਜੇ ਖਿਲਾਫ ਭੜਕਾਇਆ ਜਾ ਰਿਹਾ ਹੈ ਅਤੇ ਮੈਨੂੰ ਡਰ ਲੱਗ ਰਿਹਾ ਹੈ ਕਿ 1947 ਵਰਗੀ ਸਥਿਤੀ ਵੱਲ ਧੱਕਿਆ ਜਾ ਰਿਹਾ ਹੈ। ਉਨ੍ਹਾ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਭਾਜਪਾ 'ਤੇ ਹਮਲਾ ਬੋਲਦਿਆਂ ਕਿਹਾ ਕਿ ਇਸਦੀ ਸਰਕਾਰ ਨੌਕਰੀਆਂ, ਸਿੱਖਿਆ, ਚੰਗੇ ਹਸਪਤਾਲ ਤੇ ਸੜਕਾਂ ਦੇਣ ਵਿੱਚ ਨਾਕਾਮ ਰਹੀ ਹੈ ਤੇ ਹੁਣ ਹੇਠਾਂ ਮੰਦਰ ਹੋਣ ਦੇ ਬਹਾਨੇ ਮਸਜਿਦਾਂ ਨੂੰ ਨਿਸ਼ਾਨਾ ਬਣਾ ਕੇ ਲੋਕਾਂ ਦਾ ਧਿਆਨ ਭਟਕਾ ਰਹੀ ਹੈ। ਉਨ੍ਹਾ ਕਿਹਾ—ਬੰਗਲਾਦੇਸ਼ ਵਿੱਚ ਸਾਡੇ ਹਿੰਦੂ ਭਰਾਵਾਂ 'ਤੇ ਜ਼ੁਲਮ ਹੋ ਰਿਹਾ ਹੈ ਪਰ ਜੇ ਅਸੀਂ ਇੱਥੇ ਘੱਟਗਿਣਤੀਆਂ ਨਾਲ ਉਹੀ ਸਲੂਕ ਕਰਾਂਗੇ ਤਾਂ ਫਿਰ ਫਰਕ ਕੀ ਰਿਹਾ?

## ਦਿੱਲੀ ਵੱਲ ਰੋਜ਼ਾਨਾ ਪੈਦਲ ਜਥੇ ਜਾਣਗੇ : ਪੰਧੇਰ

**ਚੰਡੀਗੜ੍ਹ** : ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਐਤਵਾਰ ਕਿਹਾ ਕਿ ਉਨ੍ਹਾਂ ਦੇ ਆਗੂਆਂ ਦੀ ਅਗਵਾਈ 'ਚ ਕਿਸਾਨਾਂ ਦਾ ਜਥਾ ਛੇ ਦਸੰਬਰ ਨੂੰ ਪੈਦਲ ਹੀ ਦਿੱਲੀ ਵੱਲ ਮਾਰਚ ਕਰੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਧੇਰ ਨੇ ਕਿਹਾ ਕਿ ਦਿੱਲੀ ਵੱਲ ਮਾਰਚ ਕਰਨ ਵਾਲੇ ਪਹਿਲੇ ਜਥੇ ਦੀ ਅਗਵਾਈ ਸਤਨਾਮ ਸਿੰਘ ਪਨੂੰ, ਸੁਰਿੰਦਰ ਸਿੰਘ ਚੌਟਾਲਾ, ਸੁਰਜੀਤ ਸਿੰਘ ਫੂਲ ਅਤੇ ਬਲਜਿੰਦਰ ਸਿੰਘ ਕਰਨਗੇ। ਇਹ ਜਥਾ ਸ਼ਾਂਤੀਪੂਰਵਕ ਦਿੱਲੀ ਵੱਲ ਰਵਾਨਾ ਹੋਵੇਗਾ। ਇਹ ਜਥਾ ਅੰਬਾਲਾ ਦੇ ਜੱਗੀ ਸਿਟੀ ਸੈਂਟਰ, ਮੋਹੜਾ ਅਨਾਜ ਮੰਡੀ, ਖਾਨਪੁਰ ਜੱਟਾਂ ਅਤੇ ਹਰਿਆਣਾ ਦੇ ਪਿੱਪਲੀ ਵਿਚ ਰੁਕੇਗਾ।

ਪੰਧੇਰ ਨੇ ਕਿਹਾ ਕਿ ਕਿਸਾਨ ਹਰ ਰੋਜ਼ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਪੈਦਲ ਜਾਣਗੇ ਅਤੇ ਰਾਤਾਂ ਸੜਕ 'ਤੇ ਬਿਤਾਉਣਗੇ। ਪਹਿਲੇ ਜੱਥੇ ਵਿੱਚ ਕਿਸਾਨਾਂ ਦੀ ਗਿਣਤੀ ਬਾਅਦ 'ਚ ਸਾਂਝੀ ਕੀਤੀ ਜਾਵੇਗੀ।

## ਟੋਰਾਂਟੋ 'ਚ ਖਾਲਿਸਤਾਨੀਆਂ ਦੇ ਮੰਦਰ ਨੇੜੇ ਬਹੁੜਨ 'ਤੇ ਰੋਕ

**ਟੋਰਾਂਟੋ** : ਸਥਾਨਕ ਅਦਾਲਤ ਨੇ ਇੱਥੋਂ ਦੇ ਲਕਸ਼ਮੀ ਨਰਾਇਣ ਮੰਦਰ ਕੰਪਲੈਕਸ ਦੇ ਸੌ ਮੀਟਰ ਦੇ ਦਾਇਰੇ ਵਿਚ ਖਾਲਿਸਤਾਨੀ ਪ੍ਰਦਰਸ਼ਨਕਾਰੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾ ਦਿੱਤੀ ਹੈ। ਇਸ ਸੰਬੰਧੀ ਜਾਣਕਾਰੀ ਲਕਸ਼ਮੀ ਨਰਾਇਣ ਮੰਦਰ ਹਿੰਦੂ ਕਲਚਰਲ ਸੁਸਾਇਟੀ ਸਕਾਰਬਰੋ ਨੇ ਦਿੱਤੀ ਹੈ। ਇਸ ਸੁਸਾਇਟੀ ਨੇ ਟੋਰਾਂਟੋ ਪੁਲਸ ਦਾ ਮੰਦਰ ਵਿਚ ਲਗਾਏ ਗਏ ਇੰਡੀਅਨ ਕੌਂਸਲਰ ਕੈਂਪ ਦੇ ਸਹਿਯੋਗ ਲਈ ਧੰਨਵਾਦ ਵੀ ਕੀਤਾ ਹੈ। ਸੁਸਾਇਟੀ ਨੇ ਕਿਹਾ ਕਿ ਇਹ ਹੁਕਮ 30 ਨਵੰਬਰ ਤੋਂ ਲਾਗੂ ਹੋ ਗਏ ਹਨ ਤੇ ਅਦਾਲਤ ਨੇ ਇੱਥੇ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਕਿਸੇ ਪ੍ਰਦਰਸ਼ਨ 'ਤੇ ਖਾਲਿਸਤਾਨੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾ ਦਿੱਤੀ ਹੈ। ਇਸ ਫੈਸਲੇ ਨਾਲ ਹਿੰਦੂ ਭਾਈਚਾਰੇ ਵਿਚ ਸੁਰੱਖਿਅਤ ਮਾਹੌਲ ਯਕੀਨੀ ਬਣਾਇਆ ਜਾਵੇਗਾ। ਨਵੰਬਰ ਦੇ ਸ਼ੁਰੂ ਵਿਚ ਬਰੈਂਪਟਨ ਦੇ ਹਿੰਦੂ ਸਭਾ ਮੰਦਰ 'ਚ ਖਾਲਿਸਤਾਨੀ ਝੰਡਿਆਂ ਵਾਲੇ ਪ੍ਰਦਰਸ਼ਨਕਾਰੀਆਂ ਅਤੇ ਲੋਕਾਂ ਵਿਚਕਾਰ ਝੜਪਾਂ ਹੋ ਗਈਆਂ ਸਨ। ਇਸ ਤੋਂ ਬਾਅਦ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਹਿੰਦੂ ਸਭਾ ਮੰਦਰ 'ਤੇ ਹਿੰਸਾ ਦੀ ਨਿੰਦਾ ਕਰਦਿਆਂ ਕੈਨੇਡੀਅਨ ਸਰਕਾਰ ਨੂੰ ਹਮਲਿਆਂ ਤੋਂ ਧਾਰਮਿਕ ਸਥਾਨਾਂ ਦੀ ਰੱਖਿਆ ਕਰਨ ਅਤੇ ਜ਼ਿੰਮੇਵਾਰ ਲੋਕਾਂ 'ਤੇ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਸੀ। ਜੈਸਵਾਲ ਨੇ ਕਿਹਾ ਸੀ ਕਿ ਭਾਰਤ ਕੈਨੇਡਾ 'ਚ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਡੂੰਘਾ ਚਿੰਤਤ ਹੈ।

## ਤਿੰਨ ਤੋਂ ਘੱਟ ਨਿਆਣਿਆਂ ਬਿਨਾਂ ਨਹੀਂ ਸਰਨਾ : ਮੋਹਨ ਭਾਗਵਤ



**ਨਾਗਪੁਰ** : ਆਰ ਐੱਸ ਐੱਸ ਮੁਖੀ ਡਾ. ਮੋਹਨ ਭਾਗਵਤ ਨੇ ਇੱਥੇ ਇੱਕ ਪ੍ਰੋਗਰਾਮ ਦੌਰਾਨ ਵਕਾਲਤ ਕੀਤੀ ਕਿ ਇਕ ਪਰਿਵਾਰ 'ਚ ਘੱਟੋ-ਘੱਟ ਤਿੰਨ ਬੱਚੇ ਹੋਣੇ ਚਾਹੀਦੇ ਹਨ। ਇਸਦੇ ਲਈ ਉਸਨੇ ਲੋਕਸੰਖਿਆ ਸ਼ਾਸਤਰ ਦਾ ਹਵਾਲਾ ਦਿੱਤਾ।

ਉਸਨੇ ਕਿਹਾ—ਜਨਸੰਖਿਆ 'ਚ ਗਿਰਾਵਟ ਚਿੰਤਾ ਦਾ ਵਿਸ਼ਾ ਹੈ। ਆਧੁਨਿਕ ਆਬਾਦੀ ਵਿਗਿਆਨ ਕਹਿੰਦਾ ਹੈ ਕਿ ਜਦੋਂ ਕਿਸੇ ਸਮਾਜ ਦੀ ਪ੍ਰਜਣਨ ਦਰ 2.1 ਤੋਂ ਘੱਟ ਜਾਂਦੀ ਹੈ, ਤਾਂ ਉਹ ਸਮਾਜ ਧਰਤੀ ਤੋਂ ਅਲੋਪ ਹੋ ਜਾਂਦਾ ਹੈ। ਇਸ ਤਰ੍ਹਾਂ ਕਈ ਭਾਸ਼ਾਵਾਂ ਅਤੇ ਸਮਾਜ ਤਬਾਹ ਹੋ ਗਏ। ਪ੍ਰਜਣਨ ਦਰ 2.1 ਤੋਂ ਘੱਟ ਨਹੀਂ ਹੋਣੀ ਚਾਹੀਦੀ। ਸਾਡੇ ਦੇਸ਼ ਦੀ ਆਬਾਦੀ ਨੀਤੀ 1998 ਜਾਂ 2002 'ਚ ਤੈਅ ਕੀਤੀ ਗਈ ਸੀ। ਇਸ ਵਿਚ ਇਹ ਕਿਹਾ ਗਿਆ ਹੈ ਕਿ ਕਿਸੇ ਵੀ ਸਮਾਜ ਦੀ ਆਬਾਦੀ 2.1 ਫੀਸਦੀ ਤੋਂ ਘੱਟ ਨਹੀਂ ਹੋਣੀ ਚਾਹੀਦੀ। ਸਾਨੂੰ ਦੋ ਜਾਂ ਤਿੰਨ ਤੋਂ ਵੱਧ ਬੱਚੇ ਪੈਦਾ ਕਰਨ ਦੀ ਲੋੜ ਹੈ, ਕਿਉਂਕਿ ਸਮਾਜ ਨੂੰ ਜੀਵਤ ਰੱਖਣਾ ਹੈ।

ਹਿੰਦੂਆਂ ਦੇ ਇਕ ਵਰਗ ਦਾ ਕਹਿਣਾ ਹੈ ਕਿ ਭਾਰਤ 'ਚ ਮੁਸਲਮਾਨਾਂ ਦੀ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ, ਜਦਕਿ ਹਿੰਦੂ ਘੱਟ ਬੱਚੇ ਪੈਦਾ ਕਰ ਰਹੇ ਹਨ। ਇਸ ਤਰ੍ਹਾਂ ਹਿੰਦੂ ਖਤਰੇ 'ਚ ਹਨ ਅਤੇ ਉਨ੍ਹਾਂ ਨੂੰ ਹੋਰ ਬੱਚੇ ਪੈਦਾ ਕਰਨੇ ਚਾਹੀਦੇ ਹਨ।

## ਜਾਂਚ ਕਮਿਸ਼ਨ ਵੱਲੋਂ ਸੰਭਲ ਦਾ ਦੌਰਾ

**ਸੰਭਲ (ਯੂ ਪੀ)** : ਇੱਥੋਂ ਦੀ ਮੁਗਲ ਕਾਲ ਦੀ ਜਾਮਾ ਮਸਜਿਦ ਦੇ ਸਰਵੇਖਣ ਦੌਰਾਨ ਹਿੰਸਾ ਦੇ ਮਾਮਲੇ ਦੀ ਜਾਂਚ ਕਰਨ ਲਈ ਐਤਵਾਰ ਤਿੰਨ ਮੈਂਬਰੀ ਨਿਆਂਇਕ ਕਮਿਸ਼ਨ ਇੱਥੇ ਪਹੁੰਚਿਆ।

ਕਮਿਸ਼ਨ ਮੌਜੂਦਾ ਸਥਿਤੀ ਦੀ ਡੂੰਘਾਈ ਨਾਲ ਸਮੀਖਿਆ ਕਰੇਗਾ ਅਤੇ ਪਥਰਾਅ ਦੀ ਘਟਨਾ ਤੇ ਪੁਲਸ 'ਤੇ ਹਮਲੇ ਦੇ ਪੱਖਾਂ ਨੂੰ ਵੀ ਵਾਚੇਗਾ। ਇਸ ਤੋਂ ਪਹਿਲਾਂ ਸ਼ਨਿੱਚਰਵਾਰ ਕਮਿਸ਼ਨ ਦੇ ਮੈਂਬਰਾਂ ਨੇ ਮੁਰਾਦਾਬਾਦ ਦੇ ਕਮਿਸ਼ਨਰ ਨਾਲ ਮੁਲਾਕਾਤ ਕੀਤੀ ਸੀ।

ਤਿੰਨ ਮੈਂਬਰੀ ਕਮਿਸ਼ਨ ਦੀ ਅਗਵਾਈ ਹਾਈ ਕੋਰਟ ਦੇ ਸੇਵਾਮੁਕਤ ਜੱਜ ਦੇਵੇਂਦਰ ਕੁਮਾਰ ਅਰੋੜਾ ਕਰ ਰਹੇ ਹਨ। ਕਮਿਸ਼ਨ ਨੂੰ ਆਪਣੀ ਰਿਪੋਰਟ ਪੇਸ਼ ਕਰਨ ਲਈ ਦੋ ਮਹੀਨਿਆਂ ਦਾ ਸਮਾਂ ਦਿੱਤਾ ਗਿਆ ਹੈ।

## 7 ਮਾਓਵਾਦੀ ਮੁਕਾਬਲੇ 'ਚ ਮਾਰੇ



**ਮੁਲਗੂ** : ਤਿਲੰਗਾਨਾ ਦੇ ਜ਼ਿਲ੍ਹਾ ਮੁਲਗੂ ਦੇ ਐਟਰੁਨਾਗਰਮ ਜੰਗਲੀ ਖੇਤਰ ਵਿਚ ਪੁਲਸ ਮੁਕਾਬਲੇ ਵਿਚ 7 ਮਾਓਵਾਦੀ ਮਾਰੇ ਗਏ।

ਪੁਲਸ ਨੇ ਦੱਸਿਆ ਕਿ ਇਹ ਮੁਕਾਬਲਾ ਤਿਲੰਗਾਨਾ ਪੁਲਸ ਦੀ ਟਾਸਕ ਫੋਰਸ ਦੀ ਤਲਾਸ਼ੀ ਮੁਹਿੰਮ ਦੌਰਾਨ ਹੋਇਆ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਮੁਕਾਬਲੇ ਵਿਚ 7 ਮਾਓਵਾਦੀ ਮਾਰੇ ਗਏ। ਸੁਰੱਖਿਆ ਬਲਾਂ ਨੇ ਦੋ ਏ ਕੇ 47 ਰਾਈਫਲਾਂ ਤੇ ਹੋਰ ਗੋਲੀ ਸਿੱਕਾ ਬਰਾਮਦ ਕੀਤਾ ਹੈ।

ਮਾਰੇ ਜਾਣ ਵਾਲਿਆਂ 'ਚ ਪਾਬੰਦੀਸ਼ੁਦਾ ਸੀ ਪੀ ਆਈ (ਮਾਓਵਾਦੀ) ਦੀ ਤਿਲੰਗਾਨਾ ਸਟੇਟ ਕਮੇਟੀ (ਯੇਲਾਂਦੂ ਨਰਸੰਪੇਟ) ਦਾ ਸਕੱਤਰ ਕੁਰਸਮ ਮੰਗੂ ਉਰਫ ਭਾਦਰੂ ਵੀ ਸ਼ਾਮਲ ਹੈ।

## ਜੈ ਸ਼ਾਹ ਨੇ ਚੇਅਰਮੈਨੀ ਸੰਭਾਲੀ



**ਦੁਬਈ** : ਬੀ ਸੀ ਸੀ ਆਈ ਦੇ ਸਾਬਕਾ ਸਕੱਤਰ ਜੈ ਸ਼ਾਹ ਨੇ ਕੌਮਾਂਤਰੀ ਕ੍ਰਿਕਟ ਕੌਂਸਲ ਦੇ ਚੇਅਰਮੈਨ ਦਾ ਅਹੁਦਾ ਐਤਵਾਰ ਸੰਭਾਲ ਲਿਆ। ਉਹ ਇਸ ਵਕਾਰੀ ਵਿਸ਼ਵ ਸੰਸਥਾ ਦੇ ਪੰਜਵੇਂ ਭਾਰਤੀ ਮੁਖੀ ਬਣੇ ਹਨ। ਕੇਂਦਰੀ ਮੰਤਰੀ ਅਮਿਤ ਸ਼ਾਹ ਦੇ 36 ਸਾਲਾ ਬੇਟੇ ਜੈ ਸ਼ਾਹ ਪੰਜ ਸਾਲ ਬੀ ਸੀ ਸੀ ਆਈ ਦੇ ਸਕੱਤਰ ਰਹੇ।

ਜੈ ਸ਼ਾਹ ਤੋਂ ਪਹਿਲਾਂ ਮਰਹੂਮ ਕਾਰੋਬਾਰੀ ਜਗਮੋਹਨ ਡਾਲਮੀਆ, ਸਿਆਸਤਦਾਨ ਸ਼ਰਦ ਪਵਾਰ, ਵਕੀਲ ਸ਼ਸ਼ਾਂਕ ਮਨੋਹਰ ਅਤੇ ਉਦਯੋਗਪਤੀ ਐਨ ਸ੍ਰੀਨਿਵਾਸਨ ਆਈ ਸੀ ਸੀ ਦੇ ਮੁਖੀ ਰਹਿ ਚੁੱਕੇ ਹਨ।



### ਰੰਗਦਾਰ ਵਿਸ਼ੇਸ਼ ਸਪਲੀਮੈਂਟ



ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 68ਵੇਂ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ **ਮਾਨਸਾ** ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਆਤਮਾ ਸਿੰਘ ਪਮਾਰ** ਨਾਲ ਮੋਬਾਇਲ ਨੰਬਰ 89680-56200 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ


## ਸੋਨੀਆ ਨੇ ਇੱਕ ਘੰਟਾ ਫੋਨ ਹੋਲਡ ਕਰਾ ਕੇ ਵੀ ਗੱਲ ਨਹੀਂ ਕੀਤੀ : ਨਜ਼ਮਾ ਹੈਪਤੁੱਲਾ



**ਨਵੀਂ ਦਿੱਲੀ** : ਇੰਟਰ-ਪਾਰਲੀਮੈਂਟਰੀ ਯੂਨੀਅਨ (ਆਈ ਪੀ ਯੂ) ਦੀ 1999 ਵਿਚ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਨਜ਼ਮਾ ਹੈਪਤੁੱਲਾ ਨੇ ਬਰਲਿਨ ਤੋਂ ਤੱਤਕਾਲੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਇਹ ਖਬਰ ਦੱਸਣ ਲਈ ਫੋਨ ਕੀਤਾ ਕਿ ਉਹ ਇਸ ਯੂਨੀਅਨ ਦੀ ਪ੍ਰਧਾਨ ਬਣ ਗਈ ਹੈ, ਪਰ ਨਜ਼ਮਾ ਨੂੰ ਸੋਨੀਆ ਗਾਂਧੀ ਨਾਲ ਗੱਲ ਕਰਨ ਲਈ ਇੱਕ ਘੰਟਾ ਉਡੀਕ ਕਰਨੀ ਪਈ ਅਤੇ ਉਡੀਕ ਦੇ ਬਾਵਜੂਦ ਸੋਨੀਆ ਗਾਂਧੀ ਨੇ ਉਸ ਨਾਲ ਗੱਲ ਨਾ ਕੀਤੀ।

ਰਾਜ ਸਭਾ ਦੀ ਸਾਬਕਾ ਡਿਪਟੀ ਚੇਅਰਪਰਸਨ ਹੈਪਤੁੱਲਾ ਨੇ ਸੋਨੀਆ ਗਾਂਧੀ ਨਾਲ ਮੱਤਭੇਦਾਂ ਦੀਆਂ ਖਬਰਾਂ ਆਉਣ ਤੋਂ ਬਾਅਦ ਕਾਂਗਰਸ ਛੱਡ ਦਿੱਤੀ ਸੀ ਅਤੇ 2004 'ਚ ਭਾਜਪਾ 'ਚ ਸ਼ਾਮਲ ਹੋ ਗਈ ਸੀ। ਉਸ ਨੇ ਆਪਣੀ ਹੁਣੇ ਰਿਲੀਜ਼ ਹੋਈ ਸਵੈ-ਜੀਵਨੀ 'ਇਨ ਪਰਸਿਊਟ ਆਫ ਡੈਮੋਕਰੇਸੀ : ਬਿਓਂਡ ਪਾਰਟੀ ਲਾਈਨਜ਼' ਵਿੱਚ ਇਸ ਘਟਨਾ ਦਾ ਜ਼ਿਕਰ ਕੀਤਾ ਹੈ।

ਹੈਪਤੁੱਲਾ ਦਾ ਕਹਿਣਾ ਹੈ ਕਿ ਆਈ ਪੀ ਯੂ ਦੀ ਪ੍ਰਧਾਨਗੀ ਮਿਲਣਾ ਇਤਿਹਾਸਕ ਪਲ ਸੀ, ਜੋ ਭਾਰਤੀ ਸੰਸਦ ਤੋਂ ਵਿਸ਼ਵ ਸੰਸਦੀ ਪੜਾਅ ਤੱਕ ਉਸ ਦੀ ਯਾਤਰਾ ਦੇ ਸਿਖਰ ਨੂੰ ਦਰਸਾਉਂਦਾ ਹੈ। ਉਸ ਨੇ ਲਿਖਿਆ ਹੈ—ਮੈਂ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਟੈਲੀਫੋਨ ਕੀਤਾ ਅਤੇ ਉਨ੍ਹਾ ਨੇ ਤੁਰੰਤ ਮੇਰੇ ਫੋਨ ਦਾ ਜਵਾਬ ਦਿੱਤਾ। ਇਹ ਸਨਮਾਨ ਵੱਡਾ ਸੀ, ਕਿਉਂਕਿ ਇਹ ਸਨਮਾਨ ਭਾਰਤ ਦੇ ਹਿੱਸੇ ਆਇਆ ਸੀ ਅਤੇ ਦੂਜਾ ਇਹ ਇੱਕ ਭਾਰਤੀ ਮੁਸਲਮਾਨ ਔਰਤ ਨੂੰ ਮਿਲਿਆ ਸੀ। ਵਾਜਪਾਈ ਨੇ ਕਿਹਾ ਕਿ ਤੁਸੀਂ ਵਾਪਸ ਆ ਜਾਓ, ਅਸੀਂ ਜਸ਼ਨ ਮਨਾਵਾਂਗੇ।

ਇਸ ਤੋਂ ਬਾਅਦ ਮੈਂ ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ ਫੋਨ ਕੀਤਾ ਤਾਂ ਉਸ ਦੇ ਸਟਾਫ ਵਿੱਚੋਂ ਇੱਕ ਨੇ ਕਿਹਾ ਕਿ ਮੈਡਮ ਬਿਜ਼ੀ ਹਨ, ਪਰ ਜਦੋਂ ਉਸ ਨੇ ਕਿਹਾ ਕਿ ਉਹ ਬਰਲਿਨ ਤੋਂ ਕੌਮਾਂਤਰੀ ਕਾਲ ਕਰ ਰਹੀ ਹੈ ਤਾਂ ਉਨ੍ਹਾਂ ਸਿਰਫ ਇੰਨਾ ਹੀ ਕਿਹਾ ਕਿ ਤੁਸੀਂ ਹੋਲਡ ਕਰੋ, ਇਸ ਤੋਂ ਬਾਅਦ ਉਹ ਪੂਰਾ ਇੱਕ ਘੰਟਾ ਉਡੀਕ ਕਰਦੀ ਰਹੀ ਪਰ ਸੋਨੀਆ ਜੀ ਫੋਨ ਲਾਈਨ 'ਤੇ ਨਾ ਹੀ ਆਏ ਤੇ ਨਾ ਹੀ ਮੇਰੇ ਨਾਲ ਗੱਲ ਕੀਤੀ।

## ਸੀ ਪੀ ਆਈ ਦਾ ਸ਼ਤਾਬਦੀ ਵਰ੍ਹਾ ਜੋਸ਼ੋ-ਖਰੋਸ਼ ਨਾਲ ਮਨਾਉਣ ਦਾ ਫੈਸਲਾ

**ਸ਼ਾਹਕੋਟ (ਗਿਆਨ ਸੈਦਪੁਰੀ)**-ਐਤਵਾਰ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਕਾਰਜਕਾਰਨੀ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 26 ਦਸੰਬਰ ਨੂੰ ਪਾਰਟੀ ਦਫ਼ਤਰ ਵਿਖੇ ਪਾਰਟੀ ਦਾ ਸਥਾਪਨਾ ਦਿਵਸ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਜਾਵੇਗਾ। ਸਾਥੀ ਵੀਰ ਕੁਮਾਰ ਦੀ ਪ੍ਰਧਾਨਗੀ ਵਿੱਚ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਕਾਮਰੇਡ ਰਸ਼ਪਾਲ ਕੈਲੇ ਨੇ ਕਿਹਾ ਕਿ 26 ਦਸੰਬਰ ਨੂੰ ਕਮਿਊਨਿਸਟ ਪਾਰਟੀ ਸੌ ਸਾਲ ਦੀ ਹੋ ਜਾਵੇਗੀ। ਸੌ ਸਾਲਾ ਸ਼ਾਨਦਾਰ ਸਫ਼ਰ ਦੌਰਾਨ ਪਾਰਟੀ ਨੇ ਬਹੁਤ ਸਾਰੀਆਂ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ। ਇਨ੍ਹਾਂ ਪ੍ਰਾਪਤੀਆਂ ਬਾਰੇ ਲੋਕਾਂ ਨੂੰ ਜਾਣਕਾਰੀ ਦੇਣਾ ਤੇ ਭਵਿੱਖ ਵਿੱਚ ਲੋਕਾਂ ਦੀ ਬਿਹਤਰੀ ਲਈ ਕਾਰਜ ਯੋਜਨਾਵਾਂ ਉਲੀਕਣੀਆਂ ਵੀ ਸਥਾਪਨਾ ਸਮਾਗਮਾਂ ਦਾ ਹਿੱਸਾ ਹੋਵੇਗਾ। ਕਾਮਰੇਡ ਕੈਲੇ ਨੇ ਕਿਹਾ ਕਿ ਲੋਕਾਂ ਲਈ ਸਮਰਪਣ ਭਾਵਨਾਵਾਂ ਨਾਲ ਕੰਮ ਕਰਨ ਵਾਲੇ ਕਮਿਊਨਿਸਟ ਆਗੂਆਂ ਤੋਂ ਸੇਧ ਲੈ ਕੇ ਅੱਗੇ ਵਧਣ ਦਾ ਅਹਿਦ



● ਬਾਕੀ ਸਫ਼ਾ 2 'ਤੇ

### ਅੱਜ-ਨਾਮਾ

ਸੀਰੀਆ ਵਿੱਚ ਬਗਾਵਤ ਆ ਨਵੀਂ ਭੜਕੀ,
ਪਿਆ ਈ ਫਿਕਰ ਦੇ ਵਿੱਚ ਸੰਸਾਰ ਮੀਆਂ।
ਪਹਿਲੇ ਹੱਲੇ ਫਿਰ ਵਰਤਿਆ ਕਹਿਰ ਓਥੇ,
ਦਿੱਤੇ ਈ ਲੋਕ ਕਈ ਸੁਣੀਂਦੇ ਮਾਰ ਮੀਆਂ।
ਇਰਾਕ, ਸੀਰੀਆ, ਨਾਲ ਹੀ ਮੁਲਕ ਦੂਜੇ,
ਮਿਲ ਕੇ ਲੱਗੇ ਸਭ ਕਰਨ ਵਿਚਾਰ ਮੀਆਂ।
ਚੜ੍ਹਿਆ ਆਂਵਦਾ ਜਿੱਦਾਂ ਦਾ ਨਵਾਂ ਲਸ਼ਕਰ,
ਪਤਾ ਨਹੀਂ ਦੇਂਵਦਾ ਕੌਣ ਹਥਿਆਰ ਮੀਆਂ।
ਉਬਾਲਾ ਇਹ ਤਾਂ ਪਹਿਲੇ ਤੋਂ ਬਹੁਤ ਵੱਡਾ,
ਹੋ ਗਈ ਮੁਸ਼ਕਲ ਜੇ ਪਾਵਣੀ ਠੱਲ੍ਹ ਮੀਆਂ।
ਮਧੋਲੇ ਪਹਿਲਾਂ ਤੋਂ ਪਏ ਨੇ ਮੁਲਕ ਜਿਹੜੇ,
ਔਖਾ ਈ ਸਕਣਗੇ ਹੱਲਾ ਉਹ ਝੱਲ ਮੀਆਂ।

-ਤੀਸ ਮਾਰ ਖਾਂ

## ਮਾਨ ਵੱਲੋਂ ਨੌਜਵਾਨਾਂ ਨੂੰ ਕਾਮਯਾਬੀ ਤੋਂ ਬਾਅਦ ਵੀ ਡਟੇ ਰਹਿਣ ਦੀ ਤਾਕੀਦ

**ਲੁਧਿਆਣਾ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਾਉਣ ਲਈ ਅਣਥੱਕ ਯਤਨ ਕਰ ਰਹੀ ਹੈ।

ਮੁੱਖ ਮੰਤਰੀ ਨੇ ਇੱਥੇ ਖੇਤੀਬਾੜੀ ਯੂਨੀਵਰਸਿਟੀ ਵਿਖੇ ਅੰਤਰ ਜ਼ੋਨਲ ਯੁਵਕ ਮੇਲੇ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨਾਂ ਵਿੱਚ ਹਰ ਖੇਤਰ ਵਿੱਚ ਮੱਲਾਂ ਮਾਰਨ ਦੇ ਗੁਣ ਹੁੰਦੇ ਹਨ ਅਤੇ ਇਨ੍ਹਾਂ ਦੀਆਂ ਯੋਗਤਾਵਾਂ ਦੀ ਸਹੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਵਿਦਿਆਰਥੀ ਅਤੇ ਨੌਜਵਾਨ ਜਹਾਜ਼ਾਂ ਦੀ ਤਰ੍ਹਾਂ ਹਨ ਅਤੇ ਸੂਬਾ ਸਰਕਾਰ ਉਨ੍ਹਾਂ ਨੂੰ ਜ਼ਿੰਦਗੀ ਵਿਚ ਅੱਗੇ ਵਧਣ ਲਈ ਲਾਂਚਪੈਡ ਮੁਹੱਈਆ ਕਰਵਾਏਗੀ। ਮਾਨ ਨੇ ਸਪੱਸ਼ਟ ਕਿਹਾ ਕਿ ਉਹ ਉਦੋਂ ਤੱਕ ਆਰਾਮ ਨਹੀਂ ਕਰਨਗੇ, ਜਦੋਂ ਤੱਕ ਪੰਜਾਬ ਦੇ ਵਿਦਿਆਰਥੀ ਆਪਣੇ ਮਿੱਥੇ ਟੀਚੇ ਪ੍ਰਾਪਤ ਨਹੀਂ ਕਰ ਲੈਂਦੇ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਨੌਜਵਾਨਾਂ ਦੇ ਵਿਚਾਰਾਂ ਨੂੰ ਖੰਭ ਦੇਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਉਨ੍ਹਾ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਲਈ ਹਰ ਸੰਭਵ ਯਤਨ ਕਰਨ। ਉਨ੍ਹਾ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਿੱਤ 'ਤੇ ਮਾਣ ਨਾ ਕਰਨ, ਸਗੋਂ ਨਿਮਰਤਾ ਨਾਲ ਕੰਮ ਕਰਨ ਅਤੇ ਹੋਰ ਸਫ਼ਲਤਾ ਲਈ ਸਖ਼ਤ ਮਿਹਨਤ ਕਰਨ।ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਲਈ ਇੱਥੇ ਆਉਣਾ ਬਹੁਤ ਮਾਣ ਵਾਲੀ ਗੱਲ ਹੈ, ਕਿਉਂਕਿ ਉਹ ਅਜਿਹੇ ਯੁਵਕ ਮੇਲਿਆਂ ਦੀ ਪੈਦਾਇਸ਼ ਹਨ। ਆਪਣੇ ਕਾਲਜ ਦੇ ਦਿਨਾਂ ਨੂੰ ਯਾਦ ਕਰਦਿਆਂ ਉਨ੍ਹਾ ਕਿਹਾ ਕਿ ਯੁਵਕ ਮੇਲੇ ਨੌਜਵਾਨਾਂ ਦੀ ਸਮੁੱਚੀ ਸ਼ਖ਼ਸੀਅਤ ਨੂੰ ਨਿਖਾਰਨ ਲਈ ਮੰਚ ਵਜੋਂ ਕੰਮ ਕਰਦੇ ਹਨ। ਇਨ੍ਹਾਂ ਯੁਵਕ ਮੇਲਿਆਂ ਨੇ ਉਨ੍ਹਾ ਨੂੰ ਇੱਕ ਕਲਾਕਾਰ ਵਜੋਂ ਅਤੇ ਹੁਣ ਇੱਕ ਸਿਆਸਤਦਾਨ ਵਜੋਂ ਜ਼ਿੰਦਗੀ ਵਿੱਚ ਸਫ਼ਲ ਹੋਣ ਵਿੱਚ ਮਦਦ ਕੀਤੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਸਰਵਪੱਖੀ ਵਿਕਾਸ ਲਈ ਇਨ੍ਹਾਂ ਪਲੇਟਫਾਰਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਮਾਨ ਨੇ ਕਿਹਾ ਕਿ ਉਨ੍ਹਾ ਖ਼ੁਦ ਵੱਖ-ਵੱਖ ਯੁਵਕ ਮੇਲਿਆਂ ਵਿੱਚ ਪ੍ਰਦਰਸ਼ਨ ਕੀਤਾ ਅਤੇ ਆਪਣੇ ਕਾਲਜ ਲਈ ਟਰਾਫੀਆਂ ਜਿੱਤੀਆਂ ਅਤੇ ਕਿਹਾ ਕਿ ਜਿੱਤਣਾ ਹੀ ਉਨ੍ਹਾਂ ਦਾ ਇੱਕੋ ਇੱਕ ਜਨੂੰਨ ਸੀ ਅਤੇ ਉਹ ਹਮੇਸ਼ਾ ਜਿੱਤਣ ਦੀ ਸਕਾਰਾਤਮਕ ਸੋਚ ਰੱਖਦੇ ਸਨ।



ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਆਪਣਾ ਸਰਵੋਤਮ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਕਿਉਂਕਿ ਅੰਤ ਵਿੱਚ ਪ੍ਰਦਰਸ਼ਨ ਹੀ ਮਾਅਨੇ ਰੱਖਦਾ ਹੈ। ਮਾਨ ਨੇ ਨੌਜਵਾਨਾਂ ਨੂੰ ਜਿੱਤ ਤੋਂ ਬਾਅਦ ਵੀ ਡਟੇ ਰਹਿਣ ਅਤੇ ਸਖ਼ਤ ਮਿਹਨਤ ਵਿੱਚ ਵਿਸ਼ਵਾਸ ਰੱਖਣ ਲਈ ਕਿਹਾ ਕਿਉਂਕਿ ਇਹ ਹੀ ਸਫਲਤਾ ਦੀ ਕੁੰਜੀ ਹੈ। ਉਨ੍ਹਾ ਕਿਹਾ ਕਿ ਇਹ ਯੁਵਕ ਮੇਲੇ ਸਫਲ ਅਤੇ ਚੰਗੇ ਇਨਸਾਨ ਬਣਨ ਦਾ ਮੰਚ ਪ੍ਰਦਾਨ ਕਰਦੇ ਹਨ।

ਉਨ੍ਹਾ ਕਿਹਾ ਕਿ ਹੁਣ ਸਮਾਂ ਆ ਗਿਆ ਹੈ, ਜਦੋਂ ਨੌਜਵਾਨਾਂ ਨੂੰ ਸੂਬੇ ਅਤੇ ਸਮਾਜ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਕਾਰਾਤਮਕ ਯੋਗਦਾਨ ਪਾਉਣਾ ਚਾਹੀਦਾ ਹੈ। ਪੰਜਾਬ ਸਰਕਾਰ ਸੂਬੇ ਦੀ ਭਲਾਈ ਅਤੇ ਤਰੱਕੀ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਤੋਂ ਪਹਿਲੇ ਆਗੂ ਕਦੇ ਵੀ ਅਜਿਹੇ ਸਮਾਗਮਾਂ ਵਿੱਚ ਸ਼ਾਮਲ ਨਹੀਂ ਹੋਏ ਕਿਉਂਕਿ ਉਨ੍ਹਾਂ ਨੂੰ ਨੌਜਵਾਨਾਂ ਦੀ ਭਲਾਈ ਦੀ ਕੋਈ ਪ੍ਰਵਾਹ ਨਹੀਂ ਸੀ। ਉਨ੍ਹਾ ਕਿਹਾ ਕਿ ਉਨ੍ਹਾ ਦੀ ਸਰਕਾਰ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ, ਜਿਸ ਲਈ ਉਹ ਬਿਨਾਂ ਖੁੰਝੇ ਅਜਿਹੇ ਸਮਾਗਮਾਂ ਵਿੱਚ ਸ਼ਾਮਲ ਹੋ ਰਹੇ ਹਨ। ਇਸ ਦੌਰਾਨ ਵਿਦਿਆਰਥੀਆਂ ਦੀ ਮੰਗ 'ਤੇ ਮੁੱਖ ਮੰਤਰੀ ਨੇ ਆਪਣੇ ਕਾਲਜ ਦੇ ਸਾਥੀ ਅਤੇ ਕਲਾਕਾਰ ਕਰਮਜੀਤ ਅਨਮੋਲ ਦੇ ਨਾਲ ਸਟੇਜ ਤੋਂ ਉੱਘੇ ਪੰਜਾਬੀ ਕਵੀ ਸੰਤ ਰਾਮ ਉਦਾਸੀ ਦੁਆਰਾ ਲਿਖੀ ਕਵਿਤਾ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਸੁਣਾ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਕ੍ਰਾਂਤੀਕਾਰੀ ਕਵਿਤਾ ਉਨ੍ਹਾਂ ਦੇ ਦਿਲ ਦੇ ਬਹੁਤ ਨੇੜੇ ਹੈ, ਕਿਉਂਕਿ ਉਹ ਆਪਣੇ ਕਾਲਜ ਦੇ ਦਿਨਾਂ ਦੌਰਾਨ ਵੱਖ-ਵੱਖ ਮੁਕਾਬਲਿਆਂ ਵਿੱਚ ਇਹ ਕਵਿਤਾ ਸੁਣਾਉਂਦੇ ਸਨ ਅਤੇ ਅੱਜ ਉਨ੍ਹਾ ਨੇ ਆਪਣੇ ਕਾਲਜ ਦੇ ਦਿਨਾਂ ਨੂੰ ਚੇਤੇ ਕੀਤਾ ਹੈ। ਆਪਣੀ ਕਿਸਮ ਦੀ ਪਹਿਲੀ ਪੇਸ਼ਕਾਰੀ ਤਹਿਤ ਸਟੇਜ ਤੋਂ ਦੋ ਮਿੰਟ ਤੱਕ ਕਵਿਤਾ ਸੁਣਾ ਕੇ ਭਗਵੰਤ ਸਿੰਘ ਮਾਨ ਨੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ। ਇਸ ਦੌਰਾਨ ਮੌਕੇ 'ਤੇ ਮੌਜੂਦ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰਾਂ ਨੇ ਮੁੱਖ ਮੰਤਰੀ ਦੀ ਇਸ ਦੁਰਲੱਭ ਪੇਸ਼ਕਾਰੀ ਦੀ ਭਰਪੂਰ ਸ਼ਲਾਘਾ ਕੀਤੀ।

CMYK

2-DEC-PAGE-1.qxd 12/1/2024 8:49 PM Page 2



## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਦਸਮੇਸ਼ ਮਿਸ਼ਨ ਸਕੂਲ ਸਨਮਾਨਤ



**ਕੋਟਕਪੂਰਾ (ਰਛਪਾਲ ਭੁੱਲਰ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਵਿਦਿਆਰਥੀਆਂ ਵਿੱਚ ਨੈਤਿਕਤਾ ਦੀ ਪ੍ਰਫੁੱਲਤਾ ਹਿੱਤ ਨੈਤਿਕ ਸਿੱਖਿਆ ਇਮਤਿਹਾਨ ਦਾ ਆਯੋਜਨ ਕੀਤਾ ਗਿਆ।ਇਸ ਇਮਤਿਹਾਨ ਵਿੱਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌ ਦੇ 186 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਤੀਸਰੇ ਦਰਜੇ ਦੀ ਪ੍ਰੀਖਿਆ ਵਿੱਚ ਅਵਜੋਤ ਕੌਰ ਨੇ ਮੈਰਿਟ ਸਥਾਨ ਹਾਸਲ ਕੀਤਾ ਤੇ ਰਮਨਪ੍ਰੀਤ ਕੌਰ ਨੇ ਵਿਸ਼ੇਸ਼ ਸਥਾਨ ਹਾਸਲ ਕੀਤਾ।ਦੂਸਰੇ ਦਰਜੇ ਦੀ ਪ੍ਰੀਖਿਆ ਵਿੱਚ ਸੁਖਵੀਰ ਕੌਰ ਨੇ ਮੈਰਿਟ ਤੇ ਕੋਮਲਪ੍ਰੀਤ ਕੌਰ ਨੇ ਵਿਸ਼ੇਸ਼ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ ਸਟੱਡੀ ਸਰਕਲ ਵੱਲੋਂ ਅੰਤਰ ਸਕੂਲ ਯੁਵਕ ਮੇਲਾ ਵੀ 6 ਨਵੰਬਰ 2024 ਨੂੰ ਜੈਤੋ ਵਿਖੇ ਕਰਵਾਇਆ ਗਿਆ ਸੀ, ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਦਸਤਾਰ ਮੁਕਾਬਲੇ, ਪੇਂਟਿੰਗ ਮੁਕਾਬਲੇ, ਕਵਿਤਾ ਮੁਕਾਬਲੇ, ਕੁਇਜ਼ ਮੁਕਾਬਲੇ ਤੇ ਸੁੰਦਰ ਲਿਖਾਈ ਮੁਕਾਬਲੇ ਵਿੱਚ ਭਾਗ ਲਿਆ ਅਤੇ ਵਿਸ਼ੇਸ਼ ਸਥਾਨ ਹਾਸਲ ਕੀਤੇ ਸਨ।ਸਕੂਲ ਦੀਆਂ ਇਨ੍ਹਾਂ ਪ੍ਰਾਪਤੀਆਂ ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਜ਼ੋਨ ਦੇ ਸਰਕਲ ਇੰਚਾਰਜ ਸ. ਤੇਜ ਸਿੰਘ ਵੱਲੋਂ ਇਸ ਸਕੂਲ ਪਹੁੰਚ ਕੇ ਸਕੂਲ ਨੂੰ ਵਿਸ਼ੇਸ਼ ਸਨਮਾਨਤ ਕੀਤਾ ਗਿਆ।ਸਕੂਲ ਮੈਨੇਜਿੰਗ ਡਾਇਰੈਕਟਰ ਸ. ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ, ਪ੍ਰਿੰਸੀਪਲ ਸੋਮਾ ਦੇਵੀ ਵੱਲੋਂ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਗਈਆਂ।

# ਸਵ. ਅਵਤਾਰ ਸਿੰਘ ਮਾਨ ਨੂੰ ਭਰਪੂਰ ਸ਼ਰਧਾਂਜਲੀਆਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੂਬਾ ਸਕੱਤਰ ਮਨਜੀਤ ਸਿੰਘ ਮਾਨ, ਹਰਚਰਨ ਸਿੰਘ ਮਾਨ ਕੈਨੇਡਾ ਦੇ ਸਤਿਕਾਰਯੋਗ ਪਿਤਾ ਅਤੇ ਅਮਨਪ੍ਰੀਤ ਕੌਰ ਮੌਜੂਦਾ ਕੌਂਸਲਰ ਦੇ ਸਹੁਰਾ ਸਾਹਿਬ ਅਵਤਾਰ ਸਿੰਘ ਮਾਨ ਜੋ ਬੀਤੇ ਦਿਨੀਂ ਸੰਖੇਪ ਬਿਮਾਰੀ ਪਿੱਛੋਂ ਸਦੀਵੀ ਵਿਛੋੜਾ ਦੇ ਗਏ ਸਨ, ਅੱਜ ਅਵਤਾਰ ਸਿੰਘ ਮਾਨ ਦੇ ਗ੍ਰਹਿ ਵਿਖੇ ਉਨ੍ਹਾਂ ਦੀ ਯਾਦ ਵਿੱਚ ਕਰਵਾਏ ਗਏ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਵਿਸ਼ਵਕਰਮਾ ਭਵਨ ਮੋਗਾ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਜਿਸ ਦੌਰਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਭਾਈ ਗੁਰਜਿੰਦਰ ਸਿੰਘ ਦਾ ਰਾਗੀ ਜਥਾ ਅਤੇ ਭਾਈ ਕੁਲਵਿੰਦਰ ਸਿੰਘ ਦੇ ਰਾਗੀ ਜਥੇ ਵੱਲੋਂ ਵੈਰਾਗਮਈ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਸਵ ਅਵਤਾਰ ਸਿੰਘ ਮਾਨ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਵੱਲੋਂ ਹੁਕਮਨਾਮਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਸਾਬਕਾ ਮੰਤਰੀ ਵਿਜੇਇੰਦਰ ਸਿੰਘ, ਕੈਪਟਨ ਸੰਦੀਪ ਸਿੰਘ ਸੰਧੂ, ਸਾਬਕਾ ਵਿਧਾਇਕ ਸੁਰਜੀਤ ਸਿੰਘ ਕਾਕਾ ਲੋਹਗੜ, ਉਪਿੰਦਰ ਸਿੰਘ ਗਿੱਲ ਨੇ ਕਿਹਾ ਕਿ ਅਵਤਾਰ ਸਿੰਘ ਮਾਨ ਸਾਊ ਅਤੇ ਨੇਕ ਸੁਭਾਅ ਦੇ ਨਾਲ ਨਾਲ ਕਿਰਤੀ ਇਨਸਾਨ ਸਨ, ਜਿਨ੍ਹਾਂ ਨੇ ਪੰਜਾਬ, ਬਿਹਾਰ ਤੋਂ ਮੁੜ ਪੰਜਾਬ ਫਿਰ ਕੈਨੇਡਾ ਵਿੱਚ ਜਾ ਕੇ ਆਪਣੀ ਸੱਚੀ ਸੁੱਚੀ ਕਿਰਤ ਰਾਹੀਂ ਆਪਣਾ ਤੇ ਆਪਣੇ ਪਰਵਾਰ ਦਾ ਨਾਂ ਰੋਸ਼ਨ ਕੀਤਾ। ਉਥੇ ਹੀ ਆਪਣੇ ਬੱਚਿਆਂ ਨੂੰ ਵੀ ਉੱਚ ਸਿੱਖਿਆ ਦਿਵਾ ਕੇ ਇਸ ਕਾਬਲ ਬਣਾਇਆ ਕਿ ਉਹ ਸਮਾਜ ਵਿੱਚ ਵਿਚਰ ਸਕਣ।

ਉਨ੍ਹਾਂ ਕਿਹਾ ਕਿ ਅਜਿਹੇ ਇਨਸਾਨ ਵਿਰਲੇ ਹੀ ਹੁੰਦੇ ਹਨ ਜੋ ਜਿੱਥੇ ਆਪਣੇ ਘਰ ਨੂੰ ਸੁਚੱਜੇ ਢੰਗ ਨਾਲ ਚਲਾਉਂਦੇ ਹਨ, ਉਥੇ ਹੀ ਸਮਾਜ ਦੀ ਸੇਵਾ ਵਿੱਚ ਵੀ ਆਪਣਾ ਅਹਿਮ ਯੋਗਦਾਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਮਨਜੀਤ ਸਿੰਘ ਮਾਨ ਦੀ ਸਿਆਸਤ ਵਿੱਚ ਵੀ ਉਨ੍ਹਾਂ ਦਾ ਅਹਿਮ ਯੋਗਦਾਨ ਰਿਹਾ। ਜਿਨ੍ਹਾਂ ਦੀ ਬਦੌਲਤ ਅੱਜ ਮਨਜੀਤ ਸਿੰਘ ਮਾਨ ਦਾ ਇਲਾਕੇ ਵਿੱਚ ਨਾਂ ਹੈ। ਇਸ ਸਮਾਗਮ ਵਿੱਚ ਕਾਂਗਰਸੀ ਆਗੂ ਅੰਮ੍ਰਿਤਾ ਵੜਿੰਗ, ਹਲਕਾ ਮੋਗਾ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ, ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ, ਸਾਬਕਾ ਵਿਧਾਇਕ ਵਿਜੇ ਸਾਥੀ, ਕਾਂਗਰਸ ਹਲਕਾ ਮੋਗਾ ਦੀ ਇੰਚਾਰਜ ਮਾਲਵਿਕਾ ਸੂਦ, ਅਕਾਲੀ ਦਲ ਹਲਕਾ ਧਰਮਕੋਟ ਦੇ ਇੰਚਾਰਜ ਬਰਜਿੰਦਰ ਸਿੰਘ ਬਰਾੜ, ਸੀਨੀਅਰ ਕਾਂਗਰਸੀ ਆਗੂ ਵਿਨੋਦ ਬਾਂਸਲ, ਸੀਨੀਅਰ ਕਾਂਗਰਸੀ ਆਗੂ ਹਰੀ ਸਿੰਘ ਖਾਈ, ਐਡਵੋਕੇਟ ਰਵਿੰਦਰ ਸਿੰਘ ਰਵੀ ਗਰੇਵਾਲ, ਸੀਨੀਅਰ ਕਾਂਗਰਸੀ ਆਗੂ ਜਗਰੂਪ ਸਿੰਘ ਤਖਤੂਪੁਰਾ, ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਡੱਲਾ, ਅਕਾਲੀ ਆਗੂ ਰਾਜਵਿੰਦਰ ਸਿੰਘ ਮਾਹਲਾ, ਸਰਪੰਚ ਗੁਰਵਿੰਦਰ ਸਿੰਘ ਗੁੱਗੂ ਦਾਤਾ, ਸੀਨੀਅਰ ਕਾਂਗਰਸੀ ਆਗੂ ਬੀਬੀ ਜਗਦਰਸ਼ਨ ਕੌਰ ਧਰਮਕੋਟ, ਕਾਂਗਰਸੀ ਆਗੂ ਇੰਦਰਜੀਤ ਸਿੰਘ ਬੀੜ ਚੜਿਕ, ਆਪ ਦੇ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀ ਵਾਲਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਕੁਮਾਰ ਪੀਨਾ, ਸਾਬਕਾ ਕੌਂਸਲਰ ਨਰਿੰਦਰ ਪਾਲ ਸਿੰਘ ਸਿੱਧੂ, ਸਾਬਕਾ ਐਮ.ਪੀ ਕੇਵਲ ਸਿੰਘ ਲੰਢੇਕੇ, ਸਾਬਕਾ ਐਸ.ਪੀ ਮੁਖਤਿਆਰ ਸਿੰਘ, ਮਨਜੀਤ ਸਿੰਘ ਮਿੰਦੀ, ਦਰਸ਼ਨ ਸਿੰਘ ਘੱਲੋਵਾਂ, ਕੌਂਸਲਰ ਮਨਜੀਤ ਸਿੰਘ ਧੰਮੂ, ਕੌਂਸਲ ਕੁਲਵਿੰਦਰ ਸਿੰਘ ਢੱਕੀਆਂ, ਮਨਜੀਤ ਸਿੰਘ ਗਿੱਲ, ਅਵਤਾਰ ਸਿੰਘ ਸੰਧਰ, ਗੁਰਬੀਰ ਸਿੰਘ ਗੋਗ, ਪਰਮਜੀਤ ਸਿੰਘ ਡਾਲਾ, ਸੁਖਵਿੰਦਰ ਸਿੰਘ ਬਰਾੜ, ਡਿਪਟੀ ਮੇਅਰ ਅਸ਼ੋਕ ਧਮੀਜਾ, ਭੋਲਾ ਸਿੰਘ ਬਰਾੜ, ਅਸ਼ਵਨੀ ਕੁਮਾਰ ਮੱਟੂ, ਕੌਂਸਲਰ ਗੋਵਰਧਨ ਪੋਪਲੀ, ਕੌਂਸਲਰ ਦਵਿੰਦਰ ਤਿਵਾੜੀ, ਆਈ.ਐਸ.ਐਫ ਕਾਲਜ ਦੇ ਚੇਅਰਮੈਨ ਪ੍ਰਵੀਨ ਗਰਗ, ਗੁਰਸੇਵਕ ਸਿੰਘ ਚੀਮਾ ਸੀਨੀਅਰ ਆਗੂ, ਅਮਰਜੀਤ ਸਿੰਘ ਅੰਬੀ, ਗੁਰਜੰਟ ਸਿੰਘ ਰਾਮੂੰਵਾਲਾ, ਗੁਰਵਿੰਦਰ ਸਿੰਘ ਦੌਲਤਪੁਰਾ ਤੋਂ ਇਲਾਵਾ ਵੱਖ ਵੱਖ ਰਾਜਸੀ, ਸਮਾਜਿਕ ਤੇ ਧਾਰਮਿਕ ਸ਼ਖ਼ਸੀਅਤਾਂ ਤੋਂ ਇਲਾਵਾ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆ ਤੋਂ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

## ਪੰਜਾਬ 'ਚ ਜਲਦ ਚੱਲੇਗੀ ਬੁਲੇਟ ਟਰੇਨ, ਰੇਲ ਲਾਈਨ ਲਈ ਸਰਵੇਖਣ ਜੰਗੀ ਪੱਧਰ 'ਤੇ ਸ਼ੁਰੂ

### *186 ਪਿੰਡਾਂ ਦੀ ਜ਼ਮੀਨ ਹੋਵੇਗੀ ਐਕੁਆਇਰ, ਕੁਲੈਕਟਰ ਰੇਟ ਤੋਂ ਪੰਜ ਗੁਣਾ ਵੱਧ ਮਿਲੇਗਾ ਰੇਟ*

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਦਿੱਲੀ ਤੋਂ ਅੰਮ੍ਰਿਤਸਰ ਤੱਕ ਚੱਲਣ ਵਾਲੀ ਬੁਲੇਟ ਟਰੇਨ ਲਈ ਕੇਂਦਰ ਸਰਕਾਰ ਪੰਜਾਬ ਤੇ ਹਰਿਆਣਾ ਦੇ ਕਰੀਬ 321 ਪਿੰਡਾਂ ਤੋਂ ਜ਼ਮੀਨ ਐਕੁਆਇਰ ਕਰੇਗੀ।ਟਰੇਨ ਸਰਵੇਖਣ ਜੰਗੀ ਪੱਧਰ 'ਤੇ ਸ਼ੁਰੂ ਹੋ ਗਿਆ ਹੈ।ਇਸ ਹਾਈ ਸਪੀਡ ਰੇਲ ਲਾਈਨ ਲਈ ਸਰਵੇਖਣ ਦਾ ਕੰਮ ਦੋਵਾਂ ਰਾਜਾਂ ਵਿੱਚ ਜੰਗੀ ਪੱਧਰ 'ਤੇ ਚੱਲ ਰਿਹਾ ਹੈ।ਬੁਲੇਟ ਟਰੇਨ ਦਿੱਲੀ ਤੋਂ ਅੰਮ੍ਰਿਤਸਰ ਤੱਕ ਦਾ 465 ਕਿਲੋਮੀਟਰ ਦਾ ਸਫਰ ਸਿਰਫ 2 ਘੰਟਿਆਂ ਵਿੱਚ ਪੂਰਾ ਕਰੇਗੀ।ਦਿੱਲੀ ਤੋਂ ਅੰਮ੍ਰਿਤਸਰ ਵਿਚਕਾਰ ਇਹ ਰੇਲ ਗੱਡੀ ਚੰਡੀਗੜ੍ਹ ਸਮੇਤ 15 ਸਟੇਸ਼ਨਾਂ 'ਤੇ ਰੁਕੇਗੀ।ਇਸ ਬੁਲੇਟ ਟਰੇਨ ਦੀ ਵੱਧ ਤੋਂ ਵੱਧ ਸਪੀਡ 350 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ।ਇਸ ਦੀ ਰਨਿੰਗ ਸਪੀਡ 320 ਕਿਲੋਮੀਟਰ ਪ੍ਰਤੀ ਘੰਟਾ ਤੇ ਔਸਤ ਰਫਤਾਰ 250 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ।ਇਸ ਬੁਲੇਟ ਟਰੇਨ 'ਚ ਕਰੀਬ 750 ਯਾਤਰੀ ਇੱਕ ਵਾਰ 'ਚ ਸਫਰ ਕਰ ਸਕਣਗੇ।ਦਿੱਲੀ, ਹਰਿਆਣਾ ਤੇ ਪੰਜਾਬ ਦੇ ਕੁੱਲ 343 ਪਿੰਡਾਂ ਤੋਂ ਜ਼ਮੀਨ ਐਕੁਆਇਰ ਕੀਤੀ ਜਾਵੇਗੀ।ਪ੍ਰਾਪਤ ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਪੰਜਾਬ ਦੇ ਕੁੱਲ 186 ਪਿੰਡਾਂ ਦੀ ਜ਼ਮੀਨ ਐਕੁਆਇਰ ਕਰੇਗੀ।ਇਸ ਵਿੱਚ ਮੁਹਾਲੀ ਦੇ 39, ਜਲੰਧਰ ਦੇ 49, ਲੁਧਿਆਣਾ ਦੇ 37, ਅੰਮ੍ਰਿਤਸਰ ਦੇ 22, ਫਤਿਹਗੜ੍ਹ ਸਾਹਿਬ ਦੇ 25, ਕਪੂਰਥਲਾ ਦੇ 12 ਤੇ ਤਰਨਤਾਰਨ ਅਤੇ ਰੂਪਨਗਰ ਜ਼ਿਲ੍ਹੇ ਦੇ ਇੱਕ-ਇੱਕ ਪਿੰਡ ਸ਼ਾਮਲ ਹਨ।ਕਿਸਾਨਾਂ ਨੂੰ ਜ਼ਮੀਨ ਲਈ ਹਰੇਕ ਪਿੰਡ ਦੇ ਕੁਲੈਕਟਰ ਰੇਟ ਤੋਂ ਪੰਜ ਗੁਣਾਂ ਵੱਧ ਕੀਮਤ ਦਿੱਤੀ ਜਾਵੇਗੀ।ਇਸ ਸਬੰਧੀ ਕੇਂਦਰੀ ਤੇ ਰੇਲਵੇ ਅਧਿਕਾਰੀਆਂ ਵੱਲੋਂ ਵੱਡੇ ਪੱਧਰ 'ਤੇ ਸਰਵੇਖਣ ਕੀਤਾ ਜਾ ਰਿਹਾ ਹੈ।

## ਰੱਖੜਾ ਨੇ ਧੀਮਾਨ ਪਰਵਾਰ ਨਾਲ ਕੀਤਾ ਦੁੱਖ ਸਾਂਝਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪ੍ਰੀਤ ਸਿੰਘ ਬੱਲ)**-ਸਾਬਕਾ ਕੈਬਨਿਟ ਮੰਤਰੀ ਪੰਜਾਬ ਸ੍. ਸੁਰਜੀਤ ਸਿੰਘ ਰੱਖੜਾ ਨੇ ਸਮਾਣਾ ਮੈਂਬਰ ਇੰਡਸਟਰੀਜ਼ ਤੇ ਲਾਇਨਜ਼ ਕਲੱਬ ਸਮਾਣਾ ਦੇ ਪ੍ਰਧਾਨ ਮਹਿੰਦਰ ਸਿੰਘ ਧੀਮਾਨ, ਹਰਿੰਦਰ ਸਿੰਘ ਧੀਮਾਨ ਤੇ ਜਤਿੰਦਰ ਸਿੰਘ ਧੀਮਾਨ ਸੈਂਟੀ ਦੇ ਸਤਿਕਾਰਯੋਗ ਪਿਤਾ ਸਵ. ਗੁਰਦਿਆਲ ਸਿੰਘ ਧੀਮਾਨ ਦੇ ਦੇਹਾਂਤ 'ਤੇ ਧੀਮਾਨ ਭਰਾਵਾਂ ਤੇ ਉਨ੍ਹਾਂ ਦੇ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।ਉਨ੍ਹਾ ਕਿਹਾ ਕਿ ਪਰਵਾਰ ਤੇ ਸਕੇ ਸਬੰਧੀਆਂ ਨੂੰ ਬਾਪੂ ਜੀ ਦੇ ਤੁਰ ਜਾਣ ਦਾ ਹਮੇਸ਼ਾ ਹੀ ਘਾਟਾ ਰਹੇਗਾ ਅਤੇ ਇਸ ਘਾਟੇ ਨੂੰ ਕਿਸੇ ਵੀ ਕੀਮਤ 'ਤੇ ਪੂਰਾ ਤਾਂ ਨਹੀਂ ਕੀਤਾ ਜਾ ਸਕਦਾ, ਪਰ ਬਾਪੂ ਜੀ ਦੇ ਚੰਗੇ ਵਿਚਾਰ ਚੰਗਾ ਵਿਵਹਾਰ ਤੇ ਉਨ੍ਹਾਂ ਦੀ ਨੇਕੀ ਹਮੇਸ਼ਾ ਹੀ ਪਰਵਾਰ ਲਈ ਅਸ਼ੀਰਵਾਦ ਦਾ ਕੰਮ ਕਰਦੀ ਰਹੇਗੀ।ਸ੍. ਰੱਖੜਾ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।ਇਸ ਮੌਕੇ ਸਾਬਕਾ ਚੇਅਰਮੈਨ ਅਸ਼ੋਕ ਮੋਦਗਿੱਲ ਤੇ ਸਾਬਕਾ ਕੌਂਸਲਰ ਮਨਜਿੰਦਰ ਸਿੰਘ ਰਾਣਾ ਸੇਖੋਂ ਮੌਜੂਦ ਸਨ।

## ਵਿਧਾਇਕ ਕਾਲਾ ਢਿੱਲੋਂ ਦੀ ਜਿੱਤ ਨੇ ਕਾਂਗਰਸੀਆਂ ਦੇ ਹੌਸਲੇ ਬੁਲੰਦ ਕੀਤੇ : ਮਾਂਗਟ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜ਼ਿਮਨੀ ਚੋਣਾਂ ਵਿੱਚ ਕਾਂਗਰਸ ਦੇ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਕਾਮਯਾਬੀ ਨਾਲ ਜ਼ਿਲ੍ਹਾ ਕਾਂਗਰਸ ਪਾਰਟੀ ਦੇ ਆਗੂਆਂ, ਵਰਕਰਾਂ ਦੇ ਬੁਲੰਦ ਹੋਏ ਹਨ।ਇਹ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਬਰਨਾਲਾ ਦੇ ਮੀਤ ਪ੍ਰਧਾਨ ਜਸਵਿੰਦਰ ਸਿੰਘ ਮਾਂਗਟ ਹਮੀਦੀ ਨੇ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦਾ ਵਿਧਾਇਕ ਚੁਣੇ ਜਾਣ ਨਾਲ ਜ਼ਿਲ੍ਹਾ ਬਰਨਾਲਾ ਨਾਲ ਤਿੰਨ ਵਿਧਾਨ ਸਭਾ ਹਲਕਿਆਂ ਤੋਂ ਇਲਾਵਾ ਆਲੇ ਦੁਆਲੇ ਦੇ ਵਿਧਾਨ ਸਭਾ ਹਲਕੇ ਵੀ ਮਜ਼ਬੂਤ ਸਥਿਤੀ ਵਿੱਚ ਹੋਣਗੇ।ਸਾਰੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਪੰਜਾਬ ਵਿਧਾਨ ਸਭਾ ਵਿੱਚ ਉਠਾਇਆ ਜਾਵੇਗਾ।ਆ ਰਹੀਆਂ ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾਂ ਵਿੱਚ ਵੀ ਕਾਂਗਰਸ ਇਕ ਮਜ਼ਬੂਤ ਧਿਰ ਵਜੋਂ ਅੱਗੇ ਆਉਣ ਤੋਂ ਬਾਅਦ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਰਨਾਲਾ ਦੀਆਂ ਤਿੰਨੇ ਵਿਧਾਨ ਸਭਾ ਹਲਕਿਆਂ ਤੋਂ ਸ਼ਾਨਦਾਰ ਫਤਹਿ ਹਾਸਲ ਕਰੇਗੀ।ਜ਼ਿਲ੍ਹਾ ਮੀਤ ਪ੍ਰਧਾਨ ਮਾਂਗਟ ਨੇ ਪਾਰਟੀ ਦੇ ਸਮੂਹ ਆਗੂਆਂ, ਵਰਕਰਾਂ ਨੂੰ ਕਾਂਗਰਸ ਪਾਰਟੀ ਦੀ ਜਥੇਬੰਦਕ ਤਾਕਤ ਨੂੰ ਹੋਰ ਮਜ਼ਬੂਤ ਬਣਾਉਣ ਲਈ ਇਕਜੁੱਟ ਹੋ ਕੇ ਅੱਗੇ ਆਉਣ ਦੀ ਅਪੀਲ ਕੀਤੀ।ਇਸ ਮੌਕੇ ਆੜ੍ਹਤੀਆ ਹਰਦਿਆਲ ਸਿੰਘ ਮਾਂਗਟ, ਸੂਰਤ ਸਿੰਘ ਬਾਜਵਾ ਆਦਿ ਆਗੂ ਹਾਜ਼ਰ ਸਨ।

## ਪ੍ਰੀਗੈਬਲਿਨ ਦਵਾਈ ਦੀ ਵਿਕਰੀ 'ਤੇ ਮੁਕੰਮਲ ਪਾਬੰਦੀ : ਜ਼ਿਲ੍ਹਾ ਮੈਜਿਸਟ੍ਰੇਟ

**ਬਠਿੰਡਾ (ਪਰਵਿੰਦਰਜੀਤ ਸਿੰਘ)**-ਜ਼ਿਲ੍ਹਾ ਮੈਜਿਸਟ੍ਰੇਟ ਸ਼ੌਕਤ ਅਹਿਮਦ ਪਰੇ ਨੇ ਭਾਰਤੀਆ ਨਾਗਰਿਕ ਸੁਰਕਸ਼ਾ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹੇ ਵਿੱਚ ਪ੍ਰੀਗੈਬਲਿਨ 75 ਐਮ.ਜੀ. ਦੇ ਕੈਪਸੂਲ/ਟੈਬਲੇਟਸ ਦੀ ਵਿਕਰੀ 'ਤੇ ਮੁਕੰਮਲ ਤੌਰ ਪਾਬੰਦੀ ਲਗਾਈ ਹੈ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰਿਸਕ੍ਰਿਪਸ਼ਨ ਸਲਿੱਪ 'ਤੇ ਆਪਣੀ ਮੋਹਰ ਲਗਾਈ ਜਾਵੇਗੀ ਅਤੇ ਦਵਾਈ ਦੇਣ ਦੀ ਮਿਤੀ ਦਰਜ ਕੀਤੀ ਜਾਵੇਗੀ। ਜਾਰੀ ਹੁਕਮ ਅਨੁਸਾਰ ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ਮੈਡੀਕਲ ਸਟੋਰ ਦੇ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਜਾਂ ਕੋਈ ਹੋਰ ਵਿਅਕਤੀ ਪ੍ਰੀਗੈਬਲਿਨ 75 ਮਿਲੀਗ੍ਰਾਮ ਦੀ ਅਸਲ ਪਰਚੀ ਤੋਂ ਬਿਨਾਂ ਨਹੀਂ ਵੇਚੇਗਾ। ਪ੍ਰੀਗੈਬਲਿਨ (75 ਮਿਲੀਗ੍ਰਾਮ ਤੱਕ) ਦੀ ਖਰੀਦ ਅਤੇ ਵਿਕਰੀ ਦਾ ਸਹੀ ਰਿਕਾਰਡ ਰੱਖਣ ਤੋਂ ਇਲਾਵਾ, ਉਹ ਇਨ੍ਹਾਂ ਵੇਰਵਿਆਂ ਕੈਮਿਸਟ/ਰਿਟੇਲਰ ਦਾ ਵਪਾਰਕ ਨਾਂਅ, ਵੰਡਣ ਦੀ ਮਿਤੀ, ਵੰਡੀਆਂ ਗਈਆਂ ਗੋਲੀਆਂ ਦੀ ਸੰਖਿਆ ਵਾਲੀ ਅਸਲ ਪਰਚੀ 'ਤੇ ਮੋਹਰ ਵੀ ਲਗਾਉਣਾ ਯਕੀਨੀ ਬਣਾਉਣਗੇ। ਹੁਕਮ ਅਨੁਸਾਰ ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ਮੈਡੀਕਲ ਸਟੋਰ ਦੇ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਵਾਲੇ ਸਲਿੱਪ ਦੀ ਸਹੀ ਪੜਚੋਲ ਕਰਕੇ ਇਹ ਯਕੀਨੀ ਬਣਾਉਣਗੇ ਕਿ ਪ੍ਰੀਗਾਬਾਲਿਨ ਕੈਪਸੂਲ/ਟੈਬਲੇਟ ਦੀ ਅਸਲ ਸਲਿੱਪ ਦੇ ਵਿਰੁੱਧ ਪਹਿਲਾਂ ਕਿਸੇ ਹੋਰ ਡਰੱਗ ਵਿਕਰੇਤਾ ਦੁਆਰਾ ਉਪਰੋਕਤ ਕੈਪਸੂਲ ਨਹੀਂ ਦਿੱਤਾ ਗਿਆ। ਉਹ ਇਹ ਵੀ ਯਕੀਨੀ ਬਣਾਉਣਗੇ ਕਿ ਦਿੱਤੀਆਂ ਜਾ ਰਹੀਆਂ ਗੋਲੀਆਂ/ਕੈਪਸੂਲ ਦੀ ਗਿਣਤੀ ਸਲਿੱਪ 'ਤੇ ਲਿਖੀ ਮਿਆਦ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ। ਇਹ ਹੁਕਮ 29 ਜਨਵਰੀ 2025 ਤੱਕ ਲਾਗੂ ਰਹੇਗਾ।

## ਗੁਰਮਤਿ ਮੁਕਾਬਲਿਆਂ 'ਚ ਮਾਤਾ ਗੁਜਰੀ ਸਕੂਲ ਨੇ ਜਿੱਤੇ ਇਨਾਮ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਤਿਨਾਮ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਵੱਲੋਂ ਮੋਰਿੰਡਾ ਵਿਖੇ 28 ਨਵੰਬਰ 2024 ਨੂੰ ਸਾਲਾਨਾ ਗੁਰਮਤਿ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਰੋਪੜ ਅਨੰਦਪੁਰ ਸਾਹਿਬ, ਮੋਹਾਲੀ, ਖਰੜ, ਕੁਰਾਲੀ, ਮੋਰਿੰਡਾ, ਪਟਿਆਲਾ, ਫਤਿਹਗੜ੍ਹ ਸਾਹਿਬ ਦੇ 42 ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ।ਇਸ ਵਿੱਚ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁੱਥਮੜਾ ਦੇ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ ਤੇ ਇਨਾਮ ਪ੍ਰਾਪਤ ਕੀਤੇ, ਜਿਸ ਵਿੱਚ ਜੂਨੀਅਰ ਸ਼ਬਦ ਗਾਇਨ ਮੁਕਾਬਲੇ ਵਿੱਚ ਗੁਰਕੀਰਤ ਸਿੰਘ, ਰਣਫਤਿਹ ਸਿੰਘ, ਨਵਦੀਪ ਕੌਰ ਨੇ ਪਹਿਲਾ ਇਨਾਮ ਹਾਸਲ ਕੀਤਾ।ਸੀਨੀਅਰ ਸ਼ਬਦ ਮੁਕਾਬਲੇ ਵਿੱਚ ਹਰਮਨਦੀਪ ਸਿੰਘ ਨਵਨੀਤ ਕੌਰ ਜੈਸਮੀਨ ਗਿੱਲ ਨੇ ਤੀਜਾ ਇਨਾਮ ਹਾਸਲ ਕੀਤਾ।ਸੀਨੀਅਰ ਕਵਿਤਾ ਗਰੁੱਪ ਵਿੱਚ ਕੁੰਵਰਅਜੀਤ ਸਿੰਘ ਨੇ ਦੂਜਾ ਇਨਾਮ ਹਾਸਲ ਕੀਤਾ। ਵਾਰਤਾਲਾਪ ਵਿੱਚ ਹਰਮੀਤ ਕੌਰ, ਅਨਮੋਲਪ੍ਰੀਤ ਕੌਰ, ਰਤਨਦੀਪ ਕੌਰ, ਏਕਮਪ੍ਰੀਤ ਕੌਰ, ਰੂਪਰੀਤ ਕੌਰ ਨੇ ਦੂਜਾ ਇਨਾਮ ਹਾਸਲ ਕੀਤਾ।ਗਤਕਾ ਮੁਕਾਬਲੇ ਵਿੱਚ ਸਕੂਲ ਦੀ ਟੀਮ ਨੇ ਦੂਜਾ ਇਨਾਮ ਪ੍ਰਾਪਤ ਕੀਤਾ।ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਜਿੱਥੇ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਪੜ੍ਹਾਈ ਵਿੱਚ ਮੱਲਾ ਮਾਰ ਰਹੇ ਨੇ ਉਸ ਦੇ ਨਾਲ ਹੀ ਗੁਰਮਤਿ ਮੁਕਾਬਲਿਆਂ ਵਿੱਚ ਵੀ ਬੱਚੇ ਵੱਡੇ ਇਨਾਮ ਹਾਸਲ ਕਰ ਰਹੇ ਹਨ।ਗੁਰਮਤਿ ਮੁਕਾਬਲਿਆਂ ਲਈ ਬੱਚਿਆਂ ਦੀ ਤਿਆਰੀ ਗੁਰਬਾਣੀ ਟੀਚਰ ਮਨਦੀਪ ਕੌਰ, ਨਵਨੀਤ ਕੌਰ ਤੇ ਗੁਰਬਾਜ ਸਿੰਘ ਮਿਊਜ਼ਿਕ ਟੀਚਰ ਵੱਲੋਂ ਕਰਵਾਈ ਗਈ।ਇਸ ਮੌਕੇ ਸਕੂਲ ਦੇ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ ਪ੍ਰੈਜ਼ੀਡੈਂਟ ਮੈਡਮ ਰਵਿੰਦਰ ਕੌਰ, ਪ੍ਰਿੰਸੀਪਲ ਮੈਡਮ ਤਰਨਦੀਪ ਕੌਰ ਅਰੋੜਾ, ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਵਾਲੀਆ ਵੱਲੋਂ ਬੱਚਿਆਂ ਨੂੰ ਸਨਮਾਨਤ ਕੀਤਾ ਤੇ ਵਧਾਈ ਦਿੱਤੀ ਗਈ।

## ਹਰਿਗੋਬਿੰਦ ਪਬਲਿਕ ਸਕੂਲ ਦੇ ਬੱਚਿਆਂ ਗੁਰਮਤਿ ਮੁਕਾਬਲਿਆਂ 'ਚ ਮਾਰੀਆਂ ਮੱਲਾਂ



**ਬਠਿੰਡਾ (ਰਾਜੀਵ ਗੋਇਲ)**-ਹਰਗੋਬਿੰਦ ਪਬਲਿਕ ਸਕੂਲ ਕਾਂਗੜ ਦੇ ਵਿਦਿਆਰਥੀਆਂ ਹਰ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਕੇ ਹਮੇਸ਼ਾ ਹੀ ਅਖਬਾਰਾਂ ਦੀਆਂ ਸੁਰਖੀਆਂ ਵਿੱਚ ਰਹਿੰਦੇ ਹਨ। ਸਤਿਨਾਮ ਸਰਬ ਕਲਿਆਨ ਟਰੱਸਟ ਵੱਲੋਂ ਬਰਨਾਲਾ ਜ਼ੋਨ ਦੇ ਸਾਲਾਨਾ ਗੁਰਮਤਿ ਮੁਕਾਬਲੇ ਟਰੱਸਟ ਦੇ ਮੈਨੇਜਰ ਭਿੰਦਰ ਸਿੰਘ ਲੱਡਾ ਤੇ ਸੁਪਰਵਾਈਜ਼ਰ ਗੁਰਸੇਵਕ ਸਿੰਘ ਛੀਨੀਵਾਲ ਦੀ ਅਗਵਾਈ ਹੇਠ ਗੁਰਦੁਆਰਾ ਸੇਵਾ ਸਿੰਘ ਠੀਕਰੀਵਾਲ ਵਿਖੇ ਕਰਵਾਏ ਗਏ। ਬਰਨਾਲਾ ਜ਼ੋਨ ਵੱਲੋਂ ਕਰਵਾਏ ਗਏ 30 ਸਕੂਲਾਂ ਵਿੱਚੋਂ ਹਰਗੋਬਿੰਦ ਪਬਲਿਕ ਸਕੂਲ ਦੇ ਬੱਚਿਆਂ ਨੇ ਦਸਤਾਰ ਮੁਕਾਬਲੇ ਵਿੱਚੋਂ ਪਹਿਲਾ ਤੇ ਕਵਿੱਜ਼ ਮੁਕਾਬਲੇ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ। ਕਵਿਤਾ, ਭਾਸ਼ਣ, ਕਵਿਸ਼ਰੀ, ਵਾਰਤਾਲਾਪ ਤੇ ਗੁਰਬਾਣੀ ਕੰਠ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਸਕੂਲ ਦੇ ਪ੍ਰਿੰਸੀਪਲ ਸੋਨੂ ਕੁਮਾਰ ਨੇ ਬੱਚਿਆਂ ਦੀ ਸ਼ਲਾਘਾ ਕਰਦਿਆਂ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਤੇ ਗੁਰਮਤਿ ਅਧਿਆਪਕ ਪਲਵਿੰਦਰ ਕੌਰ ਜਲਾਲ ਦੀ ਸਖਤ ਮਿਹਨਤ ਦੀ ਪ੍ਰਸੰਸਾ ਕੀਤੀ। ਇਸ ਮੌਕੇ ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗਗਨਦੀਪ ਕੌਰ, ਜਸਪ੍ਰੀਤ ਕੌਰ, ਗੁਰਪ੍ਰੀਤ ਕੌਰ, ਪਵਨਪ੍ਰੀਤ ਕੌਰ, ਤਰਨਵੀਰ ਕੌਰ, ਕਰੀਤਿਕਾ ਸ਼ਰਮਾ, ਰਣਦੀਪ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ, ਹਰਵਿੰਦਰ ਸਿੰਘ ਆਦਿ ਸ਼ਾਮਲ ਸਨ।

### ਮਾਮਲਾ ਸਿਵਲ ਹਸਪਤਾਲ 'ਚ ਡਾਕਟਰਾਂ ਦੀ ਘਾਟ ਦਾ

# ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਮੰਗਿਆ ਜਵਾਬ

### ■ 12 ਦਸੰਬਰ ਨੂੰ ਹੋਵੇਗੀ ਅਗਲੀ ਸੁਣਵਾਈ




**ਮਲੇਰਕੋਟਲਾ (ਅਸਗਰ ਪਰਿਹਾਰ)**-ਮਾਲੇਰਕੋਟਲਾ ਦੇ ਸਿਵਲ ਹਸਪਤਾਲ 'ਚ ਡਾਕਟਰਾਂ ਦੀ ਘਾਟ ਦਾ ਮਾਮਲਾ ਪਿਛਲੇ ਲੰਬੇਂ ਸਮੇਂ ਤੋਂ ਲਟਕਦਾ ਆ ਰਿਹਾ ਹੈ।ਕਈ ਸਰਕਾਰਾਂ ਆਈਆਂ ਤੇ ਗਈਆਂ, ਪਰ ਇਸ ਹਸਪਤਾਲ 'ਚ ਡਾਕਟਰਾਂ ਦੀ ਪੂਰੀਆਂ ਪੋਸਟਾਂ ਕਦੇ ਵੀ ਨਹੀਂ ਭਰੀਆ ਗਈਆਂ, ਜਿਸ ਕਾਰਨ ਮਜਬੂਰੀਵਸ ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ।ਪਿਛਲੇ ਸਮੇਂ ਦੌਰਾਨ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਾਉਣ ਲਈ ਇਲਾਕਾ ਵਾਸੀਆਂ ਨੇ ਡਾ. ਅਬਦੁਲ ਕਲਾਮ ਅਜ਼ਾਦ ਸੁਸਾਇਟੀ ਦੇ ਬੈਨਰ ਹੇਠ ਇੱਕਠੇ ਹੋ ਕੇ ਲਗਾਤਾਰ ਇੱਕ ਮਹੀਨੇ ਤੋਂ ਵੀ ਵੱਧ ਸਮਾਂ ਧਰਨਾ ਦਿੱਤਾ ਸੀ।ਜਦਕਿ ਮੀਡੀਆ 'ਚ ਵੀ ਕਈ ਵਾਰ ਇਸ ਮੁੱਦੇ ਨੂੰ ਲੈ ਕੇ ਵੱਡੀਆਂ-ਵੱਡੀਆਂ ਖਬਰਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਪਰ ਸਰਕਾਰਾਂ ਤੇ ਸਥਾਨਕ ਪ੍ਰਸ਼ਾਸਨ ਵੱਲੋਂ ਇਸ ਪਾਸੇ ਕਦੇ ਵੀ ਧਿਆਨ ਨਹੀਂ ਦਿੱਤਾ ਗਿਆ।ਆਖਰਕਾਰ ਮਾਲੇਰਕੋਟਲਾ ਹਸਪਤਾਲ ਦਾ ਇਹ ਅਹਿਮ ਮੁੱਦਾ ਹੁਣ ਅਦਾਲਤੀ ਗਲਿਆਰਿਆਂ 'ਚ ਵੀ ਗੂੰਜਣ ਲੱਗਾ ਹੈ।ਪੰਜਾਬ ਐਂਡ ਹਰਿਆਣਾ ਹਾਈਕੋਰਟ ਦੇ ਵਕੀਲ ਐਡਵੋਕੇਟ ਭੀਸ਼ਮ ਕਿੰਗਰ ਵੱਲੋਂ ਮਾਲੇਰਕੋਟਲਾ ਸਿਵਲ ਹਸਪਤਾਲ ਦੇ ਡਾਕਟਰਾਂ ਦੀ ਘਾਟ ਦੇ ਮੁੱਦੇ ਨੂੰ ਲੈ ਕੇ 2 ਦਿਨ ਪਹਿਲਾਂ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ 'ਚ ਦਾਇਰ ਕੀਤੀ ਗਈ ਇੱਕ ਰਿੱਟ ਪਟੀਸ਼ਨ 'ਤੇ ਅੱਜ ਹੋਈ ਪਹਿਲੀ ਸੁਣਵਾਈ ਦੌਰਾਨ ਮਾਨਯੋਗ ਚੀਫ ਜਸਟਿਸ ਤੇ ਜਸਟਿਸ ਅਨਿਲ ਖੇਤਰਪਾਲ ਦੀ ਬੈਂਚ ਨੇ ਪੰਜਾਬ ਸਰਕਾਰ ਨੂੰ ਸਖਤ ਸਵਾਲਾਂ ਦਾ ਸਾਹਮਣਾ ਕਰਵਾਇਆ ਹੈ।ਮਾਣਯੋਗ ਬੈਂਚ ਨੇ ਸਰਕਾਰ ਨੂੰ ਪੁੱਛਿਆ ਕਿ ਜਦੋਂ ਸਿਵਲ ਹਸਪਤਾਲ 'ਚ 17 ਪੋਸਟਾਂ ਹਨ, ਤਾਂ ਸਿਰਫ 2 ਜਾਂ 4 ਡਾਕਟਰਾਂ ਦੀਆਂ ਪੋਸਟਾਂ ਹੀ ਕਿਉਂ ਭਰੀਆਂ ਗਈਆਂ ਹਨ? ਮੌਜੂਦਾ ਸਥਿਤੀ 'ਚ ਵੀ 17 'ਚੋਂ 13 ਦੇ ਕਰੀਬ ਡਾਕਟਰਾਂ ਦੀਆਂ ਪੋਸਟਾਂ ਖਾਲੀ ਪਈਆਂ ਦੱਸੀਆਂ ਜਾਂਦੀਆਂ ਹਨ।

ਰਿੱਟ ਪਟੀਸ਼ਨ ਦਾਇਰ ਕਰਨ ਵਾਲੇ ਐਡਵੋਕੇਟ ਭੀਸ਼ਮ ਕਿੰਗਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਾਲੇਰਕੋਟਲਾ ਜ਼ਿਲ੍ਹੇ 'ਚ ਡਾਕਟਰਾਂ ਦੀ ਭਾਰੀ ਘਾਟ ਦੇ ਚੱਲਦਿਆਂ ਸਿਹਤ ਸਹੂਲਤਾਂ ਦੇ ਨਿਰਾਸ਼ਾਜਨਕ ਹਾਲਤਾਂ 'ਤੇ ਮਾਨਯੋਗ ਹਾਈ ਕੋਰਟ ਨੇ ਗੰਭੀਰ ਨਾਰਾਜ਼ਗੀ ਜਤਾਉਂਦਿਆਂ ਕਿਹਾ ਕਿ ਇਹ ਲੋਕਾਂ ਦੀ ਸਿਹਤ ਨਾਲ ਜੁੜਿਆ ਹੋਇਆ ਮਾਮਲਾ ਹੈ, ਸਰਕਾਰ ਡਾਕਟਰਾਂ ਦੀ ਘਾਟ ਨੂੰ ਪੂਰਾ ਕਰੇ।ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।ਸਰਕਾਰ ਵੱਲੋਂ ਕੋਈ ਸੰਤੋਸ਼ਜਨਕ ਜਵਾਬ ਨਾ ਦੇਣ 'ਤੇ ਸਰਕਾਰੀ ਵਕੀਲ ਨੇ ਦੋ ਹਫਤਿਆਂ ਦਾ ਸਮਾਂ ਮੰਗਿਆ ਹੈ।

ਮਾਨਯੋਗ ਹਾਈਕੋਰਟ ਦੇ ਬੈਂਚ ਨੇ ਸਰਕਾਰ ਨੂੰ ਸਮਾਂ ਦਿੰਦੇ ਹੋਏ ਹੁਕਮ ਦਿੱਤਾ ਹੈ ਕਿ 12 ਦਸੰਬਰ ਨੂੰ ਅਗਲੀ ਸੁਣਵਾਈ ਮੌਕੇ ਇਸ ਸਬੰਧੀ ਜਵਾਬ ਦਾਖਲ ਕੀਤਾ ਜਾਵੇ।ਬੈਂਚ ਨੇ ਇਹ ਵੀ ਪੁੱਛਿਆ ਹੈ ਕਿ ਡਾਕਟਰਾਂ ਦੀ ਘਾਟ ਨਾਲ ਜੂਝਦੇ ਜ਼ਿਲ੍ਹਾ ਮਾਲੇਰਕੋਟਲਾ ਅੰਦਰ ਸਿਹਤ ਸੇਵਾਵਾਂ ਇੰਨੀਆਂ ਕਮਜ਼ੋਰ ਕਿਉਂ ਹਨ?

## ਪਿੰਡਾਂ ਦੇ ਵਿਕਾਸ ਲਈ ਪੰਚਾਇਤਾਂ ਨੂੰ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਵੇਗੀ : ਚੇਅਰਮੈਨ ਜੱਸੀ



**ਨਾਭਾ (ਵਰਿੰਦਰ ਵਰਮਾ)**-ਪਿੰਡਾਂ ਵਿੱਚ ਨਵੀਆਂ ਬਣੀਆਂ ਪੰਚਾਇਤਾਂ ਨੂੰ ਪਿੰਡਾਂ ਦੇ ਵਿਕਾਸ ਕਾਰਜ ਕਰਵਾਉਣ ਲਈ ਸਰਕਾਰ ਵੱਲੋਂ ਬਿਨਾਂ ਕਿਸੇ ਪੱਖਪਾਤ ਤੋਂ ਵੱਡੀਆਂ ਗਰਾਂਟਾਂ ਦਿੱਤੀਆਂ ਜਾਣਗੀਆਂ ਅਤੇ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੀ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਅੱਜ ਨਾਭਾ ਹਲਕੇ ਦੇ ਪਿੰਡ ਉੱਧਾ ਵਿਖੇ ਨਵੀਂ ਬਣੀ ਪੰਚਾਇਤ ਤੇ ਸਰਪੰਚ ਰਜਿੰਦਰ ਸਿੰਘ ਵੱਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ।ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੂਬਾ ਸਰਕਾਰ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਪੂਰੇ ਕਰਾਉਣ ਲਈ ਵਚਨਬੱਧ ਹੈ।ਇਸ ਮੌਕੇ ਚੇਅਰਮੈਨ ਵੱਲੋਂ ਨਵੇਂ ਬਣੇ ਸਰਪੰਚ ਰਾਜਿੰਦਰ ਸਿੰਘ, ਨਰਿੰਦਰ ਸਿੰਘ, ਕੁਲਜੀਤ ਸਿੰਘ, ਬਿਮਲ ਕੌਰ ਤੇ ਮਨਜੀਤ ਕੌਰ ਸਮੇਤ ਸਾਰੇ ਹੀ ਪੰਚਾਇਤ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੇਲ ਸਿੰਘ ਨੰਬਰਦਾਰ, ਸਾਬਕਾ ਸਰਪੰਚ ਹਰਦੀਪ ਸਿੰਘ, ਗੁਰਤੇਜ ਸਿੰਘ, ਰਿਟਾ. ਇੰਸਪੈਕਟਰ ਤੇਜਾ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

## ਕਲਾਲ ਮਾਜਰਾ ਸਕੂਲ 'ਚ ਪਾਣੀ ਦੀ ਸੰਭਾਲ ਬਾਰੇ ਜਾਗਰੂਕਤਾ ਪ੍ਰੋਗਰਾਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲਾਲ ਮਾਜਰਾ ਵਿਖੇ ਪਾਣੀ ਦੀ ਸੰਭਾਲ ਸਬੰਧੀ ਜਾਗਰੂਕ ਪ੍ਰੋਗਰਾਮ ਸਕੂਲ ਦੇ ਇੰਚਾਰਜ ਪ੍ਰਿੰਸੀਪਲ ਅਜੀਤ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਪਾਣੀ ਦੇ ਘਟ ਰਹੇ ਪੱਧਰ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪਾਣੀ ਇਕ ਬਹੁ-ਕੀਮਤੀ ਖਜ਼ਾਨਾ ਹੈ, ਇਸ ਦੀ ਬੇਲੋੜੀ ਵਰਤੋਂ ਨੂੰ ਰੋਕ ਕੇ ਇਸ ਖਜ਼ਾਨੇ ਨੂੰ ਖਤਮ ਹੋਣ ਤੋਂ ਬਚਾਇਆ ਜਾਵੇ।ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਪਾਣੀ ਦੀ ਸੰਭਾਲ ਲਈ ਸਹਿਯੋਗ ਦਾ ਵਿਸ਼ਵਾਸ ਦੁਆਇਆ।ਜੈ ਹੋ ਨਾਟਕ ਮੰਡਲੀ ਨਿਹਾਲ ਸਿੰਘ ਵਾਲਾ ਦੀ ਟੀਮ ਨੇ ਨਾਟਕ ਪੇਸ਼ ਕਰਕੇ ਪਾਣੀ ਦੀ ਵਰਤੋਂ ਸੰਜਮ ਨਾਲ ਕਰਨ ਦਾ ਸੰਦੇਸ਼ ਦਿੱਤਾ।ਇਸ ਸਮੇਂ ਇੰਚਾਰਜ ਪ੍ਰਿੰਸੀਪਲ ਅਜੀਤ ਸਿੰਘ, ਹਰਦੀਪ ਕੌਰ, ਹਰਪਾਲ ਸਿੰਘ, ਸੁਖਜੀਤ ਕੌਰ, ਸੁਮਨਦੀਪ ਕੌਰ, ਹਿਮਾਨੀ ਗੋਇਲ, ਸੋਮਾ ਰਾਣੀ, ਹਰਿੰਦਰਪਾਲ ਕੌਰ, ਮਨਪ੍ਰੀਤ ਕੌਰ, ਸੁਮਨਪ੍ਰੀਤ ਕੌਰ, ਜਗਦੀਸ਼ ਕੌਰ, ਚਰਨਪ੍ਰੀਤ ਸਿੰਘ, ਵਰਿਆਮ ਸਿੰਘ, ਮਨਪ੍ਰੀਤ ਸਿੰਘ, ਕਰਮਜੀਤ ਸਿੰਘ ਆਦਿ ਹਾਜ਼ਰ ਸਨ।

## ਗੁਰਦੁਆਰਾ ਸ੍ਰੀ ਹਰਿਗੋਬਿੰਦ ਸਾਹਿਬ ਵਿਖੇ ਦਸਤਾਰ ਸਿਖਲਾਈ ਕੈਂਪ ਲਗਾਇਆ



**ਮਲੇਰਕੋਟਲਾ (ਅਸਗਰ ਪਰਿਹਾਰ)**-ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਦਸਤਾਰ ਦੇ ਪ੍ਰਚਾਰ ਤੇ ਪ੍ਰਸਾਰ ਲਈ ਵਿਸ਼ਵ ਪੱਧਰ 'ਤੇ ਸੇਵਾਵਾਂ ਨਿਭਾਉਂਦੀ ਆ ਰਹੀ ਹੈ, ਜਿਸ ਲੜੀ ਤਹਿਤ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਵੱਲੋਂ ਗੁਰਦੁਆਰਾ ਸ੍ਰੀ ਹਰਗੋਬਿੰਦ ਸਾਹਿਬ ਜੀ ਦੁਬਈ ਵਿਖੇ ਦਸਤਾਰ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਦੇ ਮੁੱਖ ਸੇਵਾਦਾਰ ਮਨਦੀਪ ਸਿੰਘ ਖੁਰਦ ਨੇ ਦੱਸਿਆ ਕਿ ਦਸਤਾਰ ਸਿਖਲਾਈ ਕੈਂਪ ਦੌਰਾਨ ਸੈਂਕੜੇ ਨੌਜਵਾਨਾਂ ਨੇ ਭਾਗ ਲਿਆ ਤੇ ਦਸਤਾਰ ਦੀ ਸਿਖਲਾਈ ਪ੍ਰਾਪਤ ਕੀਤੀ।ਇਸ ਮੌਕੇ 20 ਤੋਂ 25 ਨੌਜਵਾਨਾਂ ਨੇ ਪੱਕੇ ਤੌਰ 'ਤੇ ਦਸਤਾਰ ਸਜਾਉਣ ਦਾ ਪ੍ਰਣ ਕੀਤਾ ਤੇ ਇਸ ਮੌਕੇ ਸਵਿੰਦਰ ਸਿੰਘ ਭਾਉ ਜੀ ਰੂਪ ਟਰਾਂਸਪੋਰਟ ਤੇ ਸ.ਅੰਗਰੇਜ ਸਿੰਘ ਸੰਘਾਂ ਸੰਘਾਂ ਟਰਾਂਸਪੋਰਟ ਤੇ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਵੱਲੋਂ ਉਨ੍ਹਾਂ ਨੌਜਵਾਨਾਂ ਨੂੰ ਦਸਤਾਰ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਦਸਤਾਰ ਸਿਖਲਾਈ ਕੈਂਪ ਲਗਾਉਣ ਲਈ ਪੰਜਾਬ ਤੋਂ ਪਹੁੰਚੀ ਟੀਮ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਦੇ ਮੁੱਖ ਸੇਵਾਦਾਰ ਮਨਦੀਪ ਸਿੰਘ ਖੁਰਦ ਤੇ ਇੰਟਰਨੈਸ਼ਨਲ ਦਸਤਾਰ ਕੋਚ ਸੁਖਚੈਨ ਸਿੰਘ ਭੈਣੀ ਹੁਣਾਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਸਵਿੰਦਰ ਸਿੰਘ ਭਾਉ ਜੀ ਰੂਪ ਟਰਾਂਸਪੋਰਟ ਵਾਲੇ, ਮੇਜਰ ਸਿੰਘ ਕਨੌਜ ਟ੍ਰਾਂਸਪੋਰਟ ਵਾਲੇ ਅੰਗਰੇਜ਼ ਸਿੰਘ ਸੰਘਾ ਟਰਾਂਸਪੋਰਟ ਵਾਲੇ, ਭਾਈ ਸਾਗਰ ਸਿੰਘ, ਭਾਈ ਜਗਰੂਪ ਸਿੰਘ, ਹੈੱਡ ਗ੍ਰੰਥੀ ਭਾਈ ਹਰਿੰਦਰ ਸਿੰਘ, ਮਨਪ੍ਰੀਤ ਸਿੰਘ ਰਾਮਗੜ੍ਹ ਸਰਦਾਰਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਅੰਤਰ-ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਸ਼ਾਨੋ ਸ਼ੌਕਤ ਨਾਲ ਸਮਾਪਤ

### ਸਿੱਖਿਆ ਮੰਤਰੀ ਬੈਂਸ ਨੇ ਖਿਡਾਰੀਆਂ ਨੂੰ ਕੀਤਾ ਸਨਮਾਨਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਸਿੱਖਿਆ ਮੰਤਰੀ ਸ੍. ਹਰਜੋਤ ਸਿੰਘ ਬੈਂਸ ਨੇ ਰਾਜਾ ਭਲਿੰਦਰ ਸਿੰਘ ਖੇਡ ਕੰਪਲੈਕਸ ਪੋਲੋ ਗਰਾਊਂਡ ਪਟਿਆਲਾ ਵਿਖੇ ਚੱਲ ਰਹੀਆਂ 44ਵੀਆਂ ਪੰਜਾਬ ਰਾਜ ਅੰਤਰ-ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਦੇ ਅੱਜ ਸਮਾਪਤੀ ਸਮਾਰੋਹ ਵਿੱਚ ਸ਼ਿਰਕਤ ਕਰਕੇ ਖਿਡਾਰੀਆਂ ਨੂੰ ਸਨਮਾਨਤ ਕੀਤਾ।ਇਸ ਮੌਕੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਦੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਵਚਨਬੱਧ ਹੈ ਤੇ ਵਿਦਿਆਰਥੀਆਂ ਨੂੰ ਸਿੱਖਿਆ ਤੇ ਨਾਲ ਨਾਲ ਖੇਡਾਂ ਨਾਲ ਜੋੜਨ ਲਈ ਵੀ ਸੂਬਾ ਸਰਕਾਰ ਵੱਲੋਂ ਨਵੀਂਆਂ ਪਹਿਲ ਕਦਮੀਆਂ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਵਿੱਚ ਹਰੇਕ ਉਮਰ ਵਰਗ ਨੂੰ ਆਪਣੀ ਖੇਡ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲਿਆ ਹੈ।

ਹਰਜੋਤ ਸਿੰਘ ਬੈਂਸ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਸਾਰੇ ਖਿਡਾਰੀ ਹੀ ਵਧਾਈ ਦੇ ਪਾਤਰ ਹਨ।ਉਨ੍ਹਾਂ ਕਿਹਾ ਕਿ ਭਾਵੇਂ ਜਿੱਤ ਇੱਕ ਟੀਮ ਦੀ ਹੋਣੀ ਹੁੰਦੀ ਹੈ ਪਰ ਹਰੇਕ ਟੀਮ ਅਤੇ ਹਰੇਕ ਖਿਡਾਰੀ ਵੱਲੋਂ ਖੇਡ ਮੈਦਾਨ 'ਚ ਆਪਣਾ ਸਰਵੋਤਮ ਪ੍ਰਦਰਸ਼ਨ ਕੀਤਾ ਜਾਂਦਾ ਹੈ, ਇਸ ਲਈ ਹਰੇਕ ਖਿਡਾਰੀ ਵਧਾਈ ਦਾ ਪਾਤਰ ਹੈ।ਉਨ੍ਹਾਂ ਕਿਹਾ ਕਿ ਪ੍ਰਾਇਮਰੀ ਖੇਡਾਂ ਸਾਡੀ ਬੁਨਿਆਦ ਹਨ, ਜਿਥੋਂ ਖਿਡਾਰੀ ਦੀ ਖੇਡ ਵਿੱਚ ਨਿਖਾਰ ਆਉਣਾ ਸ਼ੁਰੂ ਹੁੰਦਾ ਹੈ। ਉਨ੍ਹਾਂ ਪ੍ਰਬੰਧਕਾ ਨੂੰ ਵੀ ਸਫਲਤਾ ਨਾਲ ਕਰਵਾਈਆਂ ਖੇਡਾਂ ਲਈ ਵਧਾਈ ਦਿੱਤੀ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼ਾਲੂ ਮਹਿਰਾ ਨੇ ਦੱਸਿਆ ਕਿ ਤਿੰਨ ਰੋਜ਼ਾ 44ਵੀਆਂ ਪੰਜਾਬ ਰਾਜ ਅੰਤਰ-ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਅਥਲੈਟਿਕਸ, ਮਿੰਨੀ ਹੈਂਡਬਾਲ ਤੇ ਕਰਾਟਿਆਂ ਦੇ ਮੁਕਾਬਲੇ ਕਰਵਾਏ ਗਏ ਹਨ।ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ ਭਰ ਦੇ 23 ਜ਼ਿਲ੍ਹਿਆਂ ਤੋਂ ਲਗਭਗ 1610 ਬੱਚਿਆਂ ਵੱਲੋਂ ਭਾਗ ਲਿਆ ਗਿਆ ਹੈ।

ਇਸ ਮੌਕੇ ਡਾ. ਗੌਤਮ ਤੇ ਮਨਵਿੰਦਰ ਕੌਰ ਭੁੱਲਰ ਵੀ ਮੌਜੂਦ ਸਨ।ਸਟੇਜ ਸਕੱਤਰ ਦੀ ਭੂਮਿਕਾ ਡਾ. ਨਰਿੰਦਰ ਸਿੰਘ, ਸੁਰਜੀਤ ਸਿੰਘ ਤੇ ਜਗਪਾਲ ਸਿੰਘ ਵੱਲੋਂ ਨਿਭਾਈ ਗਈ।ਇਸ ਮੌਕੇ ਜਗਜੀਤ ਸਿੰਘ ਵਾਲੀਆ, ਲਖਵਿੰਦਰ ਸਿੰਘ ਕੌਲੀ, ਅਵਤਾਰ ਸਿੰਘ, ਸੰਦੀਪ ਸਿੰਘ ਅਤੇ ਜ਼ਿਲ੍ਹਾ ਪਟਿਆਲਾ ਦੇ ਸਮੂਹ ਬੀਪੀ.ਈ.ਓਜ਼, ਪ੍ਰਿਥੀ ਸਿੰਘ, ਜਸਵਿੰਦਰ ਸਿੰਘ, ਜਗਜੀਤ ਸਿੰਘ ਨੌਹਰਾ, ਅਖਤਰ ਸਲੀਮ, ਮਨੋਜ ਕੁਮਾਰ, ਸੁਰਜੀਤ ਸਿੰਘ, ਧਰਮਿੰਦਰ ਸਿੰਘ, ਪ੍ਰੇਮ ਕੁਮਾਰ, ਭਰਤ ਭੂਸ਼ਣ, ਗੁਰਪ੍ਰੀਤ ਸਿੰਘ, ਮਨਜੀਤ ਕੌਰ, ਬਲਜੀਤ ਕੌਰ, ਨੀਰੂ ਬਾਲਾ ਆਦਿ ਮੌਜੂਦ ਸਨ।

## ਲਾਰੈਂਸ ਕੌਨਵੈਂਟ ਸਕੂਲ 'ਚ ਮਾਪੇ-ਅਧਿਆਪਕ ਮਿਲਣੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਨਵੈਂਟ ਸਕੂਲ ਵੱਲੋਂ ਮਾਪੇ-ਅਧਿਆਪਕ ਮਿਲਣੀ ਕਰਵਾਈ ਗਈ, ਜਿਸ ਵਿੱਚ ਸਕੂਲ ਦੇ ਪ੍ਰਿੰਸੀਪਲ ਨੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ।ਇਸ ਮਾਪੇ-ਅਧਿਆਪਕ ਮਿਲਣੀ ਵਿੱਚ ਸਕੂਲ ਦੇ ਵਿਦਿਆਰਥੀਆਂ ਤੇ ਮਾਪਿਆਂ ਨੇ ਸ਼ਿਰਕਤ ਕੀਤੀ।ਇਸ ਉਪਰੰਤ ਵਿਦਿਆਰਥੀਆਂ ਦੇ ਵਿਸ਼ੇ ਮੁਤਾਬਿਕ ਅਧਿਆਪਕਾਂ ਨਾਲ ਮਿਲਣੀ ਕਰਵਾਈ ਗਈ, ਜਿਸ ਵਿੱਚ ਅਧਿਆਪਕਾਂ ਨੇ ਵਿਦਿਆਰਥੀਆਂ ਦੀ ਪ੍ਰਗਤੀ ਰਿਪੋਰਟ ਸਾਂਝੀ ਕੀਤੀ ਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਅਤੇ ਕਮਜ਼ੋਰੀਆਂ ਤੋਂ ਜਾਣੂ ਕਰਵਾਇਆ।ਮਾਪਿਆਂ ਨੇ ਅਧਿਆਪਕਾਂ ਨਾਲ ਬੱਚੇ ਦੇ ਚੰਗੇ ਭਵਿੱਖ ਲਈ ਲੋੜੀਂਦਾ ਮਾਰਗ ਦਰਸ਼ਨ ਉੱਪਰ ਵਿਚਾਰ ਵਟਾਂਦਰਾ ਕੀਤਾ।ਇਸ ਮਾਪੇ-ਅਧਿਆਪਕ ਮਿਲਣੀ ਵਿੱਚ ਬੱਚਿਆਂ ਦੇ ਮਾਨਸਿਕ ਤੇ ਬੌਧਿਕ ਵਿਕਾਸ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮਾਪਿਆਂ ਦੀ ਮਿਲਣੀ ਰਾਹੀਂ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਦਾ ਗਿਆਨ ਹੋਇਆ, ਜਿਸ ਦੀ ਉਨ੍ਹਾਂ ਨੇ ਭਰਪੂਰ ਸ਼ਲਾਘਾ ਕੀਤੀ। ਮਾਪਿਆਂ ਨੇ ਸਕੂਲ ਦੇ ਪ੍ਰਿੰਸੀਪਲ ਤੇ ਅਧਿਆਪਕਾਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਕਰਕੇ ਹੀ ਸਾਡੇ ਬੱਚਿਆਂ ਦੇ ਉਜੱਵਲ ਭਵਿੱਖ ਦਾ ਨਿਰਮਾਣ ਹੋ ਰਿਹਾ ਹੈ। ਚੇਅਰਮੈਨ ਨੇ ਸਕੂਲ ਦੇ ਇਸ ਉਪਰਾਲੇ ਦੀ ਪ੍ਰਸੰਸਾ ਕੀਤੀ।

## ਜ਼ਿਮਨੀ ਚੋਣਾਂ ਦੀ ਜਿੱਤ ਨੇ 'ਆਪ' ਪ੍ਰਤੀ ਲੋਕਾਂ ਦਾ ਵਿਸ਼ਵਾਸ ਵਧਾਇਆ : ਸਰਪੰਚ ਕਿੰਦਾ ਢਿੱਲੋਂ



**ਕੋਟਕਪੂਰਾ (ਰਛਪਾਲ ਭੁੱਲਰ)**-ਬੀਤੇ ਦਿਨੀਂ ਪੰਜਾਬ ਅੰਦਰ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਚਾਰ 'ਚੋਂ ਤਿੰਨ ਸੀਟਾਂ ਜਿੱਤ ਕੇ ਜਿੱਥੇ ਆਮ ਆਦਮੀ ਪਾਰਟੀ ਦਾ ਸਿਆਸੀ ਗਰਾਫ ਹੋਰ ਵਧਿਆ ਹੈ, ਉੱਥੇ ਗਿੱਦੜਬਾਹਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ ਹਲਕਿਆਂ ਦੇ ਰੁਕੇ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਦੀ ਆਸ ਬੱਝੀ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਵਿਧਾਨ ਸਭਾ ਹਲਕਾ ਜੈਤੋ ਅਧੀਨ ਆਉਂਦੇ ਕੋਠੇ ਰਾਮਸਰ ਦੇ ਸਰਪੰਚ ਤਰਵਿੰਦਰ ਸਿੰਘ ਕਿੰਦਾ ਢਿੱਲੋਂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਜੈਤੋ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਜੈਤੋ ਦੇ ਵਿਧਾਇਕ ਇੰਜੀ. ਅਮੋਲਕ ਸਿੰਘ ਦੀ ਅਗਵਾਈ ਹੇਠ ਹਲਕੇ ਦੇ ਸਮੂਹ ਆਗੂ ਤੇ ਵਰਕਰਾਂ ਨੇ ਗਿੱਦੜਬਾਹਾ ਹਲਕੇ 'ਚੋਂ ਪੱਕੇ ਤੌਰ 'ਤੇ ਡੇਰਾ ਲਾ ਕੇ ਲਗਾਤਾਰ ਚੋਣ ਪ੍ਰਚਾਰ ਕੀਤਾ, ਜਿਸ ਕਰਕੇ ਇਸ ਜਿੱਤ ਲਈ ਹਲਕੇ ਦੇ ਸਮੂਹ ਆਗੂ ਵਿਧਾਇਕ ਅਮੋਲਕ ਸਿੰਘ ਨੂੰ ਵਧਾਈ ਦੇ ਰਹੇ ਹਨ, ਇਸ ਜਿੱਤ ਨੇ ਲੋਕਾਂ 'ਚ ਪਾਰਟੀ ਪ੍ਰਤੀ ਵਿਸ਼ਵਾਸ ਵਧਾਇਆ ਹੈ।ਤਰਵਿੰਦਰ ਸਿੰਘ ਢਿੱਲੋਂ ਨੇ ਆਖਿਆ ਕਿ ਦਰਅਸਲ ਇਨ੍ਹਾਂ ਚੋਣਾਂ ਦੇ ਨਤੀਜਿਆਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨਾਲ ਖੜੇ ਹਨ।

...ਸਫ਼ਾ 1 ਦਾ ਬਾਕੀ

### ਸੀ ਪੀ ਆਈ ਦਾ ਸ਼ਤਾਬਦੀ...

ਕਰਨਾ ਸਥਾਪਨਾ ਦਿਵਸ ਦੀ ਸਾਰਥਿਕਤਾ ਵਿੱਚ ਵਾਧਾ ਕਰੇਗਾ। ਮੀਟਿੰਗ ਵਿੱਚ 'ਨਵਾਂ ਜ਼ਮਾਨਾ' ਦੇ ਘੇਰੇ ਨੂੰ ਵਿਸ਼ਾਲ ਕਰਨ ਸੰਬੰਧੀ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। 'ਨਵਾਂ ਜ਼ਮਾਨਾ' ਦੇ ਪੁਰਾਣੇ ਦਿਨਾਂ ਨੂੰ ਚੇਤੇ ਕਰਦਿਆਂ ਕਾਮਰੇਡ ਤਰਸੇਮ ਸਿੰਘ ਜੰਡਿਆਲਾ ਨੇ ਕਿਹਾ ਕਿ ਹਰੇਕ ਪਾਰਟੀ ਕਾਰਕੁਨ ਨੂੰ ਹਰ ਰੋਜ਼ ਅਖ਼ਬਾਰ ਦੀ ਉਤਸ਼ਾਹਪੂਰਨ ਉਡੀਕ ਰਹਿੰਦੀ ਸੀ। ਹੁਣ ਵੀ ਉਸੇ ਤਰ੍ਹਾਂ ਦਾ ਮਹੌਲ ਸਿਰਜਣ ਦੀ ਲੋੜ ਹੈ। ਉਨ੍ਹਾ ਕਿਹਾ ਕਿ ਸੋਸ਼ਲ ਮੀਡੀਆ ਦਾ ਆਪਣਾ ਮਹੱਤਵ ਹੈ, ਪਰ ਅਖ਼ਬਾਰ ਦੀ ਭਰੋਸੇਯੋਗਤਾ ਵਧੇਰੇ ਹੈ।

ਇਸ ਤੋਂ ਇਲਾਵਾ ਪਾਰਟੀ ਮੈਂਬਰਸ਼ਿਪ ਦੇ ਨਵੀਨੀਕਰਨ ਦੇ ਏਜੰਡੇ ਉੱਤੇ ਵੀ ਵਿਚਾਰਾਂ ਹੋਈਆਂ। ਤਹਿਸੀਲ ਸਕੱਤਰਾਂ ਨੂੰ ਹਦਾਇਤ ਕੀਤੀ ਗਈ ਕਿ ਨਵੀਨੀਕਰਨ ਦਾ ਕੰਮ 25 ਜਨਵਰੀ ਤੱਕ ਹਰ ਹਾਲਤ ਵਿੱਚ ਮੁਕੰਮਲ ਕੀਤਾ ਜਾਵੇ। ਕਿਸੇ ਵੀ ਮੈਂਬਰ ਨੂੰ ਮੈਂਬਰਸ਼ਿਪ ਤੋਂ ਵਾਂਝਿਆਂ ਨਾ ਰਹਿਣ ਦਿੱਤਾ ਜਾਵੇ।

ਮੀਟਿੰਗ ਵਿੱਚ ਕਾਮਰੇਡ ਸੰਤੋਸ਼ ਬਰਾੜ, ਹਰਜਿੰਦਰ ਸਿੰਘ ਮੌਜੀ, ਗਿਆਨ ਸੈਦਪੁਰੀ, ਮਹਿੰਦਰ ਸਿੰਘ ਘੋੜਾਬਾਹੀ ਵੀ ਹਾਜ਼ਰ ਸਨ।

## ਅੰਸ਼ ਤੇ ਵੰਸ਼ ਨੇ ਲੋੜਵੰਦ ਪਰਵਾਰ ਦੀ ਕੀਤੀ ਸਹਾਇਤਾ



**ਸੰਗਰੂਰ (ਪ੍ਰਵੀਨ ਸਿੰਘ)**-ਸੰਗਰੂਰ ਸ਼ਹਿਰ ਦੇ ਸਮਾਜ ਸੇਵੀ ਅਮਿਤ ਵਾਲੀਆ ਦੇ ਹੋਣਹਾਰ ਸਪੁੱਤਰ ਅੰਸ਼ ਵਾਲੀਆ ਤੇ ਵੰਸ਼ ਵਾਲੀਆ ਨੇ ਆਪਣੇ ਪਿਤਾ ਵੱਲੋਂ ਸਮਾਜ ਭਲਾਈ ਦੇ ਦਿਖਾਏ ਰਸਤੇ ਉੱਪਰ ਚਲਦਿਆਂ ਇੱਕ ਲੋੜਵੰਦ ਅਪਾਹਜ ਔਰਤ ਨੂੰ ਟਰਾਈ ਸਾਈਕਲ ਤੇ ਉਸ ਦੇ ਪਰਵਾਰ ਨੂੰ ਸਵੈ ਰੁਜ਼ਗਾਰ ਚਲਾਉਣ ਲਈ ਮਦਦ ਕਰਕੇ ਆਪਣਾ ਇਨਸਾਨੀਅਤ ਦਾ ਫਰਜ਼ ਨਿਭਾਇਆ ਹੈ।

ਜਾਣਕਾਰੀ ਅਨੁਸਾਰ ਕਰਮਜੀਤ ਕੌਰ ਪਿੰਡ ਬਡਬਰ ਬਿਜਲੀ ਦਾ ਕਰੰਟ ਲੱਗਣ ਕਰਕੇ ਦੋਵੇਂ ਲੱਤਾਂ ਤੋਂ ਚੱਲਣ ਵਿੱਚ ਅਸਮਰਥ ਸੀ ਅਤੇ ਉਸ ਦੇ ਸਪੁੱਤਰ ਸੰਦੀਪ ਸਿੰਘ ਦੀ ਵੀ ਇੱਕ ਹਾਦਸੇ ਵਿੱਚ ਬਾਂਹ ਕੱਟ ਗਈ ਸੀ।ਕਰਮਜੀਤ ਕੌਰ ਦੀ ਪਹਿਲਾਂ ਵਾਲੀ ਟਰਾਈ ਸਾਈਕਲ ਖਸਤਾ ਹਾਲਤ ਹੋ ਚੁੱਕੀ ਸੀ, ਪਰ ਆਰਥਿਕ ਹਾਲਾਤ ਠੀਕ ਨਾ ਹੋਣ ਕਰਕੇ ਉਹ ਨਵੀਂ ਟਰਾਈਸਾਈਕਲ ਲੈਣ ਵਿੱਚ ਅਸਮਰਥ ਸਨ, ਜਿਸ ਦਾ ਪਤਾ ਚੱਲਣ 'ਤੇ ਸਮਾਜ ਸੇਵੀ ਅਮਿਤ ਵਾਲੀਆ ਦੇ ਹੋਣਹਾਰ ਸਪੁੱਤਰਾਂ ਅੰਸ਼ ਵਾਲੀਆ ਤੇ ਵੰਸ਼ ਵਾਲੀਆ ਨੇ ਆਪਣੀ ਨੇਕ ਕਮਾਈ ਵਿੱਚੋਂ ਜਿੱਥੇ ਉਪਰੋਕਤ ਔਰਤ ਨੂੰ ਨਵੀਂ ਟਰਾਈਸਾਈਕਲ ਭੇਟ ਕੀਤੀ, ਉੱਥੇ ਹੀ ਉਸ ਦੇ ਅਪਾਹਜ ਪੁੱਤਰ ਸੰਦੀਪ ਸਿੰਘ ਨੂੰ ਸਵੈ ਲਈ ਪਲਾਸਟਿਕ ਦਾ ਸਾਮਾਨ ਵੀ ਖਰੀਦ ਕੇ ਦਿੱਤਾ, ਜਿਸ ਵਿੱਚ ਚਪਾਤੀ ਟਿਫਨ, ਬੱਚਿਆਂ ਵਾਲੇ ਟਿਫਨ, ਟੱਬ, ਪਲਾਸਟਿਕ ਦੀਆਂ ਪੀੜੀਆਂ, ਮੱਗ, ਕੱਪ, ਪਲਾਸਟਿਕ ਦੀਆਂ ਮਧਾਣੀਆਂ, ਚਾਪਰ ਆਦਿ ਸਾਮਾਨ ਸੀ।ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਉਨ੍ਹਾਂ ਦੇ ਸਪੁੱਤਰਾਂ ਅੰਸ਼ ਵਾਲੀਆਂ ਤੇ ਵੰਸ਼ ਵਾਲੀਆ ਨੇ ਵੀ ਲੋੜਵੰਦ ਪਰਵਾਰ ਦੀ ਸਹਾਇਤਾ ਕੀਤੀ, ਜਿਸ ਦੀ ਸ਼ਹਿਰ ਵਾਸਿਆਂ ਵੱਲੋਂ ਖੂਬ ਸ਼ਲਾਘਾ ਕੀਤੀ ਜਾ ਰਹੀ ਹੈ।ਉਪਰੋਕਤ ਪਰਵਾਰ ਵੱਲੋਂ ਸਮੂਹ ਵਾਲੀਆ ਪਰਵਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ।ਇਸ ਮੌਕੇ ਡੇਰਾ ਸਾਈਂ ਨਿੱਕੇ ਸ਼ਾਹ ਦਰਵੇਸ਼ ਦੇ ਮੁੱਖ ਸੇਵਾਦਾਰ ਸ਼ਮਸ਼ਾਦ ਅਲੀ ਖਾਨ, ਹਰਦੀਪ ਗਿਰੀ, ਭਜਨ ਗਾਇਕ ਹਨੀ ਜੱਸਲ, ਜਗਸੀਰ ਸਿੰਘ ਸਮੇਤ ਹੋਰ ਸ਼ਹਿਰ ਨਿਵਾਸੀ ਹਾਜ਼ਰ ਸਨ।

## ਗੈਸਟ ਪ੍ਰੋਫੈਸਰਾਂ ਦੀਆਂ ਰੋਕੀਆਂ ਤਨਖਾਹਾਂ ਜਲਦ ਜਾਰੀ ਕਰੇ ਸਰਕਾਰ : ਫਰੰਟ ਆਗੂ

**ਮਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਦੇ ਸਰਕਾਰੀ ਕਾਲਜਾਂ 'ਚ ਲੰਮੇ ਸਮੇਂ ਤੋਂ ਸੇਵਾਵਾਂ ਨਿਭਾਅ ਰਹੇ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਦੀਆਂ ਰੋਕੀਆਂ ਗਈਆਂ ਤਨਖਾਹਾਂ ਪੰਜਾਬ ਸਰਕਾਰ ਤੁਰੰਤ ਜਾਰੀ ਕਰੇ।ਸੰਯੁਕਤ ਫਰੰਟ ਪੰਜਾਬ ਦੇ ਆਗੂਆਂ ਸਮੇਤ ਪ੍ਰਭਾਵਿਤ ਹੋਏ ਕਾਲਜ ਦੇ ਪ੍ਰੋਫੈਸਰ ਸਾਹਿਬਾਨ ਪ੍ਰੋਫ਼ੈਸਰ ਰਾਜਪਾਲ ਸਿੰਘ, ਡਾ. ਪੂਜਾ ਰਾਣੀ, ਪ੍ਰੋਫ਼ੈਸਰ ਜਸਪ੍ਰੀਤ ਕੌਰ ਨੇ ਦੱਸਿਆ ਕਿ ਸਤੰਬਰ 2024 ਵਿੱਚ ਉਚੇਰੀ ਸਿੱਖਿਆ ਵਿਭਾਗ ਵੱਲੋਂ ਨਵੇਂ ਪ੍ਰੋਫੈਸਰਾਂ ਦੀ ਕਾਲਜਾਂ 'ਚ ਜਾਇਨਿੰਗ ਦੌਰਾਨ ਗੈਸਟ ਫੈਕਲਟੀ ਪ੍ਰੋਫੈਸਰਾਂ ਦੀਆਂ ਅਸਾਮੀਆਂ ਨੂੰ ਖਾਲੀ ਦਰਸਾਇਆ ਗਿਆ ਸੀ, ਜਿਨ੍ਹਾਂ ਗੈਸਟ ਪ੍ਰੋਫੈਸਰਾਂ ਦੀ ਮਨਜ਼ੂਰ-ਸ਼ੁਦਾ ਅਸਾਮੀ ਤੇ ਨਵੇਂ ਪ੍ਰੋਫੈਸਰ ਜਾਇਨ ਕੀਤੇ ਹਨ, ਉਨ੍ਹਾਂ ਦੀਆਂ ਤਨਖਾਹਾਂ ਸਰਕਾਰ ਵੱਲੋਂ ਰੋਕੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਇਹ ਪ੍ਰਭਾਵਿਤ ਹੋਏ ਗੈਸਟ ਪ੍ਰੋਫੈਸਰ ਜਿੱਥੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹਨ, ਉਥੇ ਉਨ੍ਹਾਂ ਦਾ ਵਿੱਤੀ ਨੁਕਸਾਨ ਵੀ ਹੋ ਰਿਹਾ ਹੈ, ਕਿਉਂਕਿ ਕਈਆਂ ਦਾ ਘਰ ਹੀ ਇਸ ਤਨਖਾਹ ਤੋਂ ਚੱਲਦਾ ਹੈ।ਫਰੰਟ ਆਗੂਆਂ ਨੇ ਕਿਹਾ ਕਿ ਹੁਣ ਦੋ ਮਹੀਨੇ ਦਾ ਸਮਾਂ ਬੀਤ ਚੁੱਕਾ ਹੈ, ਪਰ ਸਰਕਾਰ ਵੱਲੋਂ ਅਜੇ ਤੱਕ ਕੋਈ ਠੋਸ ਹੱਲ ਨਹੀਂ ਕੱਢਿਆ ਗਿਆ।ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਪ੍ਰੋਫੈਸਰਾਂ ਦੀਆਂ ਰੁਕੀਆਂ ਤਨਖਾਹਾਂ ਜਾਰੀ ਕੀਤੀਆਂ ਜਾਣ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਲਈ ਨੀਤੀ ਵੀ ਜਲਦ ਬਣਾਈ ਜਾਵੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

CMYK

# ਠੱਗਾਂ ਨੇ ਪਰਿਵਾਰ ਨੂੰ ਝਾਂਸਾ ਦੇ ਕੇ ਲੱਖਾਂ ਦੇ ਗਹਿਣੇ ਲੁੱਟੇ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਧਾਰੀਵਾਲ ਕਸਬੇ 'ਚੋਂ ਅੰਧਵਿਸ਼ਵਾਸ ਅਤੇ ਧੋਖਾਧੜੀ ਦਾ ਵੱਡਾ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਠੱਗ ਇੱਕ ਪਰਿਵਾਰ ਨੂੰ ਗੁੰਮਰਾਹ ਕਰਕੇ ਹਜ਼ਾਰਾਂ ਰੁਪਏ ਦੇ ਸੋਨੇ ਦੇ ਗਹਿਣੇ ਅਤੇ ਨਕਦੀ ਲੈ ਕੇ ਫ਼ਰਾਰ ਹੋ ਗਏ।ਧੋਖਾਧੜੀ ਕਰਨ 'ਚ ਦੋ ਪੁਰਸ਼ ਅਤੇ ਇਕ ਔਰਤ ਸ਼ਾਮਲ ਹੈ। ਸੂਚਨਾ ਤੋਂ ਬਾਅਦ ਪੁਲਸ ਮੌਕੇ ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਕਰ ਰਹੀ ਹੈ।ਪੁਲਸ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕਰ ਰਹੀ ਹੈ ਤਾਂ ਜੋ ਠੱਗਾਂ ਬਾਰੇ ਕੋਈ ਸੁਰਾਗ ਮਿਲ ਸਕੇ।ਘਟਨਾ ਸਬੰਧੀ ਪਰਿਵਾਰਕ ਮੈਂਬਰ ਪਰਮਜੀਤ ਕੌਰ ਅਤੇ ਉਸ ਦੀ ਲੜਕੀ ਸ਼ਬਨਮਜੀਤ ਕੌਰ ਨੇ ਦੱਸਿਆ ਕਿ ਉਹ ਸਾਰੇ ਘਰ ਵਿੱਚ ਸਨ ਅਤੇ ਉਸ ਦਾ ਪਿਤਾ ਹਰਦੇਵ ਸਿੰਘ ਦੀ ਸਿਹਤ ਖਰਾਬ ਹੋਣ ਕਾਰਨ ਵਿਹੜੇ ਵਿੱਚ ਪਿਆ ਸੀ।ਫਿਰ ਇੱਕ ਵਿਅਕਤੀ ਉਸਦੇ ਘਰ ਆਇਆ ਅਤੇ ਉਸਦੀ ਮਾਂ ਨੂੰ ਪੁੱਛਣ ਲੱਗਾ ਕਿ ਇਸ ਇਲਾਕੇ ਵਿੱਚ ਸ਼ਿਵ ਮੰਦਰ ਕਿੱਥੇ ਹੈ।ਉਸ ਦੀ ਮਾਂ ਨੇ ਕਿਹਾ ਕਿ ਉਹ ਨਹੀਂ ਜਾਣਦੀ, ਫਿਰ ਉਹ ਅੱਗੇ ਵਧ ਗਿਆ।ਕੁਝ ਦੇਰ ਬਾਅਦ ਇੱਕ ਔਰਤ ਅਤੇ ਇੱਕ ਆਦਮੀ ਉਸਦੇ ਘਰ ਆਏ ਅਤੇ ਪੁੱਛਣ ਲੱਗੇ ਕਿ ਬਾਬਾ ਜੀ ਕੀ ਪੁੱਛ ਰਹੇ ਹਨ।ਫਿਰ ਉਸਦੀ ਮਾਂ ਨੇ ਕਿਹਾ ਕਿ ਉਹ ਸ਼ਿਵ ਮੰਦਰ ਬਾਰੇ ਪੁੱਛ ਰਿਹਾ ਹੈ।ਇਸ ਦੌਰਾਨ ਦੋਵਾਂ ਨੇ ਕਿਹਾ ਕਿ ਉਹ ਬਹੁਤ ਕਰਨੀ ਵਾਲਾ ਬਾਬਾ ਹੈ।ਉਸ ਕੋਲ ਬਹੁਤ ਗਿਆਨ ਹੈ, ਬਾਬਾ ਜੀ ਤੇਰੇ ਪਤੀ ਨੂੰ ਠੀਕ ਕਰ ਦੇਣਗੇ।ਗੱਲਾਂ ਕਰਦਿਆਂ ਹੀ ਬਾਬਾ ਉਸ ਦੇ ਪਤੀ ਨੂੰ ਅੰਦਰ ਕਮਰੇ 'ਚ ਲੈ ਗਿਆ ਅਤੇ ਉਸ ਦੀ ਪਤਨੀ ਨੂੰ ਕਹਿਣ ਲੱਗਾ ਕਿ ਜਿੰਨੇ ਵੀ ਗਹਿਣੇ ਅਤੇ ਪੈਸੇ ਹਨ ਉਸ ਨੂੰ ਦਿਓ, ਮੈਂ ਦੁੱਗਣੇ ਕਰ ਦੇਵਾਂਗਾ।ਅੰਧਵਿਸ਼ਵਾਸ ਕਾਰਨ ਉਨ੍ਹਾਂ ਨੇ ਗਹਿਣੇ ਅਤੇ ਪੈਸੇ ਲਿਆ ਕੇ ਬਾਬੇ ਨੂੰ ਦੇ ਦਿੱਤੇ ਅਤੇ ਬਾਬੇ ਨੇ ਬੜੀ ਚਲਾਕੀ ਨਾਲ ਉਹ ਸਾਰਾ ਪੈਸਾ ਅਤੇ ਗਹਿਣੇ ਇੱਕ ਗੁੱਥੀ 'ਚ ਪਾ ਦਿੱਤੇ ਅਤੇ ਗੁੱਥੀ ਬਦਲ ਦਿੱਤੀ।ਬਾਅਦ 'ਚ ਬਾਬੇ ਨੇ ਇਕ ਗੁੱਥੀ ਉਨ੍ਹਾਂ ਨੂੰ ਸੌਂਪ ਕੇ ਘਰ ਦੇ ਅੰਦਰ ਵਿਚ ਰੱਖਣ ਲਈ ਕਿਹਾ। ਇਸ ਦੌਰਾਨ ਉਸ ਦੀ ਮਾਂ ਗੁੱਥੀ ਲੈ ਕੇ ਅੰਦਰ ਚਲੀ ਗਈ ਅਤੇ ਬਾਬੇ ਦੇ ਨਾਲ ਮੌਜੂਦ ਔਰਤ ਅਤੇ ਵਿਅਕਤੀ ਘਰੋਂ ਚਲੇ ਗਏ।ਇਸ ਦੌਰਾਨ ਜਦੋਂ ਪਰਮਜੀਤ ਦੀ ਧੀ ਨੇ ਗੁੱਥੀ ਨੂੰ ਦੇਖਿਆ ਤਾਂ ਉਸ ਨੇ ਕਿਹਾ ਕਿ ਜੋ ਗੁੱਥੀ ਬਾਬੇ ਨੂੰ ਦਿੱਤੀ ਸੀ, ਉਹ ਗੁੱਥੀ ਇਸ ਨਾਲੋਂ ਬਹੁਤ ਵੱਡੀ ਸੀ ਪਰ ਜੋ ਬਾਬੇ ਨੇ ਉਸ ਨੂੰ ਦਿੱਤੀ ਹੈ ਉਹ ਕਾਫ਼ੀ ਛੋਟੀ ਹੈ।ਫਿਰ ਜਦੋਂ ਦੇਖਿਆ ਤਾਂ ਗੁੱਥੀ ਖਾਲੀ ਸੀ ਅਤੇ ਜਦੋਂ ਕਮਰੇ 'ਚੋਂ ਬਾਹਰ ਆ ਕੇ ਵੇਖਿਆ ਤਾਂ ਬਾਬੇ ਸਮੇਤ ਸਾਰੇ ਉਥੋਂ ਭੱਜ ਚੁੱਕੇ ਸਨ।ਫਿਰ ਉਨ੍ਹਾਂ ਨੇ ਇਸ ਸਬੰਧੀ ਪੁਲਸ ਨੂੰ ਸੂਚਿਤ ਕੀਤਾ ਅਤੇ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਫਿਲਹਾਲ ਪੁਲਸ ਆਸ-ਪਾਸ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕਰ ਰਹੀ ਹੈ।ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਜਲਦ ਹੀ ਇਹਨਾਂ ਲੁਟੇਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਟੀ ਸੀ ਇੰਟਰਨੈਸ਼ਨਲ ਸਕੂਲ 'ਚ ਸਾਲਾਨਾ ਸਮਾਗਮ ਆਯੋਜਿਤ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਟੀ. ਸੀ. ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਵਿਖੇ ਸਾਲਾਨਾ ਸਮਾਗਮ 2024 ਬੜੀ ਧੂਮਧਾਮ ਨਾਲ ਕਰਵਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਸੁਰਿੰਦਰ ਪਾਲ ਸਿੰਘ, ਏ. ਡੀ. ਸੀ. (ਜਨਰਲ), ਗੁਰਦਾਸਪੁਰ ਅਤੇ ਵਿਸ਼ੇਸ਼ ਮਹਿਮਾਨ ਸੁਖਵਿੰਦਰ ਸਿੰਘ ਘੁੰਮਣ, ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਗੁਰਦਾਸਪੁਰ ਹਾਜ਼ਰ ਸਨ।ਇਸ ਮੌਕੇ ਵਿਦਿਆਰਥੀਆਂ ਨੇ ਡਾਂਸ, ਸਕਿੱਟ, ਸਟੇਟ ਐਕਟ, ਗਿੱਧਾ, ਭੰਗੜਾ ਆਦਿ ਦੀਆਂ ਆਕਰਸ਼ਕ ਪੇਸ਼ਕਾਰੀਆਂ ਦਿੱਤੀਆਂ। ਮੁੱਖ ਮਹਿਮਾਨ ਨੇ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਰਾਜ ਪੱਧਰੀ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।ਇਸ ਤੋਂ ਇਲਾਵਾ 10ਵੀਂ ਅਤੇ 12ਵੀਂ ਜਮਾਤ ਦੇ ਬੋਰਡ ਇਮਤਿਹਾਨਾਂ ਵਿੱਚ ਟਾਪਰਾਂ ਅਤੇ ਐੱਮਬੀਬੀਐੱਸ ਅਤੇ ਆਈਆਈਟੀ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਜਯੰਤ ਸ਼ਰਮਾ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।ਚੇਅਰਮੈਨ ਰਵਿੰਦਰ ਸ਼ਰਮਾ (ਐਡਵੋਕੇਟ) ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ।

# 51 ਪ੍ਰਾਣੀ ਖੰਡੇ ਬਾਟੇ ਦੀ ਪਹੁਲ ਲੈ ਕੇ ਗੁਰੂ ਵਾਲੇ ਬਣੇ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਕੋਠੜੀ ਸਾਹਿਬ ਪਿੰਡ ਸ਼ਾਹਪੁਰ ਜਾਜਨ ਦੇ ਸਹਿਯੋਗ ਨਾਲ ਅੰਮ੍ਰਿਤ ਸੰਚਾਰ ਕਰਵਾਇਆ ਗਿਆ।ਇਸ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਧਰਮ ਪ੍ਰਚਾਰਕ ਭਾਈ ਹਿੰਮਤਬੀਰ ਸਿੰਘ ਵੀਲਾ, ਭਾਈ ਹਰਪਾਲ ਸਿੰਘ ਭੈਲੋਕੇ ਅਤੇ ਭਾਈ ਜਗਦੀਪ ਸਿੰਘ ਕਲਾਨੌਰ ਵੱਲੋਂ ਸ਼ਿਰਕਤ ਕੀਤੀ ਗਈ।ਇਸ ਮੌਕੇ ਗੁਰਦੁਆਰਾ ਸ੍ਰੀ ਕੋਠੜੀ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਹਰਦੀਪ ਸਿੰਘ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕਰਨ ਉਪਰੰਤ ਪੰਜ ਪਿਆਰੇ ਸਾਹਿਬਾਨ ਵੱਲੋਂ 51 ਪ੍ਰਾਣੀਆਂ ਨੂੰ ਖੰਡੇ ਬਾਟੇ ਦੀ ਪਹੁਲ ਦੇ ਕੇ ਅੰਮ੍ਰਿਤ ਛਕਾਇਆ ਗਿਆ।ਜਦਕਿ ਗੁਰੂ ਦੀ ਸੇਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੀ ਗਈ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਾਹਪੁਰ ਜਾਜਨ ਵੱਲੋਂ ਪੰਜ ਪਿਆਰੇ ਸਾਹਿਬਾਨ ਅਤੇ ਧਰਮ ਪ੍ਰਚਾਰਕ ਮੈਂਬਰਾਂ ਦਾ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਉ ਸਾਹਿਬ ਨਾਲ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਮਹਿੰਦਰ ਸਿੰਘ, ਬਲਵਿੰਦਰ ਸਿੰਘ, ਲੱਖਾ ਸਿੰਘ, ਜੋਗਿੰਦਰ ਸਿੰਘ ਰਿਆੜ, ਡਾਕਟਰ ਇੰਦਰਜੀਤ ਸਿੰਘ ਅਤੇ ਸ਼ਿੰਗਾਰ ਸਿੰਘ ਆਦਿ ਹੋਰ ਕਮੇਟੀ ਮੈਂਬਰ ਹਾਜ਼ਰ ਸਨ।

# ਬਾਬਾ ਸੇਵਾ ਸਿੰਘ ਗੁਰੂ ਕੀ ਬੇਰ ਸਾਹਿਬ ਵਾਲਿਆਂ ਦੀ ਬਰਸੀ ਅੱਜ



**ਤਰਸਿੱਕਾ, (ਤਰਸੇਮ ਸਿੰਘ ਸ਼ਾਹਪੁਰ)**—ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਸੰਤ ਬਾਬਾ ਸੇਵਾ ਸਿੰਘ ਅਤੇ ਭਾਈ ਗੁਰਮੇਜ ਸਿੰਘ ਦੀ ਸਾਲਾਨਾ ਬਰਸੀ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਸੰਗਤਾਂ ਵੱਲੋਂ ਅੱਜ 2 ਦਸੰਬਰ ਦਿਨ ਸੋਮਵਾਰ ਨੂੰ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਮਨਾਈ ਜਾ ਰਹੀ ਹੈ, ਜਿਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਨੇ ਦੱਸਿਆ ਕਿ ਅੱਜ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਉੱਘੇ ਰਾਗੀ, ਢਾਡੀ, ਕਥਾਵਾਚਕ ਤੇ ਕਵੀਸ਼ਰ ਗੁਰੂ ਜੱਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਮੌਕੇ ਪੰਥ ਦੀਆਂ ਸਿਰਮੌਰ ਹਸਤੀਆਂ ਧਾਰਮਿਕ ਅਤੇ ਸਿਆਸੀ ਆਗੂ ਸੰਤ ਬਾਬਾ ਸੇਵਾ ਸਿੰਘ ਅਤੇ ਭਾਈ ਗੁਰਮੇਜ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।ਸੰਤ ਬਾਬਾ ਸੱਜਣ ਸਿੰਘ ਨੇ ਸਮਾਗਮ ਵਿੱਚ ਵੱਧ-ਚੜ ਕੇ ਸੰਗਤਾਂ ਨੂੰ ਪੁੱਜਣ ਦੀ ਅਪੀਲ ਕੀਤੀ ਹੈ।

# 78ਵੀਂ ਤਿੰਨ ਰੋਜ਼ਾ ਨੈਸ਼ਨਲ ਫੁੱਟਬਾਲ ਚੈਂਪੀਅਨਸ਼ਿਪ 'ਚ ਦਿੱਲੀ ਦੀ ਟੀਮ ਰਹੀ ਜੇਤੂ




**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਆਲ ਇੰਡੀਆ ਨੈਸ਼ਨਲ ਫੁੱਟਬਾਲ ਫੈਡਰੇਸ਼ਨ ਅਤੇ ਪੰਜਾਬ ਫੁੱਟਬਾਲ ਫੈਡਰੇਸ਼ਨ ਵੱਲੋਂ ਵਿਜੇ ਬਾਲੀ ਡਿਪਟੀ ਸੈਕਟਰੀ ਜਨਰਲ ਪੀਐੱਫਏ ਦੀ ਰਹਿਨੁਮਾਈ ਹੇਠ ਪਿੰਡ ਕਸੇਲ ਵਿਖੇ 78ਵੀਂ ਤਿੰਨ ਰੋਜ਼ਾ ਨੈਸ਼ਨਲ ਫੁੱਟਬਾਲ ਚੈਂਪੀਅਨਸ਼ਿਪ ਕਰਵਾਈ ਗਈ ਹੈ ਜਿਸ ਵਿੱਚ ਵੱਖ-ਵੱਖ ਸਟੇਟਾਂ ਦੀਆਂ ਟੀਮਾਂ ਵਿਚਕਾਰ ਹੋਏ ਫੁੱਟਬਾਲ ਨੈਸ਼ਨਲ ਚੈਂਪੀਅਨਸ਼ਿਪ ਮੁਕਾਬਲਿਆਂ ਵਿੱਚ ਦਿੱਲੀ ਦੀ ਟੀਮ ਨੇ ਫੁੱਟਬਾਲ ਟੂਰਨਾਮੈਂਟ ਮੁਕਾਬਲਾ ਜਿੱਤ ਕੇ ਫਾਈਨਲ ਲਈ ਰਾਹ ਪੱਧਰਾ ਕੀਤਾ।ਸਬੰਧੀ ਜਾਣਕਾਰੀ ਦਿੰਦਿਆਂ ਸੁਖਜਿੰਦਰ ਸਿੰਘ ਕਸੇਲ ਅਤੇ ਬੀਬੀ ਰਜਨੀ ਸਪੋਰਟਸ ਕਲੱਬ ਦੇ ਪ੍ਰਧਾਨ ਜਗਰੂਪ ਸਿੰਘ ਨੇ ਦੱਸਿਆ ਕਿ ਅਗਲੇ ਫਾਈਨਲ ਮੁਕਾਬਲੇ ਵੱਖ-ਵੱਖ ਰਾਜਾਂ ਦੀਆਂ ਟੀਮਾਂ ਵਿਚਕਾਰ ਵੱਖ-ਵੱਖ ਥਾਵਾਂ ਤੇ ਹੋਣਗੇ।ਅੱਜ ਦੀ ਜੇਤੂ ਰਹੀ ਦਿੱਲੀ ਟੀਮ ਦੇ ਖਿਡਾਰੀਆਂ ਨੂੰ ਇਨਾਮ ਜ਼ਿਲਾ ਖੇਡ ਅਫ਼ਸਰ ਸਤਵੰਤ ਕੌਰ, ਕੋਚ ਗੁਰਜੀਤ ਸਿੰਘ, ਸੁਖਜਿੰਦਰ ਸਿੰਘ ਕਸੇਲ, ਕਲੱਬ ਪ੍ਰਧਾਨ ਜਗਰੂਪ ਸਿੰਘ ਆਦਿ ਨੇ ਦਿੰਦਿਆਂ ਕਿਹਾ ਕਿ ਅੱਜ ਲੋੜ ਹੈ ਕਿ ਨੌਜਵਾਨ ਪੀੜ੍ਹੀ ਨੂੰ ਵੱਧ ਤੋਂ ਵੱਧ ਖੇਡਾਂ ਵੱਲ ਪ੍ਰੇਰਿਤ ਕੀਤਾ ਜਾਵੇ ਅਤੇ ਪਿੰਡਾਂ ਦੀਆਂ ਪੰਚਾਇਤਾਂ, ਸਮਾਜ ਸੇਵੀ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਬੀਬੀ ਰਤਨੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਲਾਲੀ ਕਸੇਲ, ਸਰਪੰਚ ਬਲਜਿੰਦਰ ਸਿੰਘ ਕਸੇਲ, ਕੋਚ ਜਰਮਨਜੀਤ ਸਿੰਘ ਕਸੇਲ, ਸਰਵਣ ਸਿੰਘ ਸ਼ਮੀ, ਜਗਪਿੰਦਰ ਸਿੰਘ, ਜਸਪਿੰਦਰ ਸਿੰਘ ਕਸੇਲ, ਡਾ. ਕਸ਼ਮੀਰ ਸਿੰਘ ਕਸੇਲ, ਨਿਸ਼ਾਨ ਸਿੰਘ, ਵਿਕਰਾਂਤ, ਭੇਜਾ ਖੂਨੀ, ਹਰਦਿਆਲ ਸਿੰਘ, ਕਾਮਰੇਡ ਕੁਲਬੀਰ ਸਿੰਘ, ਮੇਜਰ ਸਿੰਘ, ਸੂਬੇਦਾਰ ਪ੍ਰਦੀਪ ਸਿੰਘ ਕਸੇਲ, ਹੌਲਦਾਰ ਹਰਜੀਤ ਸਿੰਘ, ਵਰਿਆਮ ਸਿੰਘ, ਅਮਰੀਕ ਸਿੰਘ ਢਿੱਲੋਂ, ਪ੍ਰੋਫੈਸਰ ਇੰਦਰਜੀਤ ਸਿੰਘ ਕਸੇਲ, ਪ੍ਰਿੰ. ਨਿਰਮਲ ਸਿੰਘ ਅਤੇ ਤੇਜਬੀਰ ਸਿੰਘ ਆਦਿ ਹਾਜ਼ਰ ਸਨ।

# ਬਾਲ ਭਵਨ ਕੰਪਿਊਟਰ ਸੈਂਟਰ 'ਚ ਸਾਲਾਨਾ ਪ੍ਰੀਖਿਆ ਕਰਵਾਈ



**ਗੁਰਦਾਸਪੁਰ (ਦਿਨੇਸ਼ ਕੁਮਾਰ)**— ਜ਼ਿਲਾ ਬਾਲ ਭਲਾਈ ਕੌਂਸਲ ਗੁਰਦਾਸਪੁਰ ਵਿਖੇ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਚੱਲ ਰਹੇ ਬਾਲ ਭਵਨ ਕੰਪਿਊਟਰ ਸੈਂਟਰ ਵਿਚ 60 ਵਿਦਿਆਰਥੀਆ ਦੀ ਸਾਲਾਨਾ ਪ੍ਰੀਖਿਆ ਲਈ ਗਈ।ਇਸ ਚੱਲ ਰਹੀ ਪ੍ਰੀਖਿਆ ਦਾ ਨਿਰੀਖਣ ਬਾਲ ਭਲਾਈ ਕੌਂਸਲ ਦੇ ਅਵੇਤਨੀ ਸਕੱਤਰ ਰੋਮੇਸ਼ ਮਹਾਜਨ ਨੈਸ਼ਨਲ ਅਵਾਰਡੀ ਨੇ ਕੀਤਾ।ਉਹਨਾਂ ਦੱਸਿਆ ਕਿ ਇਹ ਸਾਲਾਨਾ ਪ੍ਰੀਖਿਆ ਬਹੁਤ ਹੀ ਸ਼ਾਂਤੀਪੂਰਵਕ ਮਾਹੌਲ ਵਿਚ ਚੱਲ ਰਹੀ ਸੀ।ਉਹਨਾਂ ਨੇ ਇਹ ਵੀ ਦੱਸਿਆ ਕਿ ਇਸ ਸੈਂਟਰ ਵਿਚ ਕੰਪਿਊਟਰ ਕੋਰਸ ਤੋਂ ਇਲਾਵਾ ਪੰਜਾਬੀ ਸਟੈਨੋਗ੍ਰਾਫੀ ਅਤੇ ਬਿਊਟੀਸ਼ੀਅਨ ਦਾ ਕੋਰਸ ਵੀ ਕਰਵਾਇਆ ਜਾਂਦਾ ਹੈ ਅਤੇ ਜਲਦ ਹੀ ਲੜਕਿਆਂ ਵਾਸਤੇ ਵੀ ਬਿਊਟੀਸ਼ੀਅਨ ਦਾ ਕੋਰਸ ਸ਼ੁਰੂ ਹੋ ਰਿਹਾ ਹੈ ਜਿਸ ਦਾ ਦਾਖਲਾ ਸ਼ੁਰੂ ਹੈ।ਇਹ ਸਾਰੇ ਕੋਰਸ ਤਜਰਬੇਕਾਰ ਸਟਾਫ ਵੱਲੋਂ ਅਤੇ ਬਹੁਤ ਘੱਟ ਫੀਸ ਵਿਚ ਕਰਵਾਏ ਜਾਂਦੇ ਹਨ ਅਤੇ ਇਹ ਸਾਰੇ ਕੋਰਸ ਆਈਐੱਸਓ ਪ੍ਰਮਾਣਿਤ ਹਨ।ਇਸ ਤੋਂ ਇਲਾਵਾ ਇਸ ਮੌਕੇ ਕੋਆਰਡੀਨੇਟਰ ਬਖਸ਼ੀ ਰਾਜ, ਸੈਂਟਰ ਸੰਚਾਲਕ ਬਲਜੀਤ ਸਿੰਘ ਅਤੇ ਸਟਾਫ ਪਰਮਿੰਦਰ ਕੌਰ, ਪ੍ਰਭਜੀਤ ਕੌਰ, ਹਰਲੀਨ ਕੌਰ, ਕਿਰਨ ਅਤੇ ਕਰਨ ਆਦਿ ਹਾਜ਼ਰ ਸਨ।

# ਜਾਲ੍ਹੀ ਰਜਿਸਟਰੀਆਂ ਦੀ ਛਿੜੀ ਚਰਚਾ ਡੀਸੀ ਦੇ ਤਬਾਦਲੇ ਮਗਰੋਂ ਠੰਡੇ ਬਸਤੇ 'ਚ ਪਈ




**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਤਹਿਸੀਲ ਕੰਪਲੈਕਸ ਭਿੱਖੀਵਿੰਡ 'ਚ ਕਥਿਤ ਤੌਰ 'ਤੇ ਹੋਈਆਂ ਜਾਅਲੀ ਰਜਿਸਟਰੀਆਂ ਦਾ ਮਾਮਲਾ ਜੋ ਕਰੀਬ ਦੋ ਕੁ ਮਹੀਨੇ ਪਹਿਲਾਂ ਚਰਚਾ ਦਾ ਵਿਸ਼ਾ ਬਣ ਗਿਆ ਸੀ, ਉਸ ਵੇਲੇ ਦੇ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਦੇ ਤਬਾਦਲੇ ਮਗਰੋਂ ਠੰਡੇ ਬਸਤੇ ਵਿੱਚ ਪੈ ਚੁੱਕਾ ਹੈ।ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜਾਅਲੀ ਰਜਿਸਟਰੀਆਂ ਦਾ ਸ਼ੋਰ ਜ਼ਿਲ੍ਹਾ ਪ੍ਰਸ਼ਾਸਨ ਤੱਕ ਪੁੱਜਣ ਤੋਂ ਬਾਅਦ ਤਹਿਸੀਲ ਅਮਲਾ ਪੂਰੀ ਤਰ੍ਹਾਂ ਚੌਕਸ ਨਜ਼ਰ ਆਇਆ, ਪ੍ਰੰਤੂ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਦਾ ਤਬਾਦਲਾ ਹੁੰਦੇ ਸਾਰ ਹੀ ਇਹ ਮਾਮਲਾ ਗੂੜ੍ਹੀ ਨੀਂਦ ਸੌਂ ਗਿਆ।ਕਥਿਤ ਤੌਰ 'ਤੇ ਮਾਲ ਮਹਿਕਮੇ ਅਧੀਨ ਕੰਮ ਕਰਦੇ ਕੁਝ ਕੁ ਕਰਮਚਾਰੀਆਂ ਨੇ ਵਿਭਾਗ ਦੇ ਸੁਵਿਧਾ (ਫਰਦ) ਕੇਂਦਰ ਅੰਦਰ ਲੌਗਿਨ ਦਾ ਗੈਰ-ਕਾਨੂੰਨੀ ਢੰਗ ਨਾਲ ਇਸਤੇਮਾਲ ਕਰਦਿਆਂ ਗੜਬੜੀਆਂ ਕੀਤੀਆਂ।ਇਸ ਮਾਮਲੇ ਮਗਰੋਂ ਤਹਿਸੀਲ 'ਚ ਕੰਮ ਕਰਦੇ ਕਰਮਚਾਰੀਆਂ ਨੇ ਆਪੋ-ਆਪਣੇ ਲੌਗਿਨ ਅਤੇ ਲੌਗ ਆਊਟ ਦਾ ਜਿੱਥੇ ਪੂਰਾ ਧਿਆਨ ਰੱਖਿਆ, ਉਥੇ ਹੀ ਤਹਿਸੀਲ ਅੰਦਰ ਹੁਣ ਤੱਕ ਹੋਈਆਂ ਅਜਿਹੀਆਂ ਰਜਿਸਟਰੀਆਂ/ਧੋਖਾਧੜੀਆਂ ਸੰਬੰਧੀ ਅੰਦਰੂਨੀ ਤੌਰ 'ਤੇ ਪੂਰੀ ਜਾਂਚ ਪੜਤਾਲ ਵੀ ਕੀਤੀ। ਦੱਸ ਦਈਏ ਕਿ ਤਹਿਸੀਲ ਕੰਪਲੈਕਸ ਵਿੱਚ ਹੋਈਆਂ ਕਥਿਤ ਜਾਅਲੀ ਰਜਿਸਟਰੀਆਂ ਦੀਆਂ ਚਰਚਾਵਾਂ ਮਗਰੋਂ ਇਲਾਕੇ ਦੇ ਲੋਕਾਂ ਅੰਦਰ ਡਰ ਤੇ ਸਹਿਮ ਦਾ ਮਾਹੌਲ ਪੈਦਾ ਹੋ ਗਿਆ ਹੈ।ਲੋਕ ਆਪਣੀਆਂ ਜ਼ਮੀਨ-ਜਾਇਦਾਦ ਨੂੰ ਲੈ ਕੇ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।ਅਜਿਹੀਆਂ ਧੋਖਾਧੜੀਆਂ ਲੋਕਾਂ ਲਈ ਵੱਡੀ ਮੁਸੀਬਤ ਖੜੀ ਕਰ ਸਕਦੀਆਂ ਹਨ ਕਿਉਂਕਿ ਮਾਲ ਵਿਭਾਗ ਦਾ ਰਿਕਾਰਡ ਹੀ ਲੋਕਾਂ ਦੀ ਜ਼ਮੀਨ-ਜਾਇਦਾਦ ਦੀ ਮਲਕੀਅਤ ਸਾਬਤ ਕਰਨ ਲਈ ਕੰਮ ਆਉਂਦਾ ਹੈ।ਜੇਕਰ ਇੱਥੇ ਹੀ ਟੈਂਪਰਿੰਗ ਹੋਣ ਲੱਗ ਗਈ ਤਾਂ ਲੋਕਾਂ ਲਈ ਇਹ ਬਹੁਤ ਵੱਡੀ ਮੁਸ਼ਕਿਲ ਸਾਬਤ ਹੋਵੇਗੀ।ਲੋਕਾਂ ਦੇ ਮਨਾਂ ਅੰਦਰ ਪੈਦਾ ਹੋਏ ਡਰ ਨੂੰ ਦੂਰ ਕਰਨ ਲਈ ਡਿਪਟੀ ਕਮਿਸ਼ਨਰ ਤਰਨ ਤਰਨ ਅਤੇ ਸਮੁੱਚੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਕੇ ਸੱਚ ਸਾਹਮਣੇ ਲਿਆਉਣਾ ਚਾਹੀਦਾ ਹੈ।ਇਸ ਮਾਮਲੇ ਸੰਬੰਧੀ ਜਦੋਂ ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸੰਬੰਧੀ ਉਨ੍ਹਾਂ ਕੋਲ ਕੋਈ ਵੀ ਜਾਣਕਾਰੀ ਨਹੀਂ ਹੈ।ਡਿਪਟੀ ਕਮਿਸ਼ਨਰ ਦਾ ਕਹਿਣਾ ਸੀ ਕਿ ਇਸ ਮਾਮਲੇ ਦੀ ਜਾਂਚ-ਪੜਤਾਲ ਜਲਦੀ ਸ਼ੁਰੂ ਕੀਤੀ ਜਾਵੇਗੀ।

# ਸ਼ੇਖਾ ਪਿੰਡ ਦੀ ਅਕਾਲੀ ਦਲ ਪੱਖੀ ਗ੍ਰਾਮ ਪੰਚਾਇਤ ਸਮਰਥਕਾਂ ਸਣੇ ਆਮ ਆਦਮੀ ਪਾਰਟੀ 'ਚ ਸ਼ਾਮਲ




**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਵਿਧਾਨ ਸਭਾ ਹਲਕਾ ਦੀਨਾਨਗਰ ਅੰਦਰ ਆਮ ਆਦਮੀ ਪਾਰਟੀ ਨੂੰ ਅੱਜ ਉਸ ਵੇਲੇ ਹੋਰ ਹੁਲਾਰਾ ਮਿਲਿਆ ਜਦੋਂ ਪਿੰਡ ਸ਼ੇਖਾ ਦੀ ਅਕਾਲੀ ਦਲ ਪੱਖੀ ਗ੍ਰਾਮ ਪੰਚਾਇਤ ਨੇ ਅਪਣੇ ਸਮਰਥਕਾਂ ਸਮੇਤ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਕਬੂਲਦਿਆਂ ਆਮ ਆਦਮੀ ਪਾਰਟੀ ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਵਿੱਚ ਪਿੰਡ ਸ਼ੇਖਾ ਦੀ ਸਰਪੰਚ ਸੰਦੀਪ ਕੌਰ, ਮੈਂਬਰ ਪੰਚਾਇਤ ਜਗੀਰ ਸਿੰਘ, ਵੀਰ ਕੌਰ, ਬਲਜਿੰਦਰ ਕੌਰ, ਰਾਜਵਿੰਦਰ ਮਸੀਹ, ਨੀਲਮ, ਹਰਜੀਤ ਕੌਰ ਅਤੇ ਮਨਜੀਤ ਕੌਰ ਦੇ ਇਲਾਵਾ ਉਹਨਾਂ ਦੇ ਸਮਰਥਕ ਅਮਨਦੀਪ, ਹਰਜੀਤ ਸਿੰਘ, ਮੱਖਣ ਸਿੰਘ, ਜਸਪਾਲ ਸਿੰਘ, ਰਛਪਾਲ ਸਿੰਘ, ਤਰਸੇਮ ਸਿੰਘ, ਲਖਬੀਰ ਸਿੰਘ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਚਰਨਜੀਤ ਸਿੰਘ, ਸਤਨਾਮ ਸਿੰਘ, ਦਲੇਰ ਸਿੰਘ ਤੇ ਪ੍ਰੇਮ ਸਿੰਘ ਦੇ ਨਾਂ ਮੁੱਖ ਤੌਰ ਤੇ ਸ਼ਾਮਲ ਹਨ ਜਿਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਪਾਰਟੀ ਅੰਦਰ ਪੂਰੇ ਮਾਣ ਸਨਮਾਨ ਦਾ ਭਰੋਸਾ ਦਿਵਾਇਆ ਗਿਆ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਥੋੜੇ ਹੀ ਸਮੇਂ ਦੌਰਾਨ ਜਿੰਨੇ ਵੀ ਫੈਸਲੇ ਲਏ ਹਨ ਉਹ ਸਭ ਲੋਕ ਹਿੱਤ ਦੇ ਫੈਸਲੇ ਹਨ ਅਤੇ ਸੂਬੇ ਦੇ ਲੋਕਾਂ ਨੂੰ ਉਹਨਾਂ ਫੈਸਲਿਆਂ ਨਾਲ ਸਿੱਧਾ ਲਾਭ ਹੋਇਆ ਹੈ।ਹਲਕਾ ਇੰਚਾਰਜ ਨੇ ਕਿਹਾ ਕਿ ਉਹ ਆਪ ਵੀ ਪਿਛਲੇ ਢਾਈ ਸਾਲ ਤੋਂ ਦਿਨ-ਰਾਤ ਹਲਕੇ ਦੇ ਲੋਕਾਂ ਨਾਲ ਵਿਚਰ ਰਹੇ ਹਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਲਕੇ ਦੇ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਕੰਮ ਕੀਤੇ ਜਾ ਰਹੇ ਹਨ ਜਿਸ ਤੋਂ ਹਲਕੇ ਦੇ ਲੋਕ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਨਾਲ ਲਗਾਤਾਰ ਜੁੜ ਰਹੇ ਹਨ।

# ਜ਼ਿਲ੍ਹਾ ਤਰਨਤਾਰਨੋਂ ਸ਼ੰਭੂ ਬਾਰਡਰ ਵੱਲ ਰਵਾਨਾ ਹੋਵੇਗਾ ਵੱਡਾ ਕਾਫਲਾ : ਮਾਣੋਚਾਹਲ, ਸ਼ਕਰੀ



**ਚੋਹਲਾ ਸਾਹਿਬ (ਰਮਨ ਚੱਢਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਵੱਲੋਂ ਸ਼ੰਭੂ ਬਾਰਡਰ ਲਈ ਵੱਡਾ ਕਾਫਲਾ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਅਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਦੀ ਅਗਵਾਈ ਹੇਠ 4 ਦਸੰਬਰ ਨੂੰ ਹਜ਼ਾਰਾਂ ਕਿਸਾਨਾਂ, ਮਜ਼ਦੂਰਾਂ, ਬੀਬੀਆ, ਨੌਜਵਾਨਾਂ ਦਾ ਕਾਫਲਾ ਰਵਾਨਾ ਹੋਵੇਗਾ। ਇਸ ਮੌਕੇ ਪ੍ਰੈੱਸ ਨੋਟ ਜਾਰੀ ਕਰਦਿਆਂ ਪ੍ਰਿੰਸੀਪਲ ਨਵਤੇਜ ਸਿੰਘ ਏਕਲ ਗੱਡਾ, ਰਣਜੋਧ ਸਿੰਘ ਗੱਗੋਬੂਆ ਕਿ ਅੱਜ ਗੁਰਦੁਆਰਾ ਬਾਬਾ ਕਾਹਨ ਸਿੰਘ ਜੀ ਦੇ ਅਸਥਾਨਾਂ ਪਿੰਡ ਪਿੱਦੀ ਵਿਖੇ ਜ਼ਿਲੇ ਦੀ ਜਨਰਲ ਬਾਡੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਕਿਸਾਨ ਆਗੂ ਹਰਜਿੰਦਰ ਸਿੰਘ ਸ਼ਕਰੀ, ਜਰਨੈਲ ਸਿੰਘ ਨੂਰਦੀ, ਫਤਿਹ ਸਿੰਘ ਪਿੱਦੀ, ਹਰਬਿੰਦਰਜੀਤ ਸਿੰਘ ਕੰਗ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਦਿਆਲ ਸਿੰਘ ਮੀਆਂਵਿੰਡ, ਰੇਸ਼ਮ ਸਿੰਘ ਘੁਰਕਵਿੰਡ, ਬੀਬੀ ਰਣਜੀਤ ਕੌਰ ਕੱਲਾ, ਬੀਬੀ ਦਵਿੰਦਰ ਕੌਰ ਪਿੱਦੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸ਼ੰਭੂ ਬਾਰਡਰ ਤੇ ਲੱਗੇ ਮੋਰਚੇ ਨੂੰ 9 ਮਹੀਨਿਆਂ ਤੋਂ ਵੱਧ ਸਮਾਂ ਹੋ, ਗਿਆ ਹੈ ਪਰ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਮੋਰਚੇ ਨੂੰ ਫੇਲ ਕਰਨ ਦੀਆਂ ਸਕੀਮਾਂ ਘੜ ਰਹੀ ਹੈ ਜੋ ਕਿਸੇ ਵੀ ਕੀਮਤ 'ਤੇ ਨਹੀਂ ਹੋਣ ਦਿੱਤਾ ਜਾਵੇਗਾ। ਮੋਰਚੇ ਨੂੰ ਅੱਗੇ ਵਧਾਉਣ ਲਈ ਦੋਹਾਂ ਫੋਰਮਾਂ ਵੱਲੋਂ ਵੱਡੇ ਐਕਸ਼ਨ ਉਲੀਕੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 26 ਤਰੀਕ ਤੋਂ ਆਗੂਆਂ ਦਾ ਮਰਨ ਵਰਤ 'ਤੇ ਬੈਠਣਾ ਅਤੇ 6 ਦਸੰਬਰ ਨੂੰ ਦਿੱਲੀ ਵੱਲ ਕੂਚ ਦਾ ਐਲਾਨ ਹੋ ਚੁੱਕਾ ਹੈ। ਦਿੱਲੀ ਵੱਲ ਕੂਚ ਜਥਿਆਂ ਦੇ ਰੂਪ ਵਿੱਚ ਕੀਤਾ ਜਾਵੇਗਾ ਜਿਸ ਵਿੱਚ ਪਹਿਲੇ ਜਥੇ ਦੀ ਅਗਵਾਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਸਤਨਾਮ ਸਿੰਘ ਪੰਨੂੰ, ਸਵਿੰਦਰ ਸਿੰਘ ਚੁਤਾਲਾ ਅਤੇ ਸੁਰਜੀਤ ਸਿੰਘ ਫੂਲ ਕਰਨਗੇ। ਦਿੱਲੀ ਕੂਚ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ, ਮਜ਼ਦੂਰਾਂ ਅਤੇ ਆਮ ਵਰਗ ਦੇ ਲੋਕਾਂ ਦੀਆਂ ਹੱਕੀ ਮੰਗਾਂ ਫੌਰਨ ਤੌਰ ਤੇ ਮੰਨ ਲੈਣ ਨਹੀਂ ਤਾਂ ਕਿਸਾਨ ਹੁਣ ਸਰਕਾਰ ਨਾਲ ਸਿੱਧੀ ਟੱਕਰ ਲੈਣਗੇ ਚਾਹੇ ਸਰਕਾਰ ਜਿੰਨੀਆਂ ਮਰਜ਼ੀ ਲਾਸ਼ਾਂ ਵਿਛਾ ਦੇਵੇ ਹੁਣ ਪਿੱਛੇ ਨਹੀਂ ਹਟਿਆ ਜਾਵੇਗਾ ਅਤੇ ਦਿੱਲੀ ਹਰ ਹਾਲਤ ਵਿੱਚ ਜਾਣਾ ਅਤੇ ਮੰਗਾਂ ਮਨਵਾਉਣ ਲਈ ਵੱਡੀ ਤਿਆਰੀ ਨਾਲ ਸਰਕਾਰ ਨਾਲ ਲੜਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਖਤਾਰ ਸਿੰਘ ਬਿਹਾਰਪੁਰ, ਇਕਬਾਲ ਸਿੰਘ ਵੜਿੰਗ, ਨਰੰਜਣ ਸਿੰਘ ਬਰਗਾੜੀ, ਬਲਜਿੰਦਰ ਸਿੰਘ ਸੇਰੋ, ਗਿਆਨ ਸਿੰਘ ਚੋਹਲਾ ਖੁਰਦ, ਮਨਜਿੰਦਰ ਸਿੰਘ ਗੋਹਲਵੜ, ਕੁਲਵਿੰਦਰ ਸਿੰਘ ਕੈਰੋਂਵਾਲ, ਸੁਖਚੈਨ ਸਿੰਘ ਅੱਲੋਵਾਲ, ਸਲਵਿੰਦਰ ਸਿੰਘ ਜੀਓਬਾਲਾ, ਪਰਮਜੀਤ ਸਿੰਘ ਛੀਨਾ, ਕੁਲਵੰਤ ਸਿੰਘ ਭੈਲ, ਦਿਲਬਾਗ ਸਿੰਘ ਪਹੁਵਿੰਡ, ਮਨਜੀਤ ਸਿੰਘ ਕਰਮੂਵਾਲ, ਪਾਖਰ ਸਿੰਘ ਲਾਲਪੁਰਾ, ਬੀਬੀ ਰੰਜੂ ਕੌਰ, ਬੀਬੀ ਜਸਬੀਰ ਕੌਰ ਦਬੁਰਜੀ ਸਮੇਤ ਵੱਖ ਵੱਖ ਪਿੰਡਾਂ ਤੋਂ ਕਿਸਾਨ ਅਤੇ ਮਜ਼ਦੂਰ ਤੇ ਆਗੂ ਹਾਜ਼ਰ ਸਨ।

# ਪੱਤਰਕਾਰ ਸੁਰਜੀਤ ਸਿੰਘ ਬੁਤਾਲਾ ਨੂੰ ਸਦਮਾ, ਮਾਤਾ ਦਾ ਦਿਹਾਂਤ



**ਬੁਤਾਲਾ (ਨਿਰਮਲ ਸਿੰਘ ਸੰਘਾ)**-ਫੀਲਡ ਪੱਤਰਕਾਰ ਐਸੋਸੀਏਸ਼ਨ ਸਬ-ਡਵੀਜ਼ਨ ਬਾਬਾ ਬਕਾਲਾ ਸਾਹਿਬ ਦੇ ਸਕੱਤਰ ਅਤੇ ਕਿਸਾਨ ਆਗੂ ਅਤੇ ਪੱਤਰਕਾਰ ਸ: ਸੁਰਜੀਤ ਸਿੰਘ ਬੁਤਾਲਾ ਨੂੰ ਉਦੋਂ ਭਾਰੀ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਜੋਗਿੰਦਰ ਕੌਰ (90) ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।ਉਨ੍ਹਾਂ ਦਾ ਅੰਤਿਮ ਸੰਸਕਾਰ ਦੁਪਹਿਰ ਨੂੰ ਰਾਜਪੁਰ (ਬੁਤਾਲਾ) ਦੇ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ ।ਇਸ ਮੌਕੇ ਫੀਲਡ ਪੱਤਰਕਾਰ ਐਸੋਸੀਏਸ਼ਨ ਸਬ-ਡਵੀਜ਼ਨ ਬਾਬਾ ਬਕਾਲਾ ਸਾਹਿਬ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਤਹਿਸੀਲ ਬਾਬਾ ਬਕਾਲਾ ਸਾਹਿਬ ਵੱਲੋਂ ਮਾਤਾ ਦੀ ਮ੍ਰਿਤਕ ਦੇਹ 'ਤੇ ਦੁਸ਼ਾਲੇ ਭੇਟ ਕੀਤੇ ਗਏ।

ਇਸ ਮੌਕੇ ਫੀਲਡ ਪੱਤਰਕਾਰ ਐਸੋਸੀਏਸ਼ਨ ਸਬ-ਡਵੀਜ਼ਨ ਬਾਬਾ ਬਕਾਲਾ ਸਾਹਿਬ ਦੇ ਪ੍ਰਧਾਨ ਸ਼ੈਲੰਦਰਜੀਤ ਸਿੰਘ ਰਾਜਨ, ਸਰਪ੍ਰਸਤ ਹਰਜੀਪ੍ਰੀਤ ਸਿੰਘ ਕੰਗ, ਸਤਨਾਮ ਸਿੰਘ ਨੌਰੰਗਪੁਰੀ, ਬਲਵਿੰਦਰ ਸਿੰਘ ਅਠੌਲਾ, ਕਮਲਪ੍ਰੀਤ ਸਿੰਘ ਹੈਪੀ, ਨਿਰਮਲ ਸਿੰਘ ਸੰਘਾ, ਹਰਜੀਤ ਸਿੰਘ ਬੁਤਾਲਾ, ਜਗਦੀਸ਼ ਸਿੰਘ ਬਮਰਾਹ, ਗੁਰਪ੍ਰੀਤ ਸਿੰਘ ਬਾਬਾ ਬਕਾਲਾ (ਸਾਰੇ ਪੱਤਰਕਾਰ ਭਾਈਚਾਰਾ) ਤੋਂ ਇਲਾਵਾ ਸਰਪੰਚ ਤੇਜਿੰਦਰ ਸਿੰਘ ਬੱਲ, ਅਨੋਖ ਸਿੰਘ ਝਲਾੜੀ, ਕਿਸਾਨ ਆਗੂ ਤਰਸੇਮ ਸਿੰਘ, ਅਜੀਤ ਸਿੰਘ ਠੱਠੀਆਂ, ਭੁਪਿੰਦਰ ਸਿੰਘ ਬੁਤਾਲਾ ਅਤੇ ਹੋਰ ਸ਼ਖਸੀਅਤਾਂ ਨੇ ਸਸਕਾਰ ਮੌਕੇ ਪੁੱਜ ਕੇ ਦੁੱਖ ਦੀ ਘੜੀ ਵਿੱਚ ਸੁਰਜੀਤ ਸਿੰਘ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ।

# ਐੱਸ ਐੱਮ ਓ ਰਾਜ ਮਸੀਹ ਦਾ ਵਿਦਾਇਗੀ ਮੌਕੇ ਸਟਾਫ ਵੱਲੋਂ ਸਨਮਾਨ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਕਾਦੀਆਂ ਰਾਜ ਮਸੀਹ ਦੀ ਵਿਦਾਇਗੀ ਮੌਕੇ ਉਹਨਾਂ ਦੇ ਸਟਾਫ ਮੈਂਬਰਾਂ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ ਦੇ ਕੇ ਅਤੇ ਵਿਦਾਇਗੀ ਪਾਰਟੀ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਦੱਸ ਦਈਏ ਕਿ ਐੱਸਐੱਮਓ ਰਾਜ ਮਸੀਹ ਜੋ ਕਿ ਕਾਦੀਆਂ ਸਿਵਲ ਹਸਪਤਾਲ ਅਤੇ ਸਿਵਲ ਹਸਪਤਾਲ ਭਾਮ ਵਿਖੇ ਬਤੌਰ ਆਪਣੀਆਂ ਐੱਸਐੱਮਓ ਵਜੋਂ ਸੇਵਾਵਾਂ ਨਿਭਾ ਰਹੇ ਸਨ।ਵਿਦਾਇਗੀ ਮੌਕੇ ਸਿਵਲ ਹਸਪਤਾਲ ਕਾਦੀਆਂ ਦੇ ਸਮੂਹ ਸਟਾਫ ਮੈਂਬਰਾਂ ਵਿੱਚ ਮੈਡੀਕਲ ਅਫਸਰ ਡਾ. ਸ਼ੁਭਨੀਤ ਕੁਮਾਰ, ਡਾ. ਪੱਲਵੀ, ਹੈਲਥ ਇੰਸਪੈਕਟਰ ਕੁਲਬੀਰ ਸਿੰਘ, ਸਤਪਾਲ ਸਿੰਘ, ਲਖਬੀਰ ਸਿੰਘ, ਬਲਵਿੰਦਰ ਸਿੰਘ ਸਮੇਤ ਸਮੁੱਚੇ ਸਿਵਲ ਹਸਪਤਾਲ ਕਾਦੀਆਂ ਦੇ ਸਟਾਫ ਮੈਂਬਰਾਂ ਵੱਲੋਂ ਸਨਮਾਨ ਚਿੰਨ ਦੇ ਕੇ ਅਤੇ ਪਾਰਟੀ ਦੇ ਕੇ ਐੱਸਐੱਮਓ ਰਾਜ ਮਸੀਹ ਨੂੰ ਸਨਮਾਨਿਤ ਕੀਤਾ ਗਿਆ। ਐੱਸਐੱਮਓ ਰਾਜ ਮਸੀਹ ਦੇ ਵੱਲੋਂ ਆਪਣੇ ਸਮੂਹ ਸਟਾਫ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।ਉਨ੍ਹਾਂ ਸਟਾਫ ਨੂੰ ਭਵਿੱਖ ਵਿੱਚ ਵੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਪਹਿਲਾਂ ਦੀ ਤਰ੍ਹਾਂ ਪੂਰੀ ਇਮਾਨਦਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ ।

# ਗਰਲਜ਼ ਬ੍ਰਾਸ ਬੈਂਡ ਵੱਲੋਂ ਰਾਜ ਪੱਧਰੀ ਸਕੂਲ ਬੈਂਡ ਮੁਕਾਬਲੇ 'ਚ ਪਹਿਲੇ ਸਥਾਨ 'ਤੇ ਕਬਜ਼ਾ



**ਪਠਾਨਕੋਟ (ਦਵਿੰਦਰ ਸਿੰਘ)**-ਪ੍ਰਤਾਪ ਵਰਲਡ ਸਕੂਲ (ਪੀ ਡਬਲਯੂ ਐੱਸ), ਪਠਾਨਕੋਟ ਦੇ ਗਰਲਜ਼ ਬ੍ਰਾਸ ਬੈਂਡ ਨੇ ਰਾਜ ਪੱਧਰੀ ਸਕੂਲ ਬੈਂਡ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਜੋ ਕਿ ਫਤਿਹਗੜ੍ਹ ਸਾਹਿਬ, ਪੰਜਾਬ ਵਿਖੇ ਆਯੋਜਿਤ ਕੀਤਾ ਗਿਆ ਸੀ।ਰਾਜ ਦੇ 89 ਸਕੂਲਾਂ ਦੀਆਂ ਟੀਮ ਨੇ ਬੇਮਿਸਾਲ ਤਾਲਮੇਲ, ਸੰਗੀਤ ਅਤੇ ਅਨੁਸ਼ਾਸਨ ਦਾ ਪ੍ਰਦਰਸ਼ਨ ਕੀਤਾ ਅਤੇ ਚੋਟੀ ਦਾ ਸਥਾਨ ਹਾਸਲ ਕੀਤਾ।ਸਖ਼ਤ ਮੁਕਾਬਲੇ ਅਤੇ ਅਥਾਹ ਪ੍ਰਤਿਭਾ ਦੇ ਵਿਚਕਾਰ ਆਯੋਜਿਤ ਪ੍ਰਤੀਯੋਗਿਤਾ ਨੇ ਭਾਗੀਦਾਰਾਂ ਦੇ ਸ਼ਾਨਦਾਰ ਹੁਨਰ ਅਤੇ ਸਮਰਪਣ ਨੂੰ ਸਾਬਤ ਕੀਤਾ।ਪੀਡਬਲਯੂਐੱਸ ਗਰਲਜ਼ ਬ੍ਰਾਸ ਬੈਂਡ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਜੱਜਾਂ ਅਤੇ ਦਰਸ਼ਕਾਂ ਦਾ ਮਨ ਮੋਹ ਲਿਆ।ਨਿਰਦੇਸ਼ਕ ਸੰਨੀ ਮਹਾਜਨ ਨੇ ਮਾਣ ਪ੍ਰਗਟ ਕਰਦਿਆਂ ਕਿਹਾ ਕਿ ਇਹ ਜਿੱਤ ਸਾਡੇ ਵਿਦਿਆਰਥੀਆਂ ਦੀ ਪ੍ਰਤਿਭਾ ਦਾ ਪ੍ਰਮਾਣ ਹੈ। ਉਹਨਾਂ ਦੇ ਸਲਾਹਕਾਰਾਂ ਦੇ ਅਣਥੱਕ ਯਤਨਾਂ ਦਾ ਪ੍ਰਤੀਬਿੰਬ ਹੈ।ਅਸੀਂ ਅਜਿਹੇ ਪਲੇਟਫਾਰਮ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਜਿੱਥੇ ਵਿਦਿਆਰਥੀ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕਰ ਸਕਣ ਅਤੇ ਆਪਣੇ ਸੁਪਨਿਆਂ ਨੂੰ ਪੂਰਾ ਕਰ ਸਕਣ।ਨਿਰਦੇਸ਼ਕ ਓਸ਼ਿਨ ਮਹਾਜਨ ਨੇ ਕਿਹਾ ਕਿ ਇਹ ਪ੍ਰਾਪਤੀ ਇਸ ਗੱਲ ਦੀ ਇੱਕ ਵਧੀਆ ਉਦਾਹਰਣ ਹੈ ਕਿ ਕਿਵੇਂ ਪਰਤਾਪ ਵਰਲਡ ਸਕੂਲ ਸਰਬਪੱਖੀ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ।ਸਾਡੇ ਵਿਦਿਆਰਥੀਆਂ ਦੇ ਸਮਰਪਣ ਅਤੇ ਟੀਮ ਵਰਕ ਨੇ ਉਤਮਤਾ ਲਈ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ।ਮੈਂ ਇਸ ਸ਼ਾਨਦਾਰ ਪ੍ਰਾਪਤੀ ਲਈ ਪੂਰੀ ਬੈਂਡ ਟੀਮ ਅਤੇ ਉਨ੍ਹਾਂ ਦੇ ਸਲਾਹਕਾਰਾਂ ਨੂੰ ਦਿਲੋਂ ਵਧਾਈ ਦਿੰਦਾ ਹਾਂ।

# ਸ਼੍ਰੀ ਵਾਲਮੀਕਿ ਤੀਰਥ ਸਥਾਨ ਵਿਖੇ ਮੂਰਤੀ ਸਥਾਪਨਾ ਦਿਵਸ ਉਤਸ਼ਾਹਪੂਰਵਕ ਮਨਾਇਆ



**ਜੰਡਿਆਲਾ ਗੁਰੂ/ਅੰਮ੍ਰਿਤਸਰ, (ਹਰਿੰਦਰ ਪਾਲ ਸਿੰਘ,ਨਰਿੰਦਰ ਜੀਤ ਸਿੰਘ)**-ਸ਼੍ਰੀ ਵਾਲਮੀਕ ਤੀਰਥ ਵਿਖੇ ਮੂਰਤੀ ਸਥਾਪਨਾ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ।ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਸੰਗਤਾਂ ਨੂੰ ਵਧਾਈ ਦੇਣ ਦੀ ਉਚੇਚੇ ਤੌਰ ਉਤੇ ਤੀਰਥ ਵਿਖੇ ਪੁੱਜੇ ਅਤੇ ਇਹਨਾਂ ਜਸ਼ਨਾਂ ਵਿੱਚ ਹਿੱਸਾ ਲਿਆ।ਕੈਬਨਿਟ ਮੰਤਰੀ ਨੇ ਕਿਹਾ ਕਿ ਆਦਿ ਕਵੀ ਮਹਾਂਰਿਸ਼ੀ ਵਾਲਮੀਕਿ ਜੀ ਨੇ ਮਾਨਵਤਾ ਦੀ ਭਲਾਈ ਅਤੇ ਕਲਿਆਣ ਲਈ ਵਡਮੁੱਲਾ ਯੋਗਦਾਨ ਪਾਇਆ ਹੈ।ਰਾਮਾਇਣ ਦੇ ਰਚੇਤਾ ਭਗਵਾਨ ਵਾਲਮੀਕਿ ਨੇ ਲਵ ਅਤੇ ਕੁਸ਼ ਨੂੰ ਸਿੱਖਿਆ ਦਿੱਤੀ ਅਤੇ ਰਾਮਾਇਣ ਪਾਠ ਯਾਦ ਕਰਵਾਇਆ, ਜਿਸ ਵਿੱਚ 24000 ਹਜ਼ਾਰ ਸਲੋਕ ਤੇ 7 ਕਾਂਡ ਹਨ। ਉਹਨਾਂ ਕਿਹਾ ਕਿ ਅਸੀਂ ਭਗਵਾਨ ਵਾਲਮੀਕਿ ਦੁਆਰਾ ਦਰਸਾਏ ਗਏ ਮਾਰਗ ਉਤੇ ਚੱਲ ਕੇ ਜਿੱਥੇ ਆਪਣਾ ਜੀਵਨ ਸਫਲਾ ਕਰ ਸਕਦੇ ਹਾਂ ਉਥੇ ਸਮਾਜ ਦੇ ਭਲੇ ਲਈ ਵੱਡਾ ਯੋਗਦਾਨ ਪਾ ਸਕਦੇ ਹਾਂ।ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕੀਤੀ।

# ਤਰਕਸ਼ੀਲ ਸੁਸਾਇਟੀ ਨੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦਾ ਨਤੀਜਾ ਐਲਾਨਿਆ

## ਆਤਮ ਪਬਲਿਕ ਸਕੂਲ ਦੇ ਨਮਨ ਨੇ ਸੂਬਾਈ ਪੱਧਰ 'ਤੇ ਤੀਜਾ ਸਥਾਨ ਹਾਸਲ ਕੀਤਾ



**ਅੰਮ੍ਰਿਤਸਰ (ਜਸਬੀਰ ਪੱਟੀ)**-ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੇ ਮਕਸਦ ਨੂੰ ਲੈ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ 20-21 ਅਕਤੂਬਰ ਅਤੇ 13 ਨਵੰਬਰ ਨੂੰ ਮਿਡਲ ਅਤੇ ਸੈਕੰਡਰੀ ਗਰੁੱਪਾਂ ਅਤੇ ਦੋ ਪੜਾਵਾਂ ਵਿੱਚ ਕਰਵਾਈ ਗਈ ਛੇਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੇ ਨਤੀਜੇ ਦਾ ਐਲਾਨ ਕਰ ਦਿੱਤਾ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਤਰਕਸ਼ੀਲ ਸੁਸਾਇਟੀ ਦੀ ਅੰਮ੍ਰਿਤਸਰ ਇਕਾਈ ਦੇ ਆਗੂਆਂ ਜਸਪਾਲ ਬਾਸਰਕੇ, ਪ੍ਰਿੰਸੀਪਲ ਮੇਲਾ ਰਾਮ ਅਤੇ ਸੂਬਾਈ ਆਗੂ ਸੁਮੀਤ ਸਿੰਘ ਨੇ ਦੱਸਿਆ ਕਿ ਸੂਬਾਈ ਪੱਧਰ ਤੇ ਆਤਮ ਪਬਲਿਕ ਸਕੂਲ ਇਸਲਾਮਾਬਾਦ ਦੇ ਵਿਦਿਆਰਥੀ ਨਮਨ ਨੇ + 2 ਜਮਾਤ 'ਚੋਂ ਤੀਸਰਾ ਸਥਾਨ ਹਾਸਲ ਕੀਤਾ।ਸਾਰਾਗੜ੍ਹੀ ਮੈਮੋਰੀਅਲ ਸਕੂਲ ਆਫ ਐਮੀਨੈਂਸ ਦੀ ਕੋਮਲਪ੍ਰੀਤ ਕੌਰ ਨੇ ਅੱਠਵੀਂ ਜਮਾਤ ਅਤੇ ਓਲੀਮੁਨ ਨਿਸ਼ਾ ਨੇ +2 'ਚੋਂ ਮਾਝਾ ਜ਼ੋਨ ਪੱਧਰ ਤੇ ਪਹਿਲਾ ਸਥਾਨ ਹਾਸਿਲ ਕੀਤਾ।ਅੰਮ੍ਰਿਤਸਰ ਇਕਾਈ ਵੱਲੋਂ ਅੱਠ ਸਕੂਲਾਂ ਵਿੱਚ ਕਰਵਾਈ ਗਈ। ਇਸ ਪ੍ਰੀਖਿਆ ਵਿੱਚੋਂ ਇਕਾਈ ਪੱਧਰ ਤੇ ਆਤਮ ਪਬਲਿਕ ਸਕੂਲ ਦੇ ਜਮਾਤ ਛੇਵੀਂ ਦੀ ਵਿਦਿਆਰਥਣ ਜੀਆ ਅਤੇ ਰਾਸ਼ਟਰੀਆ ਬਾਲ ਸ਼ਿਕਸ਼ਾ ਕੇਂਦਰ ਇਸਲਾਮਾਬਾਦ ਦੇ ਛੇਵੀਂ ਜਮਾਤ ਦੇ ਵਿਦਿਆਰਥੀ ਅਮਰ ਨੇ ਸਾਂਝੇ ਤੌਰ ਤੇ ਪਹਿਲਾ ਸਥਾਨ ਹਾਸਲ ਕੀਤਾ।ਆਤਮ ਪਬਲਿਕ ਸਕੂਲ ਇਸਲਾਮਾਬਾਦ ਦੇ ਵਿਦਿਆਰਥੀ ਮਾਯੂਰੇਸ਼ ਨੇ ਸੱਤਵੀਂ ਜਮਾਤ 'ਚੋਂ ਅਤੇ ਵੀਰ ਵਰਮਾ ਨੇ ਅੱਠਵੀਂ ਜਮਾਤ 'ਚੋਂ ਅਤੇ ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ ਦੀ ਵਿਦਿਆਰਥਣ ਪ੍ਰਦੀਪ ਕੌਰ ਨੇ ਨੌਵੀਂ ਜਮਾਤ 'ਚੋਂ ਪਹਿਲਾ ਸਥਾਨ ਹਾਸਿਲ ਕੀਤਾ। ਆਤਮ ਪਬਲਿਕ ਸਕੂਲ ਇਸਲਾਮਾਬਾਦ ਦੀ ਵਿਦਿਆਰਥਣ ਰੂਪਾਲੀ ਅਤੇ ਸਰਕਾਰੀ ਹਾਈ ਸਕੂਲ, ਮਕਬੂਲਪੁਰਾ, ਅੰਮ੍ਰਿਤਸਰ ਦੀ ਵਿਦਿਆਰਥਣ ਨਿਤਾਸ਼ਾ ਨੇ ਸਾਂਝੇ ਤੌਰ ਤੇ ਦਸਵੀਂ ਜਮਾਤ 'ਚੋਂ ਪਹਿਲਾ ਸਥਾਨ ਹਾਸਿਲ ਕੀਤਾ। ਰਾਸ਼ਟਰੀਆ ਬਾਲ ਸ਼ਿਕਸ਼ਾ ਕੇਂਦਰ ਦੀ ਵਿਦਿਆਰਥਣ ਪਲਵੀ ਕੁਮਾਰੀ ਨੇ +1 ਜਮਾਤ 'ਚੋਂ ਅਤੇ ਇਸੇ ਸਕੂਲ ਦੀ ਵਿਦਿਆਰਥਣ ਸਵੀਤਾ ਮੀਨਾ ਨੇ +2 ਜਮਾਤ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਹਰ ਜਮਾਤ 'ਚੋਂ ਸੂਬਾਈ ਪੱਧਰ ਤੇ ਮੈਰਿਟ ਵਿਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਦਸੰਬਰ ਵਿੱਚ ਸੂਬਾਈ ਪੱਧਰ ਤੇ ਤਰਕਸ਼ੀਲ ਭਵਨ ਬਰਨਾਲੇ ਵਿਖੇ ਹੋਣ ਵਾਲੇ ਵਿਸ਼ੇਸ਼ ਸਨਮਾਨ ਸਮਾਗਮ ਵਿੱਚ ਨਕਦ ਇਨਾਮ, ਤਰਕਸ਼ੀਲ ਕਿਤਾਬਾਂ, ਯਾਦਗਾਰੀ ਚਿੰਨ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।ਇਸੇ ਤਰ੍ਹਾਂ ਜ਼ੋਨ ਅਤੇ ਇਕਾਈ ਪੱਧਰ ਤੇ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਥਾਨਕ ਪੱਧਰ ਤੇ ਸਮਾਗਮ ਵਿੱਚ ਤਰਕਸ਼ੀਲ ਕਿਤਾਬਾਂ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਇਹ ਪਰਖ ਪ੍ਰੀਖਿਆ ਪੰਜਾਬ ਦੇ ਵੱਖ-ਵੱਖ ਸਰਕਾਰੀ ਅਤੇ ਨਿੱਜੀ ਸਕੂਲਾਂ ਵਿਚ ਸਥਾਪਤ 501 ਪ੍ਰੀਖਿਆ ਕੇਂਦਰਾਂ ਵਿਚ ਕਰਵਾਈ ਗਈ ਸੀ ਅਤੇ ਇਸ ਪ੍ਰੀਖਿਆ ਵਿਚ ਭਾਗ ਲੈਣ ਲਈ ਕੁੱਲ 30585 ਵਿਦਿਆਰਥੀਆਂ ਦੀ ਰਜਿਸਟਰੇਸ਼ਨ ਕੀਤੀ ਗਈ ਸੀ ਜਦਕਿ 26382 ਵਿਦਿਆਰਥੀਆਂ ਨੇ ਭਾਗ ਲਿਆ।ਤਰਕਸ਼ੀਲ ਆਗੂਆਂ ਐਡਵੋਕੇਟ ਅਮਰਜੀਤ ਬਾਈ ਅਤੇ ਮਾਸਟਰ ਬਲਦੇਵ ਰਾਜ ਵੇਰਕਾ ਨੇ ਪ੍ਰੀਖਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਕੂਲ ਮੁਖੀਆਂ, ਪ੍ਰਬੰਧਕ ਕਮੇਟੀਆਂ, ਅਧਿਆਪਕਾਂ, ਮਾਪਿਆਂ ਦੇ ਇਲਾਵਾ ਪੰਜਾਬ ਦੇ ਸਮੂਹ ਜ਼ੋਨ ਤੇ ਇਕਾਈ ਮੁਖੀਆਂ ਅਤੇ ਵਿਸ਼ੇਸ਼ ਕਰਕੇ ਵਿਦਿਆਰਥੀਆਂ ਦਾ ਵੀ ਧੰਨਵਾਦ ਕੀਤਾ ਹੈ।ਇਸ ਮੌਕੇ ਰਾਜ ਕੁਮਾਰ ਵੇਰਕਾ, ਰਮੇਸ਼ ਜੈਨ, ਸੁਖਮੀਤ ਸਿੰਘ, ਪਰਮਜੀਤ ਸਿੰਘ, ਹਰਜਿੰਦਰ ਜਲਾਲਪੁਰ ਅਤੇ ਅਨਮੋਲ ਸਿੰਘ ਆਦਿ ਮੈਂਬਰ ਹਾਜ਼ਰ ਸਨ।

# ਗੁਰਦੁਆਰਾ ਬੀਬੀ ਕੌਲਾਂ ਜੀ ਕੌਲਸਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਸ਼ੁਰੂ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਗੁਰਦੁਆਰਾ ਬੀਬੀ ਕੌਲਾਂ ਜੀ ਕੌਲਸਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਵਿੱਚ ਦੂਸਰੇ ਦਿਨ ਵੀ ਸੰਗਤਾਂ ਵਿੱਚ ਸੇਵਾ ਪ੍ਰਤੀ ਭਾਰੀ ਉਤਸ਼ਾਹ ਵੇਖਿਆ ਗਿਆ। ਇਹ ਪ੍ਰਗਟਾਵਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਮੁੱਖ ਸੇਵਾਦਾਰ ਭਾਈ ਗੁਰਇਕਬਾਲ ਸਿੰਘ ਨੇ ਕਰਦਿਆਂ ਦੱਸਿਆ ਕਿ ਗੁਰਦੁਆਰਾ ਬੀਬੀ ਕੌਲਾਂ ਜੀ ਕੌਲਸਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਸਿੰਘ ਸਾਹਿਬਾਨ ਸੰਤ ਮਹਾਂਪੁਰਸ਼ ਵੱਲੋਂ ਟੱਕ ਲਗਾ ਕੇ ਆਰੰਭ ਕੀਤੀ ਗਈ ਸੀ। ਇਸ ਕਾਰ ਸੇਵਾ ਦੇ ਦੂਸਰੇ ਦਿਨ ਵੀ ਸੰਗਤਾਂ ਵਿੱਚ ਭਾਰੀ ਉਤਸ਼ਾਹ ਵੇਖਿਆ ਗਿਆ। ਅੰਮ੍ਰਿਤਸਰ ਸਾਹਿਬ ਅਤੇ ਪਿੰਡਾਂ ਦੀਆਂ ਸੰਗਤਾਂ ਤੋਂ ਇਲਾਵਾ ਵਿਦੇਸ਼ਾਂ ਦੀਆਂ ਸੰਗਤਾਂ ਨੇ ਵੀ ਸੇਵਾ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰੀਆਂ ਭਰੀਆਂ। ਭਾਈ ਸਾਹਿਬ ਨੇ ਦੱਸਿਆ ਕਿ ਸੰਗਤਾਂ ਬੜੇ ਚਾਅ ਨਾਲ ਕਾਰ ਸੇਵਾ ਵਿੱਚ ਹਾਜ਼ਰੀਆਂ ਭਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਐਤਵਾਰ ਸ਼ਹੀਦਾਂ ਸਾਹਿਬ ਜਪ ਤਪ ਚੁਪਹਿਰਾ ਅਤੇ ਮੱਸਿਆ ਹੋਣ ਕਰਕੇ ਸੰਗਤਾਂ ਦਾ ਭਾਰੀ ਇਕੱਠ ਹੋਣ ਕਰਕੇ ਆਵਾਜਾਈ ਦੀ ਸਮੱਸਿਆ ਹੋਣ ਕਾਰਨ ਗੁਰਦੁਆਰਾ ਬੀਬੀ ਕੌਲਾਂ ਜੀ ਕੌਲਸਰ ਸਰੋਵਰ ਦੀ ਕਾਰ ਸੇਵਾ ਐਤਵਾਰ ਵਿਸ਼ਰਾਮ ਹੋਵੇਗੀ। ਸੋਮਵਾਰ ਤੋਂ ਇਹ ਸੇਵਾ ਜਾਰੀ ਰਹੇਗੀ। ਇਸ ਮੌਕੇ ਗੁਰਦੁਆਰਾ ਬੀਬੀ ਕੌਲਾਂ ਜੀ ਦੇ ਮੈਨੇਜਰ ਬਿਕਰਮਜੀਤ ਸਿੰਘ, ਹੈੱਡ ਗ੍ਰੰਥੀ ਭਾਈ ਗੁਰਵਿੰਦਰ ਸਿੰਘ, ਪਹੂ ਵਿੰਡ ਸਾਹਿਬ ਤੋਂ ਬਾਬਾ ਹਰਮਿੰਦਰ ਸਿੰਘ ਕਾਰ ਸੇਵਾ ਵਾਲੇ ,ਬੀਬੀ ਵੀਰੋ ਜੀ ਦੇ ਗੁਰਦੁਆਰਾ ਸਾਹਿਬ ਦੇ ਰਸੀਵਰ ਭਾਈ ਬਲਵਿੰਦਰ ਸਿੰਘ ਝਬਾਲ , ਭਾਈ ਗੁਰਦੀਪ ਸਿੰਘ ਸਲੂਜਾ ।

ਨਵਾਂ ਜ਼ਮਾਨਾ
ਸੋਮਵਾਰ, 2 ਦਸੰਬਰ 2024

# ਵਿਚਲੀ ਗੱਲ

*ਮਹਾਰਾਸ਼ਟਰ ਅਸੰਬਲੀ ਚੋਣਾਂ ਦੇ ਨਤੀਜੇ ਨਿਕਲਿਆਂ ਨੂੰ ਹਫਤੇ ਤੋਂ ਵੱਧ ਸਮਾਂ ਹੋ ਗਿਆ ਹੈ। ਭਾਜਪਾ, ਸ਼ਿਵ ਸੈਨਾ (ਸ਼ਿੰਦੇ) ਤੇ ਐੱਨ ਸੀ ਪੀ (ਅਜੀਤ ਪਵਾਰ) ਦੀ ਸੱਤਾਧਾਰੀ ਮਹਾਯੁਤੀ ਨੇ 288 ਵਿੱਚੋਂ 230 ਸੀਟਾਂ ਜਿੱਤ ਕੇ ਜ਼ਬਰਦਸਤ ਸਫਲਤਾ ਹਾਸਲ ਕੀਤੀ ਹੈ ਪਰ ਅਜੇ ਤੱਕ ਮੁੱਖ ਮੰਤਰੀ ਨਹੀਂ ਬਣਾ ਸਕੀ। ਹੁਣ ਭਾਜਪਾ ਦੇ ਸੂਬਾਈ ਪ੍ਰਧਾਨ ਚੰਦਰਸ਼ੇਖਰ ਬਾਵਨਕੁਲੇ ਨੇ ਐਲਾਨਿਆ ਹੈ ਕਿ ਨਵੀਂ ਵਜ਼ਾਰਤ ਦਾ ਸਹੁੰ ਚੁੱਕ ਸਮਾਗਮ 5 ਦਸੰਬਰ ਨੂੰ ਹੋਵੇਗਾ। ਇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸ਼ਾਮਲ ਹੋਣਗੇ। ਚੋਣਾਂ ਦੇ ਨਤੀਜੇ 23 ਨਵੰਬਰ ਨੂੰ ਨਿਕਲੇ ਸਨ ਤੇ 5 ਦਸੰਬਰ ਤੱਕ 12 ਦਿਨ ਹੋ ਜਾਣਗੇ। ਪਹਿਲਾਂ ਕਿਹਾ ਜਾ ਰਿਹਾ ਸੀ ਕਿ ਏਕਨਾਥ ਸ਼ਿੰਦੇ ਦੀ ਪਾਰਟੀ ਉਨ੍ਹਾ ਨੂੰ ਹੀ ਮੁੱਖ ਮੰਤਰੀ ਬਣਾਉਣ 'ਤੇ ਅੜੀ ਹੋਈ ਹੈ, ਕਿਉਂਕਿ ਉਨ੍ਹਾ ਦੇ ਕੰਮ ਕਰਨ ਦੇ ਢੰਗ ਕਾਰਨ ਹੀ ਮਹਾਯੁਤੀ ਨੂੰ ਏਨੀ ਵੱਡੀ ਸਫਲਤਾ ਮਿਲੀ ਹੈ। 132 ਸੀਟਾਂ ਜਿੱਤਣ ਵਾਲੀ ਭਾਜਪਾ, ਜਿਸ ਨੂੰ ਆਪਣੇ ਤੌਰ 'ਤੇ ਬਹੁਮਤ ਬਣਾਉਣ ਲਈ ਸਿਰਫ 13 ਸੀਟਾਂ ਦੀ ਹੀ ਲੋੜ ਹੈ, ਦੇ ਆਗੂਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਭਾਜਪਾ ਦਾ ਹੀ ਬਣਨਾ ਚਾਹੀਦਾ ਹੈ। ਹੁਣ ਤੱਕ ਦੀਆਂ ਖਬਰਾਂ ਵਿੱਚ ਦਵਿੰਦਰ ਫੜਨਵੀਸ ਦਾ ਨਾਂ ਹੀ ਸਭ ਤੋਂ ਅੱਗੇ ਹੈ, ਜਿਹੜੇ ਕਿ ਦੋ ਵਾਰ ਮੁੱਖ ਮੰਤਰੀ ਰਹਿ ਚੁੱਕੇ ਹਨ ਤੇ ਏਕਨਾਥ ਸ਼ਿੰਦੇ ਦੀ ਮਦਦ ਨਾਲ ਊਧਵ ਠਾਕਰੇ ਦੀ ਸਰਕਾਰ ਡੇਗ ਕੇ ਆਪਣੀ ਭਾਈਵਾਲੀ ਵਾਲੀ ਸਰਕਾਰ ਬਣਾਉਣ ਖਾਤਰ ਉਪ ਮੁੱਖ ਮੰਤਰੀ ਬਣਨ ਲਈ ਮਜਬੂਰ ਹੋਏ ਸਨ।*

*ਮੁੰਬਈ ਵਿੱਚ ਜਦ ਮੁੱਖ ਮੰਤਰੀ ਦੇ ਨਾਂ ਨੂੰ ਲੈ ਕੇ ਸਹਿਮਤੀ ਨਹੀਂ ਬਣੀ ਤਾਂ ਤਿੰਨਾਂ ਆਗੂਆਂ ਦੀ ਵੀਰਵਾਰ ਦਿੱਲੀ ਵਿੱਚ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨਾਲ ਅੱਡ-ਅੱਡ ਮੀਟਿੰਗ ਹੋਈ। ਇਸ ਤੋਂ ਬਾਅਦ ਰਾਤ ਨੂੰ ਤਿੰਨੇ ਮੁੰਬਈ ਪਰਤ ਆਏ ਅਤੇ ਅਗਲੇ ਦਿਨ ਸ਼ੁੱਕਰਵਾਰ ਫਿਰ ਮੀਟਿੰਗ ਕਰਨੀ ਸੀ। ਪਰ ਸ਼ਿੰਦੇ ਅਚਾਨਕ ਸਾਤਾਰਾ ਜ਼ਿਲ੍ਹੇ ਵਿੱਚ ਆਪਣੇ ਪਿੰਡ ਚਲੇ ਗਏ। ਉਨ੍ਹਾ ਦੇ ਸ਼ਨੀਵਾਰ ਪਰਤ ਆਉਣ ਦੀ ਆਸ ਸੀ ਪਰ ਹੁਣ ਕਿਹਾ ਜਾ ਰਿਹਾ ਹੈ ਕਿ ਗਲਾ ਜ਼ਿਆਦਾ ਖਰਾਬ ਹੋਣ ਕਰਕੇ ਉਹ ਲੇਟ ਪਰਤਣਗੇ। ਖਬਰਾਂ ਇਹ ਵੀ ਹਨ ਕਿ ਉਹ ਪਿੰਡ ਵਿੱਚ ਸ਼ਰਦ ਪਵਾਰ ਦੀ ਪਾਰਟੀ ਦੇ ਆਗੂ ਨੂੰ ਮਿਲੇ ਹਨ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਸ਼ਿੰਦੇ ਨੂੰ ਉਪ ਮੁੱਖ ਮੰਤਰੀ ਜਾਂ ਕੇਂਦਰ ਵਿੱਚ ਮੰਤਰੀ ਬਣਾਉਣ ਦੀ ਪੇਸ਼ਕਸ਼ ਕੀਤੀ ਹੈ ਪਰ ਸ਼ਿੰਦੇ ਦਿੱਲੀ ਜਾਣ ਦੇ ਇੱਛੁਕ ਨਹੀਂ। ਹਾਲਾਂਕਿ ਸ਼ਿੰਦੇ ਦੇ ਗਲਾ ਖਰਾਬ ਹੋਣ ਕਾਰਨ ਪਿੰਡ ਵਿੱਚ ਆਰਾਮ ਕਰਨ ਦੀ ਗੱਲ ਕਹੀ ਜਾ ਰਹੀ ਹੈ, ਉਨ੍ਹਾ ਦੀ ਪਾਰਟੀ ਦੇ ਆਗੂ ਸੰਜੇ ਸ਼ੀਰਸਟ ਦਾ ਕਹਿਣਾ ਹੈ ਕਿ ਸ਼ਿੰਦੇ ਨੇ ਜਦੋਂ ਵੱਡਾ ਫੈਸਲਾ ਲੈਣਾ ਹੁੰਦਾ ਹੈ, ਉਹ ਪਿੰਡ ਚਲੇ ਜਾਂਦੇ ਹਨ।*

*ਮੋਦੀ-ਸ਼ਾਹ ਦੀ ਜੋੜੀ ਬਾਰੇ ਇਹ ਮਸ਼ਹੂਰ ਹੈ ਕਿ ਜਿਹੜੇ ਰਾਜ ਵਿੱਚ ਮੁੱਖ ਮੰਤਰੀ ਬਣਨ ਨੂੰ 72 ਘੰਟੇ ਤੋਂ ਵੱਧ ਲਗਦੇ ਹਨ, ਉੱਥੇ ਉਹ ਨਵੇਂ ਚਿਹਰੇ ਨੂੰ ਹੀ ਮੌਕਾ ਦਿੰਦੇ ਹਨ। ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਤੇ ਓਡੀਸ਼ਾ ਵਿੱਚ ਮੁੱਖ ਮੰਤਰੀ ਚੁਣਨ ਵਿੱਚ ਦੇਰ ਹੋਈ ਸੀ ਤੇ ਸਭ ਥਾਈਂ ਨਵੇਂ ਚਿਹਰੇ ਹੀ ਕੁਰਸੀ 'ਤੇ ਬਿਠਾਏ ਗਏ। 2017 ਵਿੱਚ ਯੂ ਪੀ 'ਚ ਕੇਸ਼ਵ ਪ੍ਰਸਾਦ ਮੌਰੀਆ ਤੇ ਮਨੋਜ ਸਿਨਹਾ ਵਰਗਿਆਂ ਦੇ ਨਾਵਾਂ ਦੀ ਚਰਚਾ ਸੀ ਪਰ 9 ਦਿਨ ਬਾਅਦ ਯੋਗੀ ਆਦਿੱਤਿਆ ਨਾਥ ਮੁੱਖ ਮੰਤਰੀ ਐਲਾਨ ਦਿੱਤੇ ਗਏ। ਦਰਅਸਲ ਫੜਨਵੀਸ ਆਰ ਐੱਸ ਐੱਸ ਦੀ ਪਸੰਦ ਹਨ ਅਤੇ ਮੋਦੀ-ਸ਼ਾਹ ਜੋੜੀ ਆਰ ਐੱਸ ਐੱਸ ਦੀ ਪਸੰਦ ਦੀ ਥਾਂ ਆਪਣੀ ਪਸੰਦ ਦਾ ਮੁੱਖ ਮੰਤਰੀ ਬਣਾ ਕੇ ਹੀ ਖੁਸ਼ ਹੁੰਦੀ ਹੈ। ਬ੍ਰਾਹਮਣ ਫੜਨਵੀਸ ਤੋਂ ਬਾਅਦ ਵਿਨੋਦ ਤਾਵੜੇ, ਪੰਕਜਾ ਮੁੰਡੇ, ਸੂਬਾ ਪ੍ਰਧਾਨ ਚੰਦਰਸ਼ੇਖਰ ਬਾਵਨਕੁਲੇ ਤੇ ਕੇਂਦਰੀ ਮੰਤਰੀ ਮੁਰਲੀਧਰ ਮੋਹੋਲ ਦੇ ਨਾਵਾਂ ਦੀ ਵੀ ਚਰਚਾ ਹੈ। ਤਾਵੜੇ ਸ਼ਾਹ ਦੇ ਕਰੀਬੀ ਹਨ ਤੇ ਮਰਾਠਾ ਭਾਈਚਾਰੇ ਵਿੱਚੋਂ ਆਉਂਦੇ ਹਨ, ਜਿਨ੍ਹਾਂ ਦਾ ਮਹਾਰਾਸ਼ਟਰ ਦੀ ਸਿਆਸਤ ਵਿੱਚ ਵੱਡਾ ਦਖਲ ਹੁੰਦਾ ਹੈ। ਪੰਕਜਾ ਓ ਬੀ ਸੀ 'ਚੋਂ ਹੈ ਤੇ ਐਤਕੀਂ ਮਹਾਰਾਸ਼ਟਰ ਵਿੱਚ ਭਾਜਪਾ ਨੂੰ ਮਹਿਲਾਵਾਂ ਦੀ ਵੱਡੀ ਹਮਾਇਤ ਮਿਲੀ ਹੈ। ਮੁਰਲੀਧਰ ਮੋਹੋਲ ਦਾ ਨਾਂ ਸਭ ਤੋਂ ਉੱਤੇ ਦੱਸਿਆ ਜਾ ਰਿਹਾ ਹੈ। ਉਹ ਪੁਣੇ ਤੋਂ ਪਹਿਲੀ ਵਾਰ ਸਾਂਸਦ ਬਣੇ ਤੇ ਕੇਂਦਰ ਵਿੱਚ ਕੈਬਨਿਟ ਮੰਤਰੀ ਬਣਾ ਦਿੱਤੇ ਗਏ। ਕਈ ਸਾਲ ਤੱਕ ਪੁਣੇ ਦੇ ਮੇਅਰ ਰਹੇ ਹਨ। ਭਾਵੇਂ ਸ਼ਿੰਦੇ ਦੇ ਅੜਨ ਦੀਆਂ ਗੱਲਾਂ ਹੋ ਰਹੀਆਂ ਹਨ ਪਰ ਵਜ਼ਾਰਤਸਾਜ਼ੀ ਵਿੱਚ ਦੇਰੀ ਇਸ਼ਾਰਾ ਕਰਦੀ ਹੈ ਕਿ ਅਸਲ ਵਿੱਚ ਆਰ ਐੱਸ ਐੱਸ ਫੜਨਵੀਸ ਦੇ ਨਾਂ 'ਤੇ ਅੜੀ ਹੋਈ ਹੈ ਜਦਕਿ ਮੋਦੀ-ਸ਼ਾਹ ਦੀ ਜੋੜੀ ਆਪਣੀ ਪਸੰਦ ਦਾ ਮੁੱਖ ਮੰਤਰੀ ਚਾਹੁੰਦੀ ਹੈ।*

# ਕੀ ਯੂ ਪੀ ਐੱਸ ਯੋਜਨਾ ਸਮਾਜਿਕ ਸੁਰੱਖਿਆ ਦੀ ਗਾਰੰਟੀ ਦਿੰਦੀ ਹੈ

**ਜਸਵੀਰ ਸਿੰਘ ਤਲਵਾੜਾ**

ਪੈਨਸ਼ਨ ਦੇਸ਼ ਦੇ ਹਰ ਨਾਗਰਿਕ ਦਾ ਬੁਨਿਆਦੀ ਹੱਕ ਹੈ, ਪਰ ਹਰ ਨਾਗਰਿਕ ਨੂੰ ਸਰਕਾਰ ਨੇ ਸਨਮਾਨਯੋਗ ਪੈਨਸ਼ਨ ਦਾ ਪ੍ਰਬੰਧ ਤਾਂ ਕੀ ਕਰਨਾ, ਸਗੋਂ ਦੇਸ਼ ਸੇਵਾ 'ਚ ਆਪਣੀ ਜ਼ਿੰਦਗੀ ਦਾ ਅਹਿਮ ਸਮਾਂ ਬਤੀਤ ਕਰਨ ਵਾਲੇ ਕਰਮਚਾਰੀਆਂ ਤੋਂ ਵੀ ਇਹ ਹੱਕ ਖੋਹ ਲਿਆ ਹੈ। ਸਾਲ 2004 ਵਾਜਪਾਈ ਸਰਕਾਰ ਨੇ ਪੁਰਾਣੀ ਪੈਨਸ਼ਨ ਯੋਜਨਾ ਰੱਦ ਕਰਕੇ ਦੇਸ਼ ਭਰ ਦੇ ਮੁਲਾਜ਼ਮਾਂ 'ਤੇ ਨਵੀਂ ਪੈਨਸ਼ਨ ਯੋਜਨਾ (ਐੱਨ ਪੀ ਐੱਸ) ਲਾਗੂ ਕਰ ਦਿੱਤੀ ਸੀ। ਐੱਨ ਪੀ ਐੱਸ ਲਾਗੂ ਹੋਣ ਦੇ 20 ਸਾਲ ਪੂਰੇ ਹੋਣ ਅਤੇ ਸਰਕਾਰ ਵੱਲੋਂ ਇਸ ਦੀਆਂ ਖਾਮੀਆਂ ਨੂੰ ਭਾਂਪਦਿਆਂ ਇਸ ਵਿਚ ਸੋਧ ਕਰਦਿਆਂ 24 ਅਗਸਤ 2024 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਯੂਨੀਫਾਈਡ ਪੈਨਸ਼ਨ ਸਕੀਮ (ਯੂ ਪੀ ਐੱਸ) ਬਿੱਲ ਪਾਸ ਕਰਨ 'ਤੇ ਮੁੜ ਪੁਰਾਣੀ ਪੈਨਸ਼ਨ ਪੁਰਾਣੀ ਸਕੀਮ ਸੁਰਖੀਆਂ 'ਚ ਆ ਗਈ ਹੈ। ਯੂ ਪੀ ਐਸ ਸਕੀਮ ਭਾਰਤ ਦੇ ਵਿੱਤ ਸਕੱਤਰ ਟੀ ਵੀ ਸੋਮਨਾਥਨ ਦੀ ਪ੍ਰਧਾਨਗੀ ਹੇਠ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ, ਜੋ ਕਿ ਦੇਸ਼ ਦੇ 01/ 01/ 2004 ਤੋਂ ਬਾਅਦ ਭਰਤੀ ਕੇਂਦਰੀ ਅਤੇ ਰਾਜ ਸਰਕਾਰ ਦੇ ਮੁਲਾਜ਼ਮਾਂ 'ਤੇ 01/ 04/ 2024 ਤੋਂ ਲਾਗੂ ਹੋਵੇਗੀ। ਇਹ ਯੂ ਪੀ ਐੱਸ ਸਕੀਮ ਕੇਂਦਰ ਸਰਕਾਰ ਵੱਲੋਂ ਲਗਾਤਾਰ ਕਮਚਾਰੀਆਂ ਦੇ ਐੱਨ ਪੀ ਐੱਸ ਦੇ ਵਿਰੋਧ ਨੂੰ ਦੇਖਦਿਆਂ ਅਪ੍ਰੈਲ 2023 ਵਿਚ ਗਠਿਤ ਕਮੇਟੀ ਦੇ ਸੁਝਾਵਾਂ ਨੂੰ ਮੁੱਖ ਰੱਖਦਿਆਂ ਤਿਆਰ ਕੀਤੀ ਗਈ ਹੈ। ਨਵੀਂ ਪੈਨਸ਼ਨ ਸਕੀਮ 'ਚ ਸੁਧਾਰ ਕਰਕੇ ਖਾਮੀਆਂ ਨੂੰ ਦੂਰ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ ਦੇ ਨਿਸ਼ਚਿਤ ਲਾਭ ਦੇਖ ਕੇ ਕੇਂਦਰ ਦੇ 23 ਲੱਖ ਮੁਲਾਜ਼ਮਾਂ ਨੂੰ ਵੱਡਾ ਲਾਭ ਦੇਣ ਦਾ ਕੇਂਦਰ ਸਰਕਾਰ ਵੱਲੋਂ ਦਾਅਵਾ ਕੀਤਾ ਗਿਆ ਹੈ। ਜੇਕਰ ਸੂਬਾ ਸਰਕਾਰਾਂ ਵੀ ਇਸ ਯੋਜਨਾ ਨੂੰ ਅਪਣਾਉਂਦੀਆਂ ਹਨ, ਤਾਂ ਇਹ ਗਿਣਤੀ 90 ਲੱਖ ਤੱਕ ਪਹੁੰਚ ਸਕਦੀ ਹੈ। ਯੂ ਪੀ ਐਸ ਸਕੀਮ ਸਬੰਧੀ ਵਿਸਥਾਰਿਤ ਨੋਟੀਫਿਕੇਸ਼ਨ ਜਾਰੀ ਕਰਨ ਦੀ ਬਜਾਇ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਨਵ ਵੱਲੋਂ ਕੀਤੀ ਪ੍ਰੈੱਸ ਕਾਨਫਰੰਸ ਰਾਹੀਂ ਇਸ ਸਕੀਮ ਸਬੰਧੀ ਮੁੱਢਲੀ ਜਾਣਕਾਰੀ ਸਾਹਮਣੇ ਆਈ ਹੈ। ਇਸ ਸਕੀਮ ਦਾ ਵਿਸਥਾਰਿਤ ਨੋਟੀਫਿਕੇਸ਼ਨ ਕੇਂਦਰ ਸਰਕਾਰ ਅਜੇ ਤੱਕ ਜਾਰੀ ਨਹੀਂ ਕਰ ਸਕੀ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਯੂ ਪੀ ਐਸ ਨੂੰ ਨਵਾਂ ਪੈਕੇਜ ਦੱਸਿਆ ਹੈ, ਇਸੇ ਤਰ੍ਹਾਂ ਹੀ ਕੈਬਨਿਟ ਸਕੱਤਰ ਟੀ ਵੀ ਸੋਮਨਾਥਨ ਨੇ ਇਸ ਨੂੰ 'ਭਵਿੱਖ ਦੀਆਂ ਸਰਕਾਰਾਂ ਅਤੇ ਆਉਣ ਵਾਲੀ ਪੀੜ੍ਹੀ 'ਤੇ ਕਿਸੇ ਵੀ ਤਰ੍ਹਾਂ ਦਾ ਯੂ ਪੀ ਐਸ ਆਰਥਿਕ ਬੋਝ ਨਹੀਂ ਬਣੇਗੀ।' ਇਸ ਦੇ ਨਾਲ ਹੀ ਉਨ੍ਹਾ ਦੇਸ਼ ਦੇ 90 ਲੱਖ ਮੁਲਾਜ਼ਮਾਂ ਨੂੰ ਇਸ 'ਤੇ ਵਿਚਾਰ-ਚਰਚਾ ਕਰਨ ਦੀ ਨਸੀਹਤ ਵੀ ਦਿੱਤੀ। ਦੂਜੇ ਪਾਸੇ ਪੁਰਾਣੀ ਪੈਨਸ਼ਨ ਬਹਾਲੀ ਲਈ ਲੰਮੇ ਸਮੇਂ ਤੋਂ ਮੰਗ ਕਰਦੇ ਮੁਲਾਜ਼ਮਾਂ ਨੇ ਯੂ ਪੀ ਐਸ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਇਹ ਯੋਜਨਾ ਮੁਲਾਜ਼ਮਾਂ ਦੀ ਸਮਾਜਿਕ ਸੁਰੱਖਿਆ ਯਕੀਨੀ ਨਹੀਂ ਬਣਾਉਂਦੀ। ਸਾਡੀ ਜਮ੍ਹਾਂ-ਪੂੰਜੀ ਹੀ ਸਾਨੂੰ ਪੈਨਸ਼ਨ ਦੇ ਰੂਪ 'ਚ ਪਰੋਸੀ ਜਾ ਰਹੀ ਹੈ।

ਹੁਣ ਤੱਕ ਰਾਜ, ਕੇਂਦਰ ਸਰਕਾਰ ਅਤੇ ਖੁਦਮੁਖ਼ਤਿਆਰ ਅਦਾਰਿਆਂ 'ਚ 01/ 01/ 2004 ਤੋਂ ਬਾਅਦ ਭਰਤੀ ਸਰਕਾਰੀ ਮੁਲਾਜ਼ਮ ਐੱਨ ਪੀ ਐੱਸ ਦੇ ਘੇਰੇ 'ਚ ਆਉਂਦੇ ਹਨ, ਜਦਕਿ ਇਸ ਤੋਂ ਪਹਿਲਾਂ ਭਰਤੀ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਲਾਗੂ ਹੈ। ਐੱਨ ਪੀ ਐੱਸ ਵਿਚ ਮੁਲਾਜ਼ਮ ਅਤੇ ਸਰਕਾਰ ਵੱਲੋਂ ਬੇਸਿਕ ਤਨਖਾਹ + ਡੀ ਏ ਦਾ 10 ਫੀਸਦੀ ਕਰਮਚਾਰੀ ਵੱਲੋਂ ਅਤੇ 10 ਫੀਸਦੀ ਸਰਕਾਰ ਵੱਲੋਂ ਤੇ ਬਾਅਦ ਵਿਚ ਸਰਕਾਰ ਨੇ ਆਪਣਾ ਹਿੱਸਾ ਵਧਾ ਕੇ 14 ਫੀਸਦੀ ਕਰ ਦਿੱਤਾ। ਅੱਜ ਦੇ ਹਿਸਾਬ ਨਾਲ ਕੁੱਲ 24 ਫੀਸਦੀ ਹਿੱਸਾ ਸ਼ੇਅਰ ਮਾਰਕੀਟ 'ਚ ਲਗਾਇਆ ਜਾਂਦਾ ਹੈ, ਜਿਸ ਦੀ ਰਿਟਰਨ ਵਜੋਂ ਮੁਲਾਜ਼ਮ ਨੂੰ ਪੈਨਸ਼ਨ ਮਿਲਦੀ ਹੈ। ਸੇਵਾਮੁਕਤੀ ਉਪਰੰਤ ਕਰਮਚਾਰੀ ਨੂੰ ਕੁੱਲ ਰਾਸ਼ੀ ਵਿਚੋਂ ਕੇਵਲ 60 ਫੀਸਦੀ ਹਿੱਸਾ ਮਿਲਦਾ ਹੈ, ਬਾਕੀ ਬਚਦੀ 40 ਫੀਸਦੀ ਰਕਮ ਨੂੰ ਸ਼ੇਅਰ ਮਾਰਕੀਟ 'ਚ ਲਗਾਇਆ ਜਾਂਦਾ ਹੈ। ਇਸ ਸਕੀਮ ਸ਼ੇਅਰ ਬਜ਼ਾਰ ਦੇ ਉਤਰਾਅ -ਚੜ੍ਹਾਅ 'ਤੇ ਨਿਰਭਰ ਕਰਦੀ ਹੈ। ਇਸੇ ਕਰਕੇ ਇਸ ਨੂੰ ਅਨਿਸ਼ਚਿਤ ਪੈਨਸ਼ਨ ਯੋਜਨਾ ਵੀ ਕਿਹਾ ਜਾਂਦਾ ਹੈ। ਕਰਮਚਾਰੀ ਆਪਣੀ ਸੇਵਾਮੁਕਤੀ ਸਮੇਂ ਬੇਸਿਕ ਤਨਖਾਹ ਦਾ 50 ਫੀਸਦੀ ਹਿੱਸਾ ਲੈਣ ਦਾ 20 ਸਾਲ ਸਰਵਿਸ ਪੂਰੀ ਹੋਣ 'ਤੇ ਹੱਕਦਾਰ ਹੁੰਦਾ ਹੈ। ਉਸ ਦੇ ਜੀ ਪੀ ਐੱਫ ਫੰਡ ਵਿਚ ਜਮ੍ਹਾਂ ਰਾਸ਼ੀ ਮੁਲਾਜ਼ਮ ਨੂੰ ਵਿਆਜ ਸਮੇਤ ਵਾਪਸ ਮਿਲਦੀ ਹੈ। ਇਸ ਪੈਨਸ਼ਨ ਵਿਚ ਡੀ ਏ, ਪੇਅ ਕਮਿਸ਼ਨ, ਬੁਢਾਪਾ ਭੱਤਾ, ਐਲ ਟੀ ਸੀ ਅਤੇ ਮੈਡੀਕਲ ਭੱਤਾ ਵੀ ਜੁੜਦਾ, ਜਿਸ ਕਾਰਨ ਇਸ ਸਕੀਮ ਨੂੰ ਨਿਸ਼ਚਿਤ ਲਾਭਾਂ ਵਾਲੀ ਪੈਨਸ਼ਨ ਸਕੀਮ ਕਿਹਾ ਜਾਂਦਾ ਹੈ।

**ਹੁਣ ਯੂ ਪੀ ਐੱਸ ਸਕੀਮ ਬਾਰੇ ਜਾਣਦੇ ਹਾਂ** : ਇਹ ਸਕੀਮ ਹਾਈਬ੍ਰਿਡ ਸਕੀਮ ਵਾਂਗ ਹੈ, ਜਿਸ ਵਿਚ ਐੱਨ ਪੀ ਐੱਸ ਦੀ ਹਿੱਸੇਦਾਰੀ ਅਤੇ ਪੁਰਾਣੀ ਪੈਨਸ਼ਨ ਦੇ ਨਿਸ਼ਚਿਤ ਲਾਭਾਂ ਵਾਲੀ ਸਕੀਮ ਦਾ ਮਿਲਗੋਭਾ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸਕੀਮ ਦੇ ਪੰਜ ਬਿੰਦੂ ਹਨ।

ਨਿਸ਼ਚਿਤ ਪੈਨਸ਼ਨ, ਨਿਸ਼ਚਿਤ ਪਰਵਾਰਕ ਪੈਨਸ਼ਨ, ਨਿਸ਼ਚਿਤ ਘੱਟੋ-ਘੱਟ ਪੈਨਸ਼ਨ 10 ਹਜ਼ਾਰ , ਮਹਿੰਗਾਈ ਸੂਚਕ ਅੰਕ ਦੇ ਅਧਾਰਤ ਮਹਿੰਗਾਈ ਭੱਤਾ ਅਤੇ ਸੇਵਾ ਮੁਕਤੀ ਸਮੇਂ ਗਰੈਚੁਟੀ ਤੋਂ ਇਲਾਵਾ ਇੱਕਮੁਸ਼ਤ ਰਕਮ। ਉਪਰੋਕਤ ਲਾਭ ਮੁਲਾਜ਼ਮ ਨੂੰ ਘੱਟੋ-ਘੱਟ 25 ਸਾਲ ਸਰਵਿਸ ਹੋਣ 'ਤੇ ਬੇਸਿਕ ਤਨਖ਼ਾਹ ਦਾ 50ਫੀਸਦੀ ਪੈਨਸ਼ਨ ਦੇ ਰੂਪ 'ਚ ਮਿਲੇਗਾ। ਕਰਮਚਾਰੀ ਦੀ ਸਰਵਿਸ ਦੌਰਾਨ ਮੌਤ ਹੋਣ 'ਤੇ ਪਰਵਾਰ ਨੂੰ ਬੇਸਿਕ ਤਨਖ਼ਾਹ ਦਾ 60 ਫੀਸਦੀ ਪਰਵਾਰਕ ਪੈਨਸ਼ਨ ਦੇ ਰੂਪ 'ਚ ਮਿਲੇਗਾ। ਇਸ ਪੈਨਸ਼ਨ ਪ੍ਰਣਾਲੀ 'ਚ ਕਰਮਚਾਰੀ ਨੂੰ ਘੱਟੋ ਘੱਟ 10 ਸਾਲ ਸਰਵਿਸ ਹੋਣ 'ਤੇ 10 ਹਜ਼ਾਰ ਰੁਪਏ ਪੈਨਸ਼ਨ ਦੇ ਰੂਪ 'ਚ ਮਿਲੇਗਾ।

**ਆਓ, ਉਨ੍ਹਾਂ ਦੇ ਪੱਖ ਦੀ ਵੀ ਪੜਚੋਲ ਕਰੀਏ:** ਐੱਨ ਪੀ ਐੱਸ ਵਾਂਗ ਹੀ ਯੂ ਪੀ ਐੱਸ ਅੰਸ਼ਦਾਨ ਪੈਨਸ਼ਨ ਸਕੀਮ ਹੈ। ਇਸ ਵਿਚ ਕਰਮਚਾਰੀ ਦੇ ਬੇਸਿਕ + ਡੀ ਏ ਦੀ 10 ਫੀਸਦੀ ਕਟੌਤੀ ਜਾਰੀ ਰਹੇਗੀ, ਜਦਕਿ ਸਰਕਾਰ ਆਪਣਾ ਯੋਗਦਾਨ 14 ਫੀਸਦੀ ਤੋਂ ਵਧਾ ਕੇ 18.5 ਫੀਸਦੀ ਕਰਨ ਜਾ ਰਹੀ ਹੈ। ਕਹਿਣ ਦਾ ਭਾਵ 28.5 ਫੀਸਦੀ ਰੁਪਇਆ ਸਿੱਧਾ ਸ਼ੇਅਰ ਮਾਰਕੀਟ 'ਚ ਲਗਾਇਆ ਜਾਵੇਗਾ, ਜਦਕਿ ਪੁਰਾਣੀ ਪੈਨਸ਼ਨ ਸਕੀਮ 'ਚ ਅਜਿਹੀ ਕਟੌਤੀ ਨਹੀਂ ਕੀਤੀ ਜਾਂਦੀ ਸੀ। ਇਸੇ ਤਰ੍ਹਾਂ ਹੀ 10 ਸਾਲ ਮਿਲਦੇ ਪੇ ਕਮਿਸ਼ਨ ਦਾ ਲਾਭ, 40 ਫੀਸਦੀ ਪੈਨਸ਼ਨ ਕਮਿਊਟ ਕਰਵਾਉਣ ਦੀ ਸੁਵਿਧਾ ਦਾ ਵੀ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਸਕੀਮ ਅਧੀਨ ਕੋਈ ਮੁਲਾਜ਼ਮ ਸਵੈ-ਇੱਛੁਕ ਸੇਵਾਮੁਕਤੀ ਪਹਿਲਾਂ ਲੈ ਲੈਂਦਾ ਹੈ ਤਾਂ ਉਸ ਨੂੰ ਪੈਨਸ਼ਨ 60 ਸਾਲ ਬਾਅਦ ਹੀ ਦੇਣ ਦੀ ਸ਼ਰਤ ਰੱਖੀ ਗਈ ਹੈ। ਯੂ ਪੀ ਐੱਸ ਦਾ ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਸਰਵਿਸ ਦੌਰਾਨ ਹਰ ਮਹੀਨੇ ਪਾਏ ਗਏ ਅੰਸ਼ਦਾਨ ਦੀ ਸਮੁੱਚੀ ਰਾਸ਼ੀ ਮੁਲਾਜ਼ਮ ਨੂੰ ਨਹੀਂ ਮਿਲੇਗੀ, ਸਗੋਂ ਸਰਕਾਰ ਇਸ ਰਾਸ਼ੀ ਨੂੰ ਹੜੱਪ ਕੇ ਕਰਮਚਾਰੀ ਨੂੰ ਆਪਣੇ ਪੱਲਿਓਂ ਪੈਨਸ਼ਨ ਦੇ ਰੂਪ 'ਚ ਕੁਝ ਨਹੀਂ ਦਿੰਦੀ, ਸਗੋਂ ਪੈਨਸ਼ਨ ਦੇਣ ਪਿੱਛੋਂ ਵੀ ਕਰਮਚਾਰੀ ਦੇ ਕਰੋੜਾਂ ਰੁਪਏ ਡਕਾਰ ਜਾਂਦੀ ਹੈ।

**ਸਰਲ ਭਾਸ਼ਾ 'ਚ ਇਕ ਉਦਾਹਰਣ ਰਾਹੀਂ ਸਮਝਦੇ ਹਾਂ** : ਇੱਕ ਕਰਮਚਾਰੀ ਦੀ ਬੇਸਿਕ ਤਨਖਾਹ 50 ਹਜ਼ਾਰ ਰੁਪਏ ਮੰਨ ਕੇ ਚੱਲਦੇ ਹਾਂ। ਇਸ 'ਤੇ 50 ਫੀਸਦੀ ਡੀ ਏ ਲਗਦਾ ਹੈ। ਤਾਂ ਕੁੱਲ ਤਨਖ਼ਾਹ 75 ਹਜ਼ਾਰ ਰੁਪਏ ਹੋ ਜਾਵੇਗੀ। ਕਰਮਚਾਰੀ ਦਾ 10 ਫੀਸਦੀ ਹਿੱਸਾ ਭਾਵ 7500 ਰੁਪਏ ਪੈਨਸ਼ਨ ਫੰਡ 'ਚ ਜਾਣਗੇ। ਫਿਲਹਾਲ ਸਰਕਾਰ ਦੇ 18.5 ਫੀਸਦੀ ਹਿੱਸੇ ਨੂੰ ਛੱਡ ਦਿੰਦੇ ਹਾਂ, ਤਾਂ ਕਰਮਚਾਰੀ ਦੀ ਹਰ ਸਾਲ 3 ਫੀਸਦੀ ਸਾਲਾਨਾ ਤਰੱਕੀ ਦੋ ਮਹਿੰਗਾਈ ਦੀਆਂ ਕਿਸ਼ਤਾਂ ਵੀ ਮਿਲਦੀਆਂ ਹਨ, ਨੂੰ ਜੋੜ ਲਈਏ ਤਾਂ ਮੋਟੇ ਤੌਰ 'ਤੇ ਕਰਮਚਾਰੀ ਦਾ ਹਰ ਸਾਲ 10 ਫੀਸਦੀ ਤਨਖ਼ਾਹ ਵਾਧਾ ਮੰਨਦੇ ਹਾਂ ਤਾਂ ਕਰਮਚਾਰੀ ਦੇ ਪਹਿਲੇ ਪੰਜ ਸਾਲਾਂ ਦਾ ਅੰਸ਼ਦਾਨ 7500 ਪ੍ਰਤੀ ਮਹੀਨਾ, ਅਗਲੇ 10 ਸਾਲਾਂ ਦਾ ਅਗਲੇ ਸਾਲ ਤੱਕ 10 ਹਜ਼ਾਰ ਰੁਪਏ, 15 ਸਾਲ ਤੱਕ 12.5 ਹਜ਼ਾਰ ਰੁਪਏ ਅਤੇ 20 ਸਾਲ ਤੱਕ 15 ਹਜ਼ਾਰ ਰੁਪਏ। ਇਸਾ ਤਰ੍ਹਾਂ ਕੁੱਲ ਸਰਵਿਸ 30 ਸਾਲ ਤੱਕ ਘੱਟੋ-ਘੱਟ 2500 ਰੁਪਏ ਵਾਧਾ ਮੰਨ ਲਈਏ ਤਾਂ ਉਸ ਦਾ 20 ਹਜ਼ਾਰ ਅੰਸ਼ਦਾਨ ਪ੍ਰਤੀ ਮਹੀਨਾ ਜਮ੍ਹਾਂ ਹੋਵੇਗਾ। ਇਸ ਜਮ੍ਹਾਂ ਕੁੱਲ ਰਕਮ 'ਤੇ ਸਰਕਾਰੀ ਬਚਤ ਸਕੀਮ ਪਬਲਿਕ ਪ੍ਰੋਵੀਡੈਂਟ ਫੰਡ (ਪੀ ਪੀ ਐੱਫ਼) ਦੀ 7.1 ਫੀਸਦੀ ਦੀ ਵਿਆਜ ਦਰ ਨਾਲ ਚੱਕਰਵਿਧੀ ਵਿਆਜ ਲਗਾਈਏ ਤਾਂ 360 ਮਹੀਨਿਆਂ (30 ਸਾਲ) ਵਿਚ ਉਕਤ ਕਰਮਚਾਰੀ ਦਾ ਅੰਸ਼ਦਾਨ ਇੱਕ ਕਰੋੜ 41 ਲੱਖ ਰੁਪਏ ਬਣ ਜਾਵੇਗਾ। ਜੇਕਰ ਸੇਵਾ-ਮੁਕਤੀ ਸਮੇਂ ਸਰਕਾਰ ਕਰਮਚਾਰੀ ਨੂੰ ਛਿਮਾਹੀ ਦਾ 10ਵਾਂ ਹਿੱਸਾ, ਜੋ ਕਿ 11 ਲੱਖ ਦੇ ਕਰੀਬ ਬਣਦਾ ਹੈ, ਨੂੰ ਮੋੜ ਵੀ ਦੇਵੇ ਤਾਂ 1.30 ਕਰੋੜ ਰੁਪਇਆ ਸਰਕਾਰ ਕੋਲ਼ ਬਚਦਾ ਹੈ। ਇਸ ਰਕਮ 'ਤੇ ਪੀ ਪੀ ਐੱਫ਼ ਦੀ ਵਿਆਜ ਦਰ ਦੇ ਹਿਸਾਬ ਨਾਲ ਮਹੀਨੇ ਦਾ ਵਿਆਜ 76 ਹਜ਼ਾਰ ਬਣਦਾ ਹੈ, ਜਦਕਿ ਸੇਵਾਮੁਕਤੀ ਵੇਲ਼ੇ ਕਰਮਚਾਰੀ ਦੀ ਬੇਸਿਕ 1.20 ਲੱਖ ਰੁਪਏ ਹੈ ਤਾਂ ਉਸ ਨੂੰ 60 ਹਜ਼ਾਰ ਰੁਪਏ ਪੈਨਸ਼ਨ ਸਰਕਾਰ ਦੇਵੇਗੀ, ਜੋ ਕਿ ਪੀ ਪੀ ਐੱਫ਼ ਦੀ ਵਿਆਜ ਦਰ ਤੋਂ ਵੀ 16 ਹਜ਼ਾਰ ਰੁਪਏ ਘੱਟ ਹੋਵੇਗੀ। ਇਸ ਤਰ੍ਹਾਂ ਸਰਕਾਰ ਪੈਨਸ਼ਨ ਦੇਣ ਵੇਲ਼ੇ ਵੀ ਕਰਮਚਾਰੀ ਦੀ ਜੇਬ ਕੱਟ ਰਹੀ ਹੈ। ਇਨ੍ਹਾਂ ਅੰਕੜਿਆਂ ਤੋਂ ਗੱਲ ਸਾਫ਼ ਹੁੰਦੀ ਹੈ ਕਿ ਯੂ ਪੀ ਐੱਸ ਵੀ ਕਰਮਚਾਰੀ ਦੇ ਪੈਸਿਆਂ 'ਤੇ ਹੀ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਪੈਨਸ਼ਨ ਹੈ।

ਸਰਕਾਰ ਕਰਮਚਾਰੀਆਂ ਨੂੰ ਪੈਨਸ਼ਨ ਦੇਣ 'ਤੇ ਵਿੱਤੀ ਬੋਝ ਦੀ ਦੁਹਾਈ ਦਿੰਦੀ ਹੈ, ਜਦਕਿ ਇਹੀ ਮੁਲਾਜ਼ਮ ਸਰਕਾਰ ਦੀਆਂ ਯੋਜਨਾਵਾਂ ਨੂੰ ਹੇਠਲੇ ਪੱਧਰ ਲਾਗੂ ਕਰਨ, ਦੇਸ਼ ਦੀ ਸੁਰੱਖਿਆ ਅਤੇ ਕੋਵਿਡ ਕਾਲ ਦੌਰਾਨ ਐਮਰਜੈਂਸੀ ਸੇਵਾਵਾਂ ਨਿਭਾਉਂਦੇ ਹੋਇਆਂ ਆਪਣੀ ਜਾਨ ਦੀ ਪ੍ਰਵਾਹ ਨਹੀਂ ਕਰਦੇ।

ਕੇਂਦਰ ਸਰਕਾਰ ਨੂੰ ਯੂ ਪੀ ਐੱਸ ਦਾ ਵਿਸਥਾਰਤ ਨੋਟੀਫਿਕੇਸ਼ਨ ਜਾਰੀ ਕਰਨ ਸਮੇਂ 17 ਦਸੰਬਰ 1982 ਡੀ ਐੱਸ ਨਾਕਰਾ ਅਤੇ ਹੋਰ ਬਨਾਮ ਭਾਰਤ ਸਰਕਾਰ ਕੇਸ 'ਚ ਅਹਿਮ ਫੈਸਲਾ ਦਿੰਦੇ ਹੋਇਆਂ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਜਸਵੰਤ ਰਾਓ ਚੰਦਰਚੂੜ ਨੇ ਕਿਹਾ ਸੀ ਕਿ ਪੈਨਸ਼ਨ ਨਾ ਤਾਂ ਕੋਈ ਖੈਰਾਤ ਹੈ ਅਤੇ ਨਾ ਹੀ ਕੋਈ ਬਖਸ਼ੀਸ਼ ਹੈ, ਸਗੋਂ ਇਹ ਤਾਂ ਰੁਜ਼ਗਾਰ ਦਾਤਾ ਵੱਲੋਂ ਆਪਣੇ ਕਰਮਚਾਰੀ ਨੂੰ ਉਸ ਦੇ ਦੁਆਰਾ ਨਿਭਾਈਆਂ ਸੇਵਾਵਾਂ ਦਾ ਫ਼ਲ ਹੈ, ਤਾਂ ਕਿ ਹਰ ਕਰਮਚਾਰੀ ਸੇਵਾ-ਮੁਕਤੀ ਉਪਰੰਤ ਸ਼ਾਂਤੀਪੂਰਵਕ ਜ਼ਰੂਰੀ ਸਹੂਲਤਾਂ ਸਮੇਤ ਸਨਮਾਨਜਨਕ ਜੀਵਨ ਬਤੀਤ ਕਰ ਸਕੇ। ਇਸ ਫੈਸਲੇ ਨੂੰ ਪੈਨਸ਼ਨਰਾਂ ਦਾ 'ਮੈਗਨਾ ਕਾਰਟਾ' ਵੀ ਕਿਹਾ ਜਾਂਦਾ ਹੈ।

**# ਸੰਪਰਕ : 99155-52584**

# ਲੋਕਾਂ ਦਾ ਜੁਝਾਰੂ ਆਗੂ ਸੀ ਮੱਘਰ ਸਿੰਘ ਕੁਲਰੀਆਂ

**ਰਣਜੀਤ ਲਹਿਰਾ**

ਮੱਘਰ ਸਿੰਘ ਕੁਲਰੀਆਂ ਨਾਲ ਮੇਰਾ ਵਾਹ 1970ਵਿਆਂ ਦੇ ਅੰਤਲੇ ਸਾਲ ਵਿੱਚ ਉਦੋਂ ਪਿਆ ਜਦੋਂ ਮੈਂ ਆਈ ਟੀ ਆਈ, ਬੁਢਲਾਡਾ ਵਿੱਚ ਪੜ੍ਹਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਸਰਗਰਮ ਹੋਇਆ। ਪਹਿਲੀ ਵਾਰ ਸਟੇਜ 'ਤੇ ਬੋਲਦਿਆਂ ਬਰੇਟਾ ਮੰਡੀ ਦੇ ਥਾਣੇ ਮੂਹਰੇ ਉਦੋਂ ਸੁਣਿਆ ਜਦੋਂ ਵਿਦਿਆਰਥੀਆਂ 'ਤੇ ਲਾਠੀਚਾਰਜ ਕਰਾਉਣ ਵਾਲੇ ਇੱਕ ਅਕਾਲੀ ਘੜੰਮ ਚੌਧਰੀ ਦਾ ਫਤੂਰ ਲਾਹੁਣ ਤੋਂ ਬਾਅਦ ਵਿਦਿਆਰਥੀਆਂ ਤੇ ਨੌਜਵਾਨਾਂ ਨੇ ਲਾਠੀਚਾਰਜ਼ ਕਰਨ ਵਾਲੇ ਥਾਣੇਦਾਰ ਤੋਂ ਮਾਫ਼ੀ ਮੰਗਵਾਉਣ ਲਈ ਥਾਣਾ ਘੇਰ ਰੱਖਿਆ ਸੀ। ਚੌੜੀ ਕਾਠੀ ਤੇ ਤਕੜੇ ਜੁੱਸੇ ਵਾਲਾ ਮੱਘਰ ਕੁਲਰੀਆਂ ਦੰਦ ਚੱਬ-ਚੱਬ ਕੇ ਬੋਲ ਰਿਹਾ ਸੀ। ਉਹਦੇ ਸਮੇਤ ਸਾਡੇ ਪੀ ਐੱਸ ਯੂ ਦੇ ਜ਼ਿਲ੍ਹਾ ਸਕੱਤਰ ਅਜਾਇਬ ਟਿਵਾਣਾ (ਦੋਦੜਾ) ਦੇ ਜੋਸ਼ੀਲੇ ਭਾਸ਼ਨਾਂ ਦਾ ਅਸਰ ਵਿਦਿਆਰਥੀਆਂ ਤੇ ਨੌਜਵਾਨਾਂ ਦੇ ਸਿਰ ਚੜ੍ਹ ਕੇ ਉਦੋਂ ਬੋਲਿਆ ਜਦੋਂ ਦਬਕੇ ਮਾਰਦੀ ਪੁਲਸ ਤੇ ਨੌਜਵਾਨ-ਵਿਦਿਆਰਥੀ ਲਾਲ ਹਨੇਰੀ ਬਣ ਕੇ ਝੁਲੇ ਅਤੇ ਪੁਲਸ ਨੂੰ ਕੁੰਡੇ-ਜਿੰਦੇ ਲਾ ਕੇ ਥਾਣੇ ਦੇ ਅੰਦਰ ਦੁਬਕਣਾ ਪੈ ਗਿਆ।

ਮੱਘਰ ਕੁਲਰੀਆਂ ਨੌਜਵਾਨਾਂ ਦਾ ਇੱਕ ਜੁਝਾਰੂ ਆਗੂ ਸੀ, ਜਿਹੜਾ ਉਸ ਸਮੇਂ ਨੌਜਵਾਨ ਭਾਰਤ ਸਭਾ ਦਾ ਜ਼ਿਲ੍ਹਾ ਸਕੱਤਰ ਸੀ। 30 ਅਕਤੂਬਰ, 1948 ਨੂੰ ਪਿੰਡ ਕੁਲਰੀਆਂ ਦੇ ਨਿਮਨ ਕਿਸਾਨ ਪਰਵਾਰ ਵਿੱਚ ਜੰਮੇ-ਪਲੇ ਮੱਘਰ ਨੇ ਇੱਕ ਇਨਕਲਾਬੀ ਨੌਜਵਾਨ ਦੇ ਰੂਪ 'ਚ ਆਪਣਾ ਸਫ਼ਰ 70ਵਿਆਂ ਦੇ ਪਹਿਲੇ ਸਾਲਾਂ ਵਿੱਚ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਨਹਿਰੂ ਮੈਮੋਰੀਅਲ ਕਾਲਜ, ਮਾਨਸਾ (ਜਿਹੜਾ ਉਸ ਵਕਤ ਨਕਸਲਬਾੜੀ ਮੈਨੂਫੈਕਚਰਿੰਗ ਕਾਲਜ ਦੇ ਤੌਰ 'ਤੇ ਜਾਣਿਆ ਜਾਂਦਾ ਸੀ) ਤੋਂ ਸ਼ੁਰੂ ਕੀਤਾ । ਸ਼ੁਰੂ ਦੇ ਦੋ ਕੁ ਸਾਲ ਉਹਨੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਲੇਖੇ ਲਾਏ ਅਤੇ ਉਹਦੇ ਸਥਾਪਤ ਆਗੂ ਵਜੋਂ ਉੱਭਰਿਆ । ਗਰੈਜੂਏਸ਼ਨ ਤੋਂ ਬਾਅਦ ਉਹਦੀ ਚੋਣ ਬਤੌਰ ਪੰਚਾਇਤ ਸਕੱਤਰ ਬਲਾਕ ਮੁਕਤਸਰ ਵਿਖੇ ਹੋ ਗਈ, ਪਰ ਡਿਊਟੀ ਜੁਆਇਨ ਕਰਨ ਉਪਰੰਤ ਉਹ ਹਾਜ਼ਰ ਨਾ ਹੋਇਆ ਅਤੇ ਨੌਜਵਾਨ ਭਾਰਤ ਸਭਾ ਦੇ ਫਰੰਟ 'ਤੇ ਕੁੱਲਵਕਤੀ ਵਜੋਂ ਸਰਗਰਮ ਹੋ ਗਿਆ, ਜਿਸ ਦੇ ਉਹ ਸੂਬਾ ਸਕੱਤਰ ਦੇ ਅਹੁਦੇ ਤੱਕ ਪਹੁੰਚਿਆ।

ਉਹ ਇੱਕ ਅਜਿਹਾ ਸਮਾਂ ਸੀ, ਜਦੋਂ ਉਹ ਹਕੂਮਤ ਦੀਆਂ ਅੱਖਾਂ 'ਚ ਰੜਕਦਾ ਰੋੜ ਬਣ ਗਿਆ ਸੀ। ਇਸੇ ਲਈ ਜੂਨ 1975 ਵਿੱਚ ਜਦੋਂ ਇੰਦਰਾ ਗਾਂਧੀ ਦੀ ਸਰਕਾਰ ਨੇ ਦੇਸ਼ ਵਿੱਚ ਐਮਰਜੈਂਸੀ ਲਾਗੂ ਕੀਤੀ ਤਾਂ ਮੱਘਰ ਕੁਲਰੀਆਂ ਉਨ੍ਹਾਂ ਪਹਿਲ-ਪਲੇਠੇ ਨੌਜਵਾਨ ਆਗੂਆਂ ਵਿੱਚੋਂ ਇੱਕ ਸੀ, ਜਿਨ੍ਹਾਂ ਨੂੰ ਮੀਸਾ, ਡੀ ਆਈ ਆਰ ਵਰਗੇ ਕਾਲ਼ੇ ਕਾਨੂੰਨ ਮੜ੍ਹ ਕੇ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ ਸੀ। ਸਾਥੀ ਮੱਘਰ ਕੁਲਰੀਆਂ ਨਾਲ ਉਸ ਵਕਤ ਬਠਿੰਡਾ ਜੇਲ੍ਹ ਵਿੱਚ ਬੰਦ ਰਹੇ ਸਾਥੀ ਮੁਖਤਿਆਰ ਪੂਹਲਾ ਦਾ ਕਹਿਣਾ ਹੈ ਕਿ ਉਸ ਗਰੁੱਪ ਦੇ ਜੇਲ੍ਹ ਬੰਦ ਸਾਰੇ ਨੌਜਵਾਨਾਂ ਵਿੱਚੋਂ ਮੱਘਰ ਸਭ ਤੋਂ ਸਿਆਣਾ, ਦ੍ਰਿੜ ਤੇ ਬੁਲੰਦ ਹੌਸਲੇ ਵਾਲਾ ਆਗੂ ਸੀ ਜਿਹੜਾ ਆਪਣੇ ਤੋਂ ਜੂਨੀਅਰ ਸਾਥੀਆਂ ਨੂੰ ਬੁੱਕਲ ਵਿੱਚ ਲੈ ਕੇ ਹੌਸਲਾ ਦਿੰਦਾ ਰਹਿੰਦਾ ਸੀ।

ਨਵੰਬਰ 1980 ਵਿੱਚ ਬੱਸਾਂ ਦੇ ਕਿਰਾਏ ਵਿੱਚ 43 ਫੀਸਦੀ ਵਾਧੇ ਵਿਰੁੱਧ ਨੌਜਵਾਨਾਂ ਤੇ ਵਿਦਿਆਰਥੀਆਂ ਵੱਲੋਂ ਲੜੇ ਗਏ ਇਤਿਹਾਸਕ ਸੰਘਰਸ਼ ਵਿੱਚ ਸਾਥੀ ਮੱਘਰ ਨੇ ਸਾਂਝੀ ਐਕਸ਼ਨ ਕਮੇਟੀ ਦੇ ਸੂਬਾਈ ਕਨਵੀਨਰ ਦੇ ਰੂਪ 'ਚ ਆਗੂ ਰੋਲ ਨਿਭਾਇਆ। ਇਸ ਘੋਲ ਦੌਰਾਨ ਮੇਰੀ ਉਹਦੇ ਨਾਲ ਸਿਰਫ਼ ਦੋ ਵਾਰ ਮੁਲਾਕਾਤ ਹੋਈ। ਇੱਕ ਵਾਰ ਫੀਲਡ ਵਿੱਚ ਜਦੋਂ ਉਹ ਕਲੀਨ ਸ਼ੇਵ ਹੋ ਕੇ ਵਿਚਰ ਰਿਹਾ ਸੀ, ਉਹ ਦੇਖਣ ਨੂੰ ਕੋਈ ਹਰਿਆਣਵੀ ਜਾਟ ਲੱਗਦਾ ਸੀ। ਦੂਜੀ ਵਾਰ ਬਠਿੰਡਾ ਜੇਲ੍ਹ ਦੇ ਸੁਪਰਡੈਂਟ ਦੇ ਕਮਰੇ ਵਿੱਚ। ਕਿਰਾਇਆ ਘੋਲ ਠੰਢਾ ਪੈ ਗਿਆ ਸੀ, ਪਰ ਹਾਲੇ ਵੀ 35-40 ਨੌਜਵਾਨ-ਵਿਦਿਆਰਥੀ ਬਠਿੰਡਾ ਜੇਲ੍ਹ ਵਿੱਚ ਸਨ। ਮੈਂ ਦੂਜੀ ਵਾਰ ਉੱਥੇ ਪਹੁੰਚ ਗਿਆ ਸੀ। ਜੇ ਬੀ ਟੀ ਬੁਢਲਾਡਾ ਦੇ ਪ੍ਰਿੰਸੀਪਲ ਖਿਲਾਫ਼ ਸੰਘਰਸ਼ ਕਾਰਨ ਫੱਤੇ ਵਾਲਾ ਜਸਵੰਤ, ਚਚੋਹਰ ਵਾਲਾ ਗੁਰਨਾਮ ਤੇ ਮੈਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਸੀ। ਇੱਕ ਦਿਨ ਸ਼ਾਮ ਦੀ ਬੰਦੀ ਤੋਂ ਬਾਅਦ ਹਨੇਰੇ ਹੋਏ ਨੰਬਰਦਾਰਾਂ ਨੇ ਸਾਨੂੰ ਬੈਰਕ ਵਿੱਚੋਂ ਕੱਢ ਕੇ ਡਿਉਢੀ ਵਿੱਚ ਚੱਲਣ ਲਈ ਕਿਹਾ । ਅਸੀਂ ਥੋੜ੍ਹਾ ਪ੍ਰੇਸ਼ਾਨ ਤੇ ਹੈਰਾਨ ਹੋਏ ਕਿ ਇਸ ਵੇਲੇ ਡਿਉਢੀ ਚ ਲਿਜਾਣ ਦਾ ਕੀ ਮਕਸਦ ਹੋਇਆ । ਡਿਉਢੀ 'ਚ ਜਾ ਕੇ ਜਦੋਂ ਸੁਪਰਡੈਂਟ ਦੇ ਕਮਰੇ 'ਚ ਵੜੇ ਤਾਂ ਅੱਗੇ ਮੱਘਰ ਬੈਠਾ, ਉਹਦੇ ਨਾਲ ਸ਼ਾਇਦ ਸੁਖਦੇਵ ਭੁਪਾਲ ਸੀ। ਨਾਲ ਹੀ ਮੱਘਰ ਦਾ ਮਿੱਤਰ ਜੇਲ੍ਹ ਦਾ ਡਾਕਟਰ ਕਟਾਰੀਆ ਬੈਠਾ ਸੀ, ਜੀਹਦੀ ਬਦੌਲਤ ਇਹ ਮੁਲਾਕਾਤ ਸੰਭਵ ਹੋਈ ਸੀ। ਖੂਬ ਗੱਲਾਂਬਾਤਾਂ ਹੋਈਆਂ ।

ਮੱਘਰ ਕੁਲਰੀਆਂ ਇੱਕ ਦਮਦਾਰ ਨੌਜਵਾਨ ਆਗੂ ਸੀ । ਉਹਨੇ ਅਨੇਕਾਂ ਵੱਡੇ-ਛੋਟੇ ਘੋਲਾਂ ਦੀ ਅਗਵਾਈ ਕੀਤੀ । ਇੱਕ ਸਮੇਂ ਬੁਢਲਾਡਾ-ਮਾਨਸਾ ਇਲਾਕੇ ਵਿੱਚ ਅਫਸਰਸ਼ਾਹੀ ਤੋਂ ਲੈ ਕੇ ਗੁੰਡਾ-ਪੁਲਸ-ਸਿਆਸੀ ਸਭ ਉਹਦੇ ਨਾਂਅ ਤੋਂ ਜਰਕਦੇ ਸਨ, ਪਰ 80ਵਿਆਂ ਦੇ ਅੱਧ ਕੁ 'ਚ ਉਹ ਪਾਰਟੀ ਦੇ ਕੇਂਦਰੀ ਆਗੂ ਆਰ ਪੀ ਸਰਾਫ ਦੀ ਮਾਰਕਸਵਾਦ-ਲੈਨਿਨਵਾਦ ਅਤੇ ਪੂੰਜੀਵਾਦ ਦੋਵਾਂ ਦੇ ਕੱਟੜਵਾਦ ਨੂੰ ਰੱਦ ਕਰਕੇ ਨਵਾਂ ਵਿਚਕਾਰਲਾ ਰਾਹ ਚੁਣਨ ਦੇ ਚੱਕਰਵਿਊ ਵਿੱਚ ਇਨਕਲਾਬੀ ਰਾਹ ਤੋਂ ਲਾਂਭੇ ਚਲਾ ਗਿਆ ਅਤੇ ਵਾਇਆ ਆਈ ਡੀ ਪੀ ਹੁੰਦਾ ਹੋਇਆ ਕੁਦਰਤ-ਮਾਨਵ ਕੇਂਦਰ ਨਾਲ ਜਾ ਜੁੜਿਆ । ਉਸ ਸੰਸਥਾ ਦੀ ਸਮਝਦਾਰੀ ਅਨੁਸਾਰ ਸਾਥੀ ਮੱਘਰ ਸਿੰਘ ਕੁਲਰੀਆਂ ਨੇ ਆਪਣੇ ਕੁੱਝ ਸਾਥੀਆਂ ਨਾਲ ਮਿਲ ਕੇ ਖੇਤੀਬਾੜੀ ਅਤੇ ਕਿਸਾਨ ਵਿਕਾਸ ਫਰੰਟ ਬਣਾਇਆ । ਸੀਮਤ ਸਮਰੱਥਾ ਦੇ ਬਾਵਜੂਦ ਇਹ ਸਾਥੀ ਮੱਘਰ ਸਿੰਘ ਕੁਲਰੀਆਂ ਦੀ ਸ਼ਖਸੀਅਤ ਅਤੇ ਵਿਰਾਸਤ 'ਚ ਮਿਲੀ ਇਨਕਲਾਬੀ ਸਪਿਰਟ ਸਦਕਾ ਹੀ ਸੀ ਕਿ ਖੁਦ ਉਹਨੇ ਅਤੇ ਉਹਦੇ ਫਰੰਟ ਨੇ ਕਾਰਪੋਰੇਟ ਕੰਪਨੀ ਟਰਾਈਡੈਂਟ, ਬਰਨਾਲਾ ਵੱਲੋਂ ਧੌਲਾ ਦੇ ਕਿਸਾਨਾਂ ਦੀ ਗ੍ਰਹਿਣ ਕੀਤੀ ਜ਼ਮੀਨ ਨੂੰ ਬਚਾਉਣ ਲਈ ਟਰਾਈਡੈਂਟ ਮੈਨੇਜਮੈਂਟ ਅਤੇ ਸਰਕਾਰ ਵਿਰੁੱਧ ਸੰਘਰਸ਼ ਵਿੱਚ ਅਤੇ ਜ਼ਿਲ੍ਹਾ ਮਾਨਸਾ ਦੇ ਪਿੰਡ ਗੋਬਿੰਦਪੁਰਾ ਵਿਖੇ ਕਿਸਾਨਾਂ ਦੀ ਇਕੁਆਇਰ ਕੀਤੀ ਜ਼ਮੀਨ ਮੁਕਤ ਕਰਵਾਉਣ ਲਈ 17 ਕਿਸਾਨ ਜਥੇਬੰਦੀਆਂ ਦੇ ਸਾਂਝੇ ਸੰਘਰਸ਼ਾਂ ਵਿੱਚ ਅਹਿਮ ਭੂਮਿਕਾ ਨਿਭਾਈ। ਉਹ ਖੇਤੀ ਵਿੱਚ ਕਾਰਪੋਰੇਟ ਦਖਲ ਅਤੇ ਖੇਤੀ ਤੇ ਵਾਤਾਵਰਨ ਦੇ ਜ਼ਹਿਰੀਲੇਪਣ ਦੇ ਖਿਲਾਫ਼ ਸੀ।

ਸਾਥੀ ਮੱਘਰ ਸਿੰਘ ਕੁਲਰੀਆਂ ਦੀ ਸ਼ਖਸੀਅਤ ਦੇ ਅਨੇਕਾਂ ਮੀਰੀ ਗੁਣਾਂ ਵਿੱਚੋਂ ਇੱਕ ਸੀ ਉਹਦਾ ਨਿੱਘਾ ਸੁਭਾਅ। ਉਹ ਜਦੋਂ ਵੀ ਮਿਲਦਾ, ਹੋਰ ਛੋਟੇ ਵੀਰ ਕੀ ਹਾਲ ਐ ? ਪਹਿਲਾਂ ਸਿਹਤ ਦੀ ਗੱਲ ਦੇਹ ? ਪਰ ਅਫਸੋਸ ! ਮੇਰੇ ਵਰਗਿਆਂ ਦੀ ਸਿਹਤ ਅਤੇ ਲੋਕਾਂ ਦੀ ਜ਼ਿੰਦਗੀ ਲਈ ਸਦਾ ਫਿਕਰਮੰਦ ਰਹਿਣ ਵਾਲਾ, ਖੁਦ 27 ਅਕਤੂਬਰ 2011 ਦੇ ਦਿਨ ਚੁੱਪ-ਚੁਪੀਤਾ ਹੀ ਤੁਰ ਗਿਆ। ਕੋਲ ਬੈਠੀ ਆਪਣੀ ਨਿਹਾਇਤ ਸੂਝਵਾਨ ਜੀਵਨ ਸਾਥਣ ਗੁਰਬਖਸ਼ ਕੌਰ ਸਮੇਤ ਕਿਸੇ ਨੂੰ ਵੀ ਕੁੱਝ ਦੱਸੇ ਬਿਨਾਂ ਹੀ।ਤਾਉਮਰ ਲੋਕਾਂ ਦੇ ਸੰਘਰਸ਼ਾਂ ਦੇ ਮੋਢੇ ਨਾਲ ਮੋਢਾ ਲਾ ਕੇ ਚੱਲਦੇ ਰਹਿਣ ਵਾਲੇ ਸਾਥੀ ਮੱਘਰ ਸਿੰਘ ਕੁਲਰੀਆਂ ਦੀ 13ਵੀਂ ਬਰਸੀ 2 ਦਸੰਬਰ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਮਨਾਈ ਜਾ ਰਹੀ ਹੈ ਜਿੱਥੇ ਇਸ ਵਿੱਛੜੇ ਆਗੂ ਦੇ ਸੰਗੀ ਸਾਥੀ ਉਹਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। ਇਸ ਮੌਕੇ ਉਨ੍ਹਾਂ ਦੀਆਂ ਜੀਵਨ ਯਾਦਾਂ ਬਾਰੇ ਡਾ: ਜਗਤਾਰ ਸਿੰਘ ਜੋਗਾ ਵੱਲੋਂ ਸੰਪਾਦਿਤ ਕੀਤੀ ਪੁਸਤਕ 'ਮਘਦਾ ਸੂਰਜ : ਮੱਘਰ ਸਿੰਘ ਕੁਲਰੀਆਂ' ਵੀ ਰਿਲੀਜ਼ ਕੀਤੀ ਜਾਵੇਗੀ।

**# ਸੰਪਰਕ : 94175-88616**

**ਬਰਸੀ 'ਤੇ ਵਿਸ਼ੇਸ਼**

# ਮਿਹਨਤਕਸ਼ ਲੋਕਾਂ ਨੂੰ ਸਮਰਪਤ ਰਹੇ ਬੂਟਾ ਸਿੰਘ ਮਾਨਸਾ

**ਜਸਵੰਤ ਚਹਿਲ ਮੱਤੀ**

ਕਾਮਰੇਡ ਬੂਟਾ ਸਿੰਘ ਦਾ ਜਨਮ ਮਾਤਾ ਪਾਰੋ ਦੀ ਕੁੱਖੋਂ ਪਿਤਾ ਮੋਹਨ ਸਿੰਘ ਦੇ ਘਰ ਪਿੰਡ ਕਰਤਾਰਪੁਰ ਥਾਣਾ ਅਕਾਲਗੜ੍ਹ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿਖੇ ਹੋਇਆ।ਬੂਟਾ ਸਿੰਘ ਹੁਰੀਂ ਪੰਜ ਭਰਾ ਸਨ।ਚਾਰ ਏਕੜ ਜ਼ਮੀਨ 'ਤੇ ਕੱਚਾ ਘਰ ਸੀ, ਬਚਪਨ ਵਿੱਚ ਬੂਟਾ ਸਿੰਘ ਮੱਝਾਂ ਚਾਰਨ ਦਾ ਕੰਮ ਕਰਦਾ ਅਤੇ ਇੱਕ ਦਿਨ ਅਚਾਨਕ ਮੱਝਾਂ ਗੁਆਂਢੀ ਦੇ ਖੇਤ 'ਚ ਜਾ ਵੜੀਆਂ। ਮੱਝਾਂ ਵੜਨ ਪਿੱਛੇ ਗੁਆਂਢੀਆਂ ਨਾਲ ਲੜਾਈ-ਝਗੜਾ ਵਧ ਗਿਆ। ਇਹ ਕੇਸ ਕਾਫੀ ਸਮਾਂ ਅਦਾਲਤ ਵਿੱਚ ਚੱਲਦਾ ਰਿਹਾ। ਅਖੀਰ ਅਦਾਲਤ ਨੇ ਬੂਟਾ ਸਿੰਘ, ਉਨ੍ਹਾ ਦੇ ਪਿਤਾ ਤੇ ਦੋਵੇਂ ਤਾਇਆਂ ਨੂੰ 20-20 ਸਾਲ ਦੀ ਸਜ਼ਾ ਸੁਣਾਈ ਗਈ, ਜਿਸ ਵਿੱਚ ਚਾਰਾਂ ਨੂੰ ਕਾਲੇਪਾਣੀ ਭੇਜਣ ਦਾ ਹੁਕਮ ਜਾਰੀ ਹੋਇਆ। ਅਖੀਰ ਹਿੱਸੇ ਦੀ ਜ਼ਮੀਨ ਗਹਿਣੇ ਧਰ ਕੇ ਮਾਲ ਪਸ਼ੂ ਤੇ ਭਾਂਡੇ-ਟੀਂਡੇ ਵੇਚ ਕੇ ਅਕਾਲਗੜ੍ਹ ਦੇ ਰੇਲਵੇ ਸਟੇਸ਼ਨ ਤੋਂ ਰੇਲਵੇ ਰਾਹੀਂ ਕਲਕੱਤੇ ਪਹੁੰਚੇ ਅਤੇ ਕਲਕੱਤੇ ਤੋਂ ਅੱਗੇ ਸਮੁੰਦਰੀ ਜਹਾਜ਼ ਰਾਹੀਂ ਅੰਡੇਮਾਨ ਟਾਪੂ 'ਤੇ ਪਹੁੰਚ ਗਏ। ਰਾਜਸੀ ਕੈਦੀਆਂ ਨੂੰ ਸੈਕੂਲਰ ਜੇਲ੍ਹ 'ਚ ਰੱਖਿਆ ਜਾਂਦਾ ਸੀ, ਕਤਲ ਕੇਸ ਜਾਂ ਹੋਰ ਦੋਸ਼ਾਂ 'ਚ ਕੈਦ ਭੁਗਤ ਰਹੇ ਕੈਦੀਆਂ ਨੂੰ 6 ਮਹੀਨੇ ਸੈਕੂਲਰ ਜੇਲ੍ਹ 'ਚ ਰਹਿਣਾ ਪੈਂਦਾ ਸੀ। ਇਸ ਤੋਂ ਬਾਅਦ ਵਿੱਚ ਇਨ੍ਹਾਂ ਦਾ ਬਸਤੀਆਂ ਵਿੱਚ ਰਹਿਣ ਦਾ ਪ੍ਰਬੰਧ ਕੀਤਾ ਜਾਂਦਾ, ਪਰ ਇਹਨਾਂ ਕੈਦੀਆਂ ਨੂੰ ਸਾਰਾ ਕੰਮ-ਕਾਰ ਸਰਕਾਰ ਦਾ ਹੀ ਕਰਨਾ ਪੈਂਦਾ ਸੀ।ਡਾ. ਦੀਵਾਨ ਸਿੰਘ ਨੇ ਡਾਕਟਰੀ ਦਾ ਕੋਰਸ ਕੀਤਾ ਹੋਇਆ ਸੀ, ਜੋ ਕਿ ਫੌਜ ਦਾ ਵੱਡਾ ਅਧਿਕਾਰੀ ਸੀ। ਡਾਕਟਰ ਦੀਵਾਨ ਸਿੰਘ ਨੇ ਅੰਗਰੇਜ਼ ਸਰਕਾਰ ਦਾ ਫੌਜੀ ਅਫਸਰ ਹੁੰਦੇ ਹੋਏ ਵੀ ਪੁਰਾਣੇ ਪੰਜਾਬ ਵਿੱਚ ਕਾਂਗਰਸ ਦੀ ਇੱਕ ਰੈਲੀ ਵਿੱਚ ਗਰਮ ਤਕਰੀਰ ਕੀਤੀ ਸੀ। ਇਸ ਤਕਰੀਰ ਬਦਲੇ ਉਹਨਾਂ ਨੂੰ ਕੋਰਟ-ਮਾਰਸ਼ਲ ਲਾ ਕੇ ਸਜ਼ਾ ਹਿੱਤ ਬਰਮਾ ਭੇਜ ਦਿੱਤਾ ਗਿਆ ਤੇ ਬਾਅਦ ਵਿੱਚ ਅੰਡੇਮਾਨ (ਕਾਲੇਪਾਣੀ) ਭੇਜਿਆ ਗਿਆ।ਇੱਥੇ ਆ ਕੇ ਉਨ੍ਹਾ ਨੇ ਗੁਰਦੁਆਰਾ ਸਾਹਿਬ ਵਿਖੇ ਬਾਲ-ਮਜ਼ਦੂਰੀ ਕਰ ਰਹੇ ਅਤੇ ਕਾਲੇਪਾਣੀ ਦੀ ਸਜ਼ਾ ਕੱਟ ਰਹੇ ਕੈਦੀਆਂ ਦੇ ਬੱਚਿਆਂ ਨੂੰ ਮੁਫਤ ਪੜ੍ਹਾਉਣ ਦਾ ਕੰਮ ਸ਼ੁਰੂ ਕੀਤਾ।ਅਚਾਨਕ 1942 ਵਿੱਚ ਜਪਾਨੀਆਂ ਨੇ ਅੰਡੇਮਾਨ ਟਾਪੂ 'ਤੇ ਕਬਜ਼ਾ ਕਰ ਲਿਆ। ਜਪਾਨੀਆਂ ਤੇ ਚੀਨੀਆਂ ਵਿਚਕਾਰ ਅੰਨ੍ਹੇਵਾਹ ਲੜਾਈ ਹੋਈ। ਟਾਪੂ 'ਤੇ ਰਹਿ ਰਹੇ ਕੈਦੀਆਂ ਦਾ ਰਾਸ਼ਨ-ਪਾਣੀ ਬੰਦ ਕਰ ਦਿੱਤਾ ਗਿਆ। ਟਾਪੂ 'ਤੇ ਭੁੱਖਮਰੀ ਫੈਲ ਗਈ, ਲੋਕ ਬਿਮਾਰ ਹੋਣ ਲੱਗ ਪਏ ਸਨ, ਬੂਟਾ ਸਿੰਘ ਵੀ ਬਿਮਾਰ ਹੋ ਗਿਆ ਸੀ। ਉਹਨਾਂ ਦੇ ਬਚਣ ਦੀ ਵੀ ਕੋਈ ਆਸ ਨਹੀਂ ਸੀ, ਪਰ ਜਪਾਨੀ ਡਾਕਟਰਾਂ ਨੇ ਆ ਕੇ ਮਰੀਜ਼ਾਂ ਦਾ ਤਸੱਲੀਬਖਸ਼ ਇਲਾਜ ਕੀਤਾ, ਡਾਕਟਰੀ ਇਲਾਜ ਤੋਂ ਛੇ ਮਹੀਨੇ ਬਾਅਦ ਬੂਟਾ ਸਿੰਘ ਠੀਕ ਹੋਇਆ, ਬੂਟਾ ਸਿੰਘ ਦੇ ਤੰਦਰੁਸਤ ਹੋਣ ਉਪਰੰਤ ਉਨ੍ਹਾ ਦੇ ਗੁਆਂਢੀਆਂ ਨੇ ਦੱਸਿਆ ਕਿ ਬਿਮਾਰੀ ਨਾਲ ਉਨ੍ਹਾ ਦੇ ਮਾਂ-ਬਾਪ ਇਸ ਸੰਸਾਰ ਤੋਂ ਤੁਰ ਗਏ ਸਨ।

ਬੂਟਾ ਸਿੰਘ ਕਾਲੇਪਾਣੀ ਦੀ ਸਜ਼ਾ ਦੌਰਾਨ ਆਪਣੇ ਭਰਾਵਾਂ ਤੇ ਮਾਂ-ਬਾਪ ਨੂੰ ਇਸ ਸੰਸਾਰ ਤੋਂ ਗਵਾ ਚੁੱਕਾ ਸੀ।ਉਹ ਸਜ਼ਾ ਪੂਰੀ ਹੋਣ ਉਪਰੰਤ ਆਪਣੀ 15 ਵਰ੍ਹਿਆਂ ਦੀ ਉਮਰ ਵਿੱਚ ਮੁੜ ਕਰਤਾਰਪੁਰ (ਪਾਕਿਸਤਾਨ) ਆ ਗਿਆ।ਬੂਟਾ ਸਿੰਘ ਨੇ ਮੁੜ ਕਰਤਾਰਪੁਰ ਆ ਕੇ ਸਖ਼ਤ ਮਿਹਨਤ ਤੇ ਮਜ਼ਦੂਰੀ ਕਰਕੇ ਗਹਿਣੇ ਪਈ ਜ਼ਮੀਨ ਛੁਡਵਾ ਲਈ।ਗੁਜ਼ਾਰਾ ਕਰਨ ਲਈ ਮੱਝਾਂ ਵੀ ਲੈ ਲਈਆਂ ਸਨ, ਜ਼ਿੰਦਗੀ ਦਾ ਸਫਰ ਮੁੜ ਲੀਹ 'ਤੇ ਆ ਗਿਆ। ਅਚਾਨਕ ਫਿਰ ਨਵੀਂ ਆਫਤ ਆ ਪਈ ਜਦੋਂ ਗੁਆਂਢੀ ਪਿੰਡ ਦੇ ਮੁਸਲਮਾਨਾਂ ਨੇ ਆ ਕੇ ਦੱਸਿਆ ਕਿ ਸਾਡੇ ਪਿੰਡ 'ਤੇ ਹਮਲਾ ਹੋਣ ਵਾਲਾ ਹੈ। ਹਿੰਦੂ ਤੇ ਮੁਸਲਮਾਨਾਂ ਨੂੰ ਵੱਖ-ਵੱਖ ਕੀਤਾ ਜਾ ਰਿਹਾ ਹੈ। ਅਗਲੇ ਦਿਨ ਹੀ ਚਾਰ-ਪੰਜ ਫੌਜੀ ਜਵਾਨ ਆਏ, ਉਨ੍ਹਾਂ ਨੇ ਕਿਹਾ, ਪਿੰਡ ਖਾਲੀ ਕਰ ਦਿਓ, ਨਹੀਂ ਤਾਂ ਸਾਰੇ ਮਾਰੇ ਜਾਓਗੇ। ਲੋਕਾਂ 'ਚ ਹਫੜਾ-ਦਫੜੀ ਮਚ ਗਈ। ਸਾਰਿਆਂ ਨੇ ਆਪੋ ਆਪਣਾ ਲੋੜੀਂਦਾ ਸਾਮਾਨ ਬੰਨ੍ਹ ਲਿਆ ਤੇ ਅਕਾਲਗੜ੍ਹ ਰਫਿਊਜੀ ਕੈਂਪ ਵੱਲ ਨੂੰ ਚੱਲ ਪਏ। ਸਾਰੇ ਪਿੰਡ ਦੇ ਹਿੰਦੂ ਤਬਕੇ ਦੇ ਲੋਕਾਂ ਨੂੰ ਰਫਿਊਜੀ ਕੈਂਪ ਵਿੱਚ ਇਕੱਠੇ ਕਰ ਲਿਆ ਸੀ।

ਦੋ ਦਿਨ ਰਫਿਊਜੀ ਕੈਂਪ 'ਚ ਰੱਖਣ ਤੋਂ ਬਾਅਦ ਸਾਰਿਆਂ ਨੂੰ ਟਰੱਕ ਰਾਹੀਂ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਲਿਆਂਦਾ ਗਿਆ। ਅੰਮ੍ਰਿਤਸਰ ਤੋਂ ਰੇਲ ਰਾਹੀਂ ਰਾਜਪੁਰਾ ਰੇਲਵੇ ਸਟੇਸ਼ਨ 'ਤੇ ਲਿਆਂਦਾ ਗਿਆ। ਰਾਜਪੁਰੇ ਤੋਂ ਟਰੱਕਾਂ ਰਾਹੀ ਬੁਢਲਾਡਾ ਦੇ ਨੇੜੇ ਪਿੰਡ ਡਸਕਾ ਲਿਆਂਦਾ ਗਿਆ। ਪਿੰਡ ਦੇ ਬਹੁਤ ਸਾਰੇ ਲੋਕ ਬਾਹਰੋਂ ਆਏ ਲੋਕਾਂ ਦਾ ਹਾਲ-ਚਾਲ ਪੁੱਛ ਰਹੇ ਸਨ ਕਿ ਪੰਜਾਬ ਆਉਂਦਿਆਂ ਹੀ ਹਜ਼ਾਰਾਂ ਲੋਕ ਗੱਡੀਆਂ ਤੇ ਟਰੱਕਾਂ ਤੋਂ ਲਾਹ ਕੇ ਮਾਰ ਦਿੱਤੇ ਗਏ ਸਨ। ਔਰਤਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ ਸਨ। ਬੂਟਾ ਸਿੰਘ ਨੂੰ ਇੱਕ ਘਰ ਅਲਾਟ ਹੋ ਗਿਆ ਸੀ ਤੇ 100 ਵਿੱਘੇ ਜ਼ਮੀਨ ਮਿਲ ਗਈ ਸੀ।ਬੂਟਾ ਸਿੰਘ ਅਜੇ ਹੋਰ ਪੜ੍ਹਨਾ ਚਾਹੁੰਦਾ ਸੀ। ਬੂਟਾ ਸਿੰਘ ਨੂੰ ਪਤਾ ਲੱਗਿਆ ਕਿ ਤਲਵੰਡੀ ਸਾਬੋ ਗੁਰਦੁਆਰਾ ਸਾਹਿਬ ਵਿਖੇ ਉਨ੍ਹਾਂ ਯਤੀਮ ਬੱਚਿਆਂ ਨੂੰ ਮੁਫਤ ਪੜ੍ਹਾਇਆ ਜਾਂਦਾ ਹੈ, ਜਿਨ੍ਹਾਂ ਦੇ ਮਾਂ-ਬਾਪ ਇਸ ਸੰਸਾਰ ਵਿੱਚ ਨਹੀਂ ਰਹੇ।ਬੂਟਾ ਸਿੰਘ ਆਪਣੇ ਪੜ੍ਹਨ ਦੇ ਦ੍ਰਿੜ੍ਹ ਇਰਾਦੇ ਨੂੰ ਲੈ ਕੇ ਤਲਵੰਡੀ ਸਾਬੋ ਵੱਲ ਪੈਦਲ ਚੱਲ ਪਿਆ, ਰਾਹ ਵਿੱਚ ਰਾਤ ਪੈ ਗਈ, ਰਾਤ ਠਹਿਰਨ ਲਈ ਪਿੰਡ ਬਾਜੇਵਾਲੇ ਦੇ ਗੁਰਦੁਆਰਾ ਸਾਹਿਬ ਵਿਖੇ ਚਲਾ ਗਿਆ। ਗੁਰੂ ਘਰ ਦੇ ਗ੍ਰੰਥੀ ਸਿੰਘ ਵੱਲੋਂ ਬੂਟਾ ਸਿੰਘ ਤੋਂ ਸਾਰੀ ਪੁੱਛ-ਗਿਛ ਕਰਕੇ ਰਾਤ ਠਹਿਰਨ ਦਾ ਪ੍ਰਬੰਧ ਕੀਤਾ ਗਿਆ ।ਅਗਲੇ ਦਿਨ ਸਵੇਰ ਹੁੰਦਿਆਂ ਹੀ ਗ੍ਰੰਥੀ ਸਿੰਘ ਨੇ ਬੂਟਾ ਸਿੰਘ ਨੂੰ ਆਪਣੇ ਗੁਰੂ ਘਰ ਵਿਖੇ ਹੀ ਡਾਲੀ ਕਰਨ ਦੀ ਸੇਵਾ ਤੇ ਸਵੇਰੇ-ਸ਼ਾਮ ਨਿਤਨੇਮ ਕਰਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਗੁਰਦੁਆਰਾ ਸਾਹਿਬ ਬਾਜੇਵਾਲਾ ਵਿਖੇ ਆਜ਼ਾਦੀ ਸੰਗਰਾਮੀ ਤੇ ਇਨਕਲਾਬੀ ਲੋਕਾਂ ਦਾ ਆਉਣਾ-ਜਾਣਾ ਸੀ। ਲੁਧਿਆਣਾ ਦੀ ਜੇਲ੍ਹ ਵਿੱਚੋਂ ਸੁਰੰਗ ਰਾਹੀਂ ਭੇਜੇ ਗੁਰਚਰਨ ਸਿੰਘ ਰੰਧਾਵਾ, ਹਰਜਿੰਦਰ ਸਗੀ ਤੇ ਵਧਾਵਾ ਰਾਮ ਇਸ ਗੁਰੂ-ਘਰ ਵਿੱਚ ਠਹਿਰੇ ਹੋਏ ਸਨ।ਇਹਨਾਂ ਪਾਸ ਜਰਨੈਲ ਸਿੰਘ ਝੇਰਿਆਂਵਾਲੀ, ਚੰਨਣ ਸਿੰਘ, ਦਲੀਪ ਸਿੰਘ, ਤੇਜਾ ਸਿੰਘ ਸੁਤੰਤਰ, ਧਰਮ ਸਿੰਘ ਫੱਕਰ, ਜੰਗੀਰ ਸਿੰਘ ਜੋਗਾ, ਕਾਮਰੇਡ ਹਰਦੇਵ ਸਿੰਘ ਮਾਨਸਾ, ਅਜਮੇਰ ਸਿੰਘ ਤਾਮਕੋਟ ਤੇ ਸਰਵਣ ਸਿੰਘ ਬੀਰ ਇਹ ਸਾਰੇ ਕਾਮਰੇਡ ਗੁਰਦੁਆਰਾ ਸਾਹਿਬ ਬਾਜੇਵਾਲਾ ਹੀ ਠਹਿਰਦੇ ਸਨ।ਰਾਤ ਨੂੰ ਗੁਰਦੁਆਰਾ ਸਾਹਿਬ ਦੇ ਇੱਕ ਕਮਰੇ ਵਿੱਚ ਸਟੱਡੀ ਸਕੂਲ ਲਾਇਆ ਜਾਂਦਾ ਸੀ। ਅਗਲੇ ਕੰਮਾਂ ਦੀ ਰੂਪ-ਰੇਖਾ ਉਲੀਕੀ ਜਾਂਦੀ ਸੀ।ਬੂਟਾ ਸਿੰਘ ਸਵੇਰ ਹੁੰਦਿਆਂ ਹੀ ਇਸ ਕਮਰੇ ਨੂੰ ਜਿੰਦਰਾ ਲਾ ਕੇ ਡਾਲੀ ਕਰਨ ਚਲਾ ਜਾਂਦਾ ਸੀ।10-11 ਵਜੇ ਵਾਪਸ ਆ ਕੇ ਸਾਰੇ ਸਾਥੀਆਂ ਨੂੰ ਰੋਟੀ-ਪਾਣੀ ਛਕਾਉਂਦਾ ਸੀ।



ਬੂਟਾ ਸਿੰਘ ਵੀ ਰਾਤ ਨੂੰ ਕਾਮਰੇਡਾਂ ਦੀਆਂ ਵਿਚਾਰਧਾਰਾਵਾਂ ਨੂੰ ਗਹੁ ਨਾਲ ਸੁਣਦਾ। ਇੱਕ ਦਿਨ ਬੂਟਾ ਸਿੰਘ ਨੇ ਦਰਸ਼ਨ ਸਿੰਘ ਅਵਾਰਾ ਦੀ ਕਿਤਾਬ 'ਬਗਾਵਤ' ਪੜ੍ਹੀ। ਇਹ ਕਿਤਾਬ ਪੜ੍ਹ ਕੇ ਬੂਟਾ ਸਿੰਘ ਦਾ ਇਨਕਲਾਬੀ ਵਿਚਾਰਾਂ ਵੱਲ ਝੁਕਾਅ ਵਧ ਗਿਆ। 1952 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਹੋਈਆਂ।ਇਹਨਾਂ ਚੋਣਾਂ ਦੌਰਾਨ ਬੂਟਾ ਸਿੰਘ ਨੇ ਗੁਰਦੁਆਰਿਆਂ ਦੀਆਂ ਸੇਵਾਵਾਂ ਨੂੰ ਛੱਡ ਕੇ ਆਪਣੀ ਉਮਰ ਲੋਕ ਸੰਘਰਸ਼ਾਂ ਲਈ ਸਮਰਪਿਤ ਕਰਨ ਦਾ ਅਹਿਦ ਲਿਆ। ਕਾਮਰੇਡ ਬੂਟਾ ਸਿੰਘ ਆਪਣੇ ਸਾਥੀਆਂ ਹਰਦੇਵ ਸਿੰਘ ਮਾਨਸ਼ਾਹੀਆ, ਸਰਵਨ ਸਿੰਘ ਬੀਰ, ਅਜਮੇਰ ਸਿੰਘ ਤਾਮਕੋਟ, ਭੂਰਾ ਸਿੰਘ ਤੇ ਦਲੀਪ ਸਿੰਘ ਬਾਜੇਵਾਲਾ ਇਹਨਾਂ ਸਾਥੀਆਂ ਨੂੰ ਨਾਲ ਲੈ ਕੇ ਡਰਾਮਾ ਸਕਾਈਡ ਤਿਆਰ ਕੀਤਾ ਗਿਆ ।ਕਾਮਰੇਡ ਬੂਟਾ ਸਿੰਘ ਦਾ ਆਪਣਾ ਕੋਈ ਪਰਵਾਰ ਨਹੀਂ ਸੀ, ਨਾ ਹੀ ਆਪਣਾ ਕੋਈ ਘਰ ਸੀ। ਉਹ ਜਿਸ ਪਿੰਡ ਜਾਂਦਾ, ਉਹ ਹੀ ਉਹਨਾਂ ਦਾ ਘਰ ਸੀ। ਬੂਟਾ ਸਿੰਘ ਨੇ ਲਾਲ ਪਾਰਟੀ ਦੇ ਚੱਲ ਰਹੇ ਮੱਤਭੇਦਾਂ ਤੋਂ ਨਿਰਾਸ਼ ਹੋ ਕੇ ਮਾਨਸਾ ਰੇਲਵੇ ਸਟੇਸ਼ਨ ਦੇ ਸਾਹਮਣੇ ਉਹਨਾਂ ਨੇ ਕਾਰਾਂ ਦੀ ਵਰਕਸ਼ਾਪ 'ਤੇ ਕੰਮ ਸਿੱਖਣਾ ਸ਼ੁਰੂ ਕੀਤਾ।

ਅਚਾਨਕ 1954 ਪੈਪਸੂ ਅਸੈਂਬਲੀ ਦੀਆਂ ਚੋਣਾਂ ਦਾ ਐਲਾਨ ਹੋਇਆ, ਪਰ ਪਾਰਟੀ ਨੂੰ ਅਣਥੱਕ ਤੇ ਜੁਝਾਰੂ ਕਾਮਿਆਂ ਦੀ ਲੋੜ ਸੀ।ਲਾਲ ਪਾਰਟੀ ਦਾ ਸੀ ਪੀ ਆਈ 'ਚ ਰਲੇਵਾਂ ਹੋ ਗਿਆ ਸੀ। ਜੰਗੀਰ ਸਿੰਘ ਜੋਗਾ ਮਾਨਸਾ ਤੋਂ, ਧਰਮ ਸਿੰਘ ਫੱਕਰ ਬੁਢਲਾਡਾ ਤੋਂ ਚੋਣ ਮੈਦਾਨ ਵਿੱਚ ਸਨ। ਕਾਮਰੇਡ ਬੂਟਾ ਸਿੰਘ ਨੂੰ ਮਨਾ ਕੇ ਫਿਰ ਹਰਦੇਵ ਸਿੰਘ ਮਾਨਸ਼ਾਹੀਆ ਨਾਲ ਡਰਾਮਾ ਪਾਰਟੀ 'ਚ ਸ਼ਾਮਲ ਕੀਤਾ ਗਿਆ। 1954, 1957 ਤੇ 1977 ਲਗਾਤਾਰ ਸਾਰੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਮਰੇਡ ਬੂਟਾ ਸਿੰਘ ਨੇ ਹਰਦੇਵ ਸਿੰਘ ਮਾਨਸ਼ਾਹੀਆ, ਸਰਵਣ ਸਿੰਘ ਵੀਰ ਅਤੇ ਦਲੀਪ ਸਿੰਘ ਬਾਜੇਵਾਲਾ ਨਾਲ ਮਿਲ ਕੇ ਡਰਾਮਾ ਪਾਰਟੀ 'ਚ ਕੰਮ ਕੀਤਾ।ਸਾਰੇ ਸਾਥੀਆਂ ਨਾਲ ਮਿਲ ਕੇ ਸਾਰੀਆਂ ਵਿਧਾਨ ਸਭਾ ਚੋਣਾਂ ਵਿੱਚ ਦਿਨ-ਰਾਤ ਸੇਵਾਵਾਂ ਨਿਭਾਉਂਦੇ ਰਹੇ।1980 ਵਿੱਚ ਪੰਜਾਬ ਵਿੱਚ ਮੱਧਕਾਲੀ ਵਿਧਾਨ ਸਭਾ ਚੋਣਾਂ ਦਾ ਐਲਾਨ ਹੋਇਆ।ਸੀ ਪੀ ਆਈ ਵੱਲੋਂ ਮਾਨਸਾ ਤੋਂ ਕਾਮਰੇਡ ਬੂਟਾ ਸਿੰਘ ਨੂੰ ਉਮੀਦਵਾਰ ਬਣਾਇਆ ਗਿਆ। ਕਾਮਰੇਡ ਬੂਟਾ ਸਿੰਘ ਦਾ ਮੁਕਾਬਲਾ ਸ੍ਰੀਮਤੀ ਇੰਦਰਾ ਗਾਂਧੀ ਦੇ ਨੇੜਲੇ ਤਰਲੋਚਨ ਸਿੰਘ ਰਿਆਸਤੀ ਵਿਚਕਾਰ ਸੀ।ਕਾਂਗਰਸ ਦਾ ਉਮੀਦਵਾਰ ਤਰਲੋਚਨ ਸਿੰਘ ਰਿਆਸਤੀ ਦੀ ਚੋਣ ਮੁਹਿੰਮ 'ਚ 124 ਗੱਡੀਆਂ ਦਾ ਕਾਫਲਾ ਸੀ, ਪਰ ਕਾਮਰੇਡ ਪਾਸ ਆਪੋ-ਆਪਣੇ ਸਾਈਕਲ ਤੇ ਟਰੈਕਟਰ ਟਰਾਲੀਆਂ ਸਨ।ਹਲਕੇ ਦੇ ਟਕਸਾਲੀ ਕਾਂਗਰਸੀ ਨੇਤਾ ਬਾਹਰਲਾ ਉਮੀਦਵਾਰ ਹੋਣ ਵਜੋਂ ਰਿਆਸਤੀ 'ਤੇ ਗੁੱਸੇ ਸਨ। ਅਖੀਰ ਚੋਣਾਂ ਤੋਂ ਬਾਅਦ ਨਤੀਜੇ ਆਉਣ 'ਤੇ 8632 ਵੋਟਾਂ ਦੇ ਫਰਕ ਨਾਲ ਤਰਲੋਚਨ ਸਿੰਘ ਰਿਆਸਤੀ ਨੂੰ ਹਰਾ ਕੇ ਕਾਮਰੇਡ ਬੂਟਾ ਸਿੰਘ ਮਾਨਸਾ ਤੋਂ ਵਿਧਾਇਕ ਚੁਣੇ ਗਏ।

ਵਰਨਣਯੋਗ ਹੈ ਕਿ ਕਾਮਰੇਡ ਹਰਦੇਵ ਸਿੰਘ ਮਾਨਸ਼ਾਹੀਆ ਨੇ ਕਾਮਰੇਡ ਬੂਟਾ ਸਿੰਘ ਨੂੰ ਆਪਣਾ ਪੁੱਤਰ ਸਮਝ ਕੇ ਸਾਂਭ-ਸੰਭਾਲ ਕਰਨ ਲਈ ਆਪਣੇ ਘਰ ਪਰਵਾਰ ਵਿੱਚ ਰੱਖਿਆ।ਹਰਦੇਵ ਸਿੰਘ ਮਾਨਸ਼ਾਹੀਆ ਨੇ ਕਾਮਰੇਡ ਬੂਟਾ ਸਿੰਘ ਨੂੰ ਆਪਣੀ ਨਿੱਜੀ ਜ਼ਮੀਨ-ਜਾਇਦਾਦ ਵਿੱਚੋਂ ਪੰਜ ਏਕੜ ਰਕਬਾ ਮਾਨਸਾ ਦੇ ਵਾਟਰ ਵਰਕਸ ਦੇ ਪਿਛਲੇ ਪਾਸੇ ਦਿੱਤਾ ਸੀ।ਬੂਟਾ ਸਿੰਘ ਨੇ ਵਿਧਾਇਕ ਬਣਨ ਤੋਂ ਬਾਅਦ ਉਨ੍ਹਾਂ ਨੇ ਆਪਣਾ ਘਰ ਵਸਾਉਣ ਦਾ ਮਨ ਬਣਾ ਲਿਆ ਸੀ। ਕਾਮਰੇਡ ਬੂਟਾ ਸਿੰਘ ਨੇ ਰਾਮਪੁਰਾ ਫੂਲ ਦੀ ਜੰਮਪਲ ਦਰਸ਼ਨਾ ਦੇਵੀ ਨੂੰ ਆਪਣਾ ਹਮਸਫਰ ਬਣਾ ਲਿਆ।1992 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਮਰੇਡ ਬੂਟਾ ਸਿੰਘ ਨੂੰ ਹਲਕਾ ਮਾਨਸਾ ਤੋਂ ਉਮੀਦਵਾਰ ਬਣਾਇਆ ਗਿਆ। ਇਹਨਾਂ ਚੋਣਾਂ ਦੌਰਾਨ ਕਾਮਰੇਡ ਬੂਟਾ ਸਿੰਘ ਨੂੰ 64 ਤੇ ਵਿਰੋਧੀ ਕਾਂਗਰਸੀ ਉਮੀਦਵਾਰਾਂ ਨੂੰ 36 ਵੋਟਾਂ ਹੋਣ ਦੇ ਬਾਵਜੂਦ ਜੇਤੂ ਕਰਾਰ ਦਿੱਤਾ ਗਿਆ, ਪਰ ਹਿੰਦੁਸਤਾਨ ਦੀਆਂ ਨਿਆਂ ਅਦਾਲਤਾਂ ਵਿੱਚ ਕੇਸ ਪੰਜ ਸਾਲ ਲਮਕਦਾ ਰਿਹਾ।1997 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਮਰੇਡ ਬੂਟਾ ਸਿੰਘ ਨੂੰ ਫਿਰ ਹਲਕਾ ਮਾਨਸਾ ਤੋਂ ਉਮੀਦਵਾਰ ਬਣਾਇਆ ਗਿਆ। ਉਸ ਸਮੇਂ ਬੂਟਾ ਸਿੰਘ 1700 ਵੋਟਾਂ ਦੇ ਫਰਕ ਨਾਲ ਰਹਿ ਗਏ ਸਨ।

1992 ਦੌਰਾਨ ਮਾਨਸਾ ਜ਼ਿਲ੍ਹਾ ਬਣ ਗਿਆ। ਸੀ ਪੀ ਆਈ ਵੱਲੋਂ ਕਾਮਰੇਡ ਬੂਟਾ ਸਿੰਘ ਨੂੰ ਮਾਨਸਾ ਜ਼ਿਲ੍ਹੇ ਦਾ ਜਨਰਲ ਸੈਕਟਰੀ ਬਣਾਇਆ ਗਿਆ।ਪਾਕਿਸਤਾਨ ਦੇ ਜ਼ਿਲ੍ਹਾ ਗੁਜਰਾਂਵਾਲਾ ਦੇ ਪਿੰਡ ਕਰਤਾਰਪੁਰ ਵਿਖੇ ਮਾਤਾ ਪਾਰੋ ਦੀ ਕੁੱਖੋਂ ਜੰਮਿਆ ਅਤੇ ਪੰਜਾਬ ਦੇ ਸ਼ਹਿਰ ਮਾਨਸਾ ਵਿਖੇ ਮਾਤਾ ਮਹਾਂ ਕੌਰ ਦੇ ਘਰ ਪਲਿਆ ਜਵਾਨ ਹੋਇਆ ਤੇ ਵਿਧਾਇਕ ਬਣਿਆ ਕਾਮਰੇਡ ਬੂਟਾ ਸਿੰਘ ਮਾਨਸਾ ਆਪਣੀ ਧਰਮ ਪਤਨੀ, ਪੁੱਤਰ, ਧੀ-ਜਵਾਈ, ਪੋਤਰੇ ਤੇ ਦੋਹਤੇ ਨੂੰ ਛੱਡ ਕੇ 30 ਨਵੰਬਰ 2020 ਦੀ ਰਾਤ ਨੂੰ ਅਕਾਲ ਚਲਾਣਾ ਕਰ ਗਏ ਸਨ।ਅੱਜ ਸੀ ਪੀ ਆਈ ਜ਼ਿਲ੍ਹਾ ਕੌਂਸਲ ਮਾਨਸਾ ਸੰਯੁਕਤ ਕਿਸਾਨ ਮੋਰਚੇ ਜ਼ਿਲ੍ਹਾ ਮਾਨਸਾ ਵੱਲੋਂ ਮੁਜ਼ਾਰਾ ਲਹਿਰ ਦੇ ਬਾਨੀ ਸ਼ਹੀਦ ਧਰਮ ਸਿੰਘ ਫੱਕਰ ਦੀ ਜਨਮਭੂਮੀ ਪਿੰਡ ਦਲੇਲ ਸਿੰਘ ਵਾਲਾ ਵਿਖੇ ਧਰਮ ਸਿੰਘ ਫੱਕਰ ਅਤੇ ਕਾਮਰੇਡ ਬੂਟਾ ਸਿੰਘ ਮਾਨਸਾ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਸਮਾਗਮ ਕੀਤਾ ਜਾ ਰਿਹਾ ਹੈ।

**# ਸੰਪਰਕ : 99885-00460**

2-DEC-PAGE-5.qxd 12/1/2024 8:54 PM Page 1



# ਆਪਣੀਆਂ ਨਸਲਾਂ, ਫਸਲਾਂ ਤੇ ਅਣਖਾਂ ਦੀ ਰਾਖੀ ਖਾਤਰ ਭਲਕੇ ਲੁਧਿਆਣਾ ਪਹੁੰਚੋ : ਕਾਲੇ ਪਾਣੀ ਦਾ ਮੋਰਚਾ

## ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਸਮਰਥਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਾਲੇ ਪਾਣੀ ਦਾ ਮੋਰਚਾ ਆਪਣੇ ਕੀਤੇ ਐਲਾਨ ਮੁਤਾਬਕ ਹਰ ਹਾਲ ਵਿੱਚ ਰੰਗਦਾਰ ਬੁੱਢੇ ਦਰਿਆ ਰਾਹੀਂ ਸਤਲੁਜ ਵਿੱਚ ਡਿੱਗ ਰਹੇ 9 ਕਰੋੜ ਲਿਟਰ ਜ਼ਹਿਰਾਂ ਨੂੰ ਬੰਨ੍ਹ ਮਾਰੇਗਾ ਭਾਵੇਂ ਸਰਕਾਰ ਡਾਇੰਗ ਐਸੋਸੀਏਸ਼ਨ ਤੋਂ ਧਮਕੀਆਂ ਭਰੇ ਬਿਆਨ ਦਿਵਾ ਕੇ ਮਹੌਲ ਖਰਾਬ ਹੋਣ ਦਾ ਬਹਾਨਾ ਬਣਾ ਕੇ ਸਾਨੂੰ ਗ੍ਰਿਫਤਾਰ ਕਰਨ ਦੀਆਂ ਸਕੀਮਾਂ ਘੜ ਰਹੀ ਹੈ, ਪਰ ਅਸੀਂ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਮੋਰਚਾ ਸਾਡੀ ਗੈਰ-ਹਾਜ਼ਰੀ ਵਿੱਚ ਵੀ ਚੜ੍ਹਦੀ ਕਲਾ ਵਿੱਚ ਹੋਵੇਗਾ, ਕਿਉਂਕਿ ਤੁਹਾਡੀ ਅਗਵਾਈ ਲਈ ਸਾਡੀ ਬੈਕਅੱਪ ਟੀਮ ਵੇਰਕਾ ਮਿਲਕ ਪਲਾਂਟ ਸਾਹਮਣੇ ਮੌਜੂਦ ਹੋਵੇਗੀ। ਮੋਰਚੇ ਦੇ ਆਗੂਆਂ ਅਮਿਤੋਜ ਮਾਨ, ਲੱਖਾ ਸਿਧਾਣਾ, ਇੰਜ: ਜਸਕੀਰਤ ਸਿੰਘ, ਕਪਿਲ ਅਰੋੜਾ, ਡਾ. ਅਮਨਦੀਪ ਬੈਂਸ, ਗੁਰਪ੍ਰੀਤ ਸਿੰਘ ਚੰਦਬਾਜਾ, ਕੁਲਦੀਪ ਸਿੰਘ ਖਹਿਰਾ, ਮਹਿੰਦਰ ਪਾਲ ਲੂੰਬਾ ਤੇ ਦਲੇਰ ਸਿੰਘ ਡੋਡ ਵੱਲੋਂ ਜਾਰੀ ਪ੍ਰੈਸ ਨੋਟ ਵਿਚ ਕਿਹਾ ਕਿ ਪਿਛਲੇ 40 ਸਾਲਾਂ ਤੋਂ ਬੁੱਢੇ ਦਰਿਆ ਰਾਹੀਂ ਸਾਨੂੰ ਜ਼ਹਿਰਾਂ ਪਰੋਸ ਕੇ ਸਾਡੀਆਂ ਨਸਲਾਂ ਨੂੰ ਤਬਾਹ ਕੀਤਾ ਜਾ ਰਿਹਾ ਹੈ ਤੇ ਹੁਣ ਲੋਅਰ ਬੁੱਢਾ ਦਰਿਆ ਨੂੰ ਪੁਨਰ ਸੁਰਜੀਤ ਕਰਕੇ ਮੋਗਾ ਜ਼ਿਲ੍ਹੇ ਤੱਕ ਇਹ ਜ਼ਹਿਰੀਲਾ ਪਾਣੀ ਸਿੱਧਾ ਖੇਤਾਂ ਨੂੰ ਸਪਲਾਈ ਕਰਕੇ ਸਾਡੀਆਂ ਫਸਲਾਂ ਨੂੰ ਵੀ ਤਬਾਹ ਕਰਨ ਦੀ ਤਿਆਰੀ ਹੈ। ਡਾਇੰਗ ਐਸੋਸੀਏਸ਼ਨਾਂ ਸੀਨਾਜ਼ੋਰੀ ਦਿਖਾ ਰਹੀਆਂ ਹਨ ਤੇ ਇੱਕ ਲੱਖ ਬੰਦੇ ਦਾ ਡਰ ਵਿਖਾ ਕੇ ਪੰਜਾਬ ਦਾ ਮਹੌਲ ਖਰਾਬ ਕਰ ਰਹੀਆਂ ਹਨ ਤੇ ਪੰਜਾਬੀਆਂ ਨੂੰ ਸਿੱਧੀ ਵੰਗਾਰ ਪਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਇਨ੍ਹਾਂ ਜ਼ਹਿਰਾਂ ਨੂੰ ਬੰਦ ਕਰਨ ਦੇ ਆਪਣੇ ਹੀ ਹੁਕਮਾਂ ਨੂੰ ਲਾਗੂ ਕਰਨ ਦੀ ਬਜਾਏ ਉਲਟਾ ਫੈਕਟਰੀ ਮਾਲਕਾਂ ਨਾਲ ਖੜ ਕੇ ਸਾਨੂੰ ਸ਼ਰਾਰਤੀ ਅਨਸਰ ਗਰਦਾਨ ਰਹੀ ਹੈ।

ਉਨ੍ਹਾਂ ਦੱਸਿਆ ਕਿ ਅਸੀਂ ਪੁਲਸ ਕਮਿਸ਼ਨਰ ਲੁਧਿਆਣਾ, ਸਪੀਕਰ ਕੁਲਤਾਰ ਸਿੰਘ ਸੰਧਵਾਂ, ਵਿਧਾਨ ਸਭਾ ਕਮੇਟੀ ਚੇਅਰਮੈਨ ਦਲਜੀਤ ਸਿੰਘ ਭੋਲਾ ਅਤੇ ਰਾਜਪਾਲ ਨੂੰ ਮਿਲ ਕੇ ਵਾਰ ਵਾਰ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਵਾਉਣ ਤੇ ਦੋਸ਼ੀਆਂ ਖਿਲਾਫ ਪਰਚਾ ਦਰਜ ਕਰਨ ਦੀ ਮੰਗ ਕਰ ਚੁੱਕੇ ਹਾਂ, ਪਰ ਸਰਕਾਰ ਨੇ ਇਨ੍ਹਾਂ ਪੰਜ ਮਹੀਨਿਆਂ ਵਿੱਚ ਇੱਕ ਵਾਰ ਵੀ ਗੱਲ ਕਰਨੀ ਜ਼ਰੂਰੀ ਨਹੀਂ ਸਮਝੀ, ਜਿਸ ਤੋਂ ਸਰਕਾਰ ਦੀ ਮਨਸ਼ਾ ਸਪੱਸ਼ਟ ਹੁੰਦੀ ਹੈ। ਉਨ੍ਹਾਂ ਲੋਕਾਂ ਨੂੰ ਆਪ ਮੁਹਾਰੇ ਆਪਣੇ ਸਾਧਨਾਂ ਰਾਹੀਂ 3 ਦਸੰਬਰ ਨੂੰ ਦੁਪਹਿਰ 12 ਵਜੇ ਤੱਕ ਵੇਰਕਾ ਮਿਲਕ ਪਲਾਂਟ ਲੁਧਿਆਣਾ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਅਸੀਂ ਪੂਰ ਅਮਨ ਆਪਣੇ ਟੀਚੇ ਦੀ ਪ੍ਰਾਪਤੀ ਲਈ ਕੰਮ ਕਰਨਾ ਹੈ ਤੇ ਕਿਸੇ ਤਰ੍ਹਾਂ ਦੀ ਹਿੰਸਾ ਨਹੀਂ ਕਰਨੀ। ਜੇਕਰ ਤੁਹਾਨੂੰ ਰਸਤੇ ਵਿੱਚ ਰੋਕਿਆ ਜਾਂਦਾ ਹੈ ਤਾਂ ਅੱਗੇ ਵਧਣ ਦੀ ਕੋਸ਼ਿਸ਼ ਕਰਨੀ ਹੈ। ਅਸਫਲ ਰਹਿਣ 'ਤੇ ਉਸੇ ਜਗ੍ਹਾ ਖੜ੍ਹ ਕੇ ਆਪਣਾ ਰੋਸ ਦਰਜ ਕਰਵਾਉਣਾ ਹੈ ਤੇ ਮੌਕੇ ਦੀ ਵੀਡੀਓ ਬਣਾ ਕੇ ਆਪੋ-ਆਪਣੇ ਸੋਸ਼ਲ ਮੀਡੀਆ, ਪ੍ਰੈਸ ਤੇ ਮੋਰਚੇ ਦੇ ਆਗੂਆਂ ਨੂੰ ਪਾਉਣੀ ਹੈ। ਉਨ੍ਹਾਂ ਨਿੱਜੀ ਗੱਡੀਆਂ ਵਿੱਚ ਆ ਰਹੇ ਲੋਕਾਂ ਨੂੰ ਆਪਣੀ ਗੱਡੀ ਵਿੱਚ ਇੱਕ ਖ਼ਾਲੀ ਸੀਟ ਲਿਆਉਣ ਦੀ ਵੀ ਅਪੀਲ ਕੀਤੀ।

ਦੂਸਰੇ ਪਾਸੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਸਾਨ ਭਵਨ ਚੰਡੀਗੜ੍ਹ ਵਿਖੇ ਕੀਤੀ ਪ੍ਰੈਸ ਕਾਨਫਰੰਸ ਵਿੱਚ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਪੂਰਨ ਸਮਰਥਨ ਦਾ ਐਲਾਨ ਕਰਦਿਆਂ ਜਿੱਥੇ ਸਰਕਾਰ ਨੂੰ ਐਨ ਜੀ ਟੀ ਦੇ ਹੁਕਮ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ, ਉਥੇ ਕਿਸਾਨਾਂ ਮਜ਼ਦੂਰਾਂ ਨੂੰ ਵੀ 3 ਦਸੰਬਰ ਨੂੰ ਕਾਲੇ ਪਾਣੀ ਦਾ ਮੋਰਚਾ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਹੈ, ਜਿਸ ਨਾਲ ਲੜਾਈ ਹੋਰ ਤਿੱਖੀ ਹੋਣ ਦੀ ਸੰਭਾਵਨਾ ਹੈ। ਦੇਖਣਾ ਹੋਵੇਗਾ ਕਿ ਲੰਬੇ ਸਮੇਂ ਤੋਂ ਇਸ ਮੁੱਦੇ 'ਤੇ ਚੁੱਪ ਧਾਰੀ ਬੈਠੀ ਸਰਕਾਰ ਅਗਲੇ ਦੋ ਦਿਨਾਂ ਵਿੱਚ ਕੀ ਪੈਂਤੜਾ ਲੈਂਦੀ ਹੈ।

# ਸੜਕ ਹਾਦਸੇ 'ਚ ਬੱਚੀ ਦੀ ਮੌਤ, ਚਾਰ ਗੰਭੀਰ ਜ਼ਖ਼ਮੀ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਫਰੀਦਕੋਟ-ਫਿਰੋਜ਼ਪੁਰ ਰੋਡ 'ਤੇ ਪਿੰਡ ਪਿਪਲੀ ਕੋਲ ਇੱਕ ਦਰਦਨਾਕ ਹਾਦਸੇ 'ਚ ਇੱਕ ਮਹੀਨੇ ਦੀ ਬੱਚੀ ਦੀ ਮੌਤ ਹੋ ਗਈ, ਜਦਕਿ ਚਾਰ ਲੋਕ ਗੰਭੀਰ ਰੂਪ 'ਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਗੁਰੂ ਗੋਬਿੰਦ ਮੈਡੀਕਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ।ਮੌਕੇ ਤੋਂ ਮਿਲੀ ਜਾਣਕਾਰੀ ਮੁਤਾਬਿਕ ਇੱਕ ਪਰਿਵਾਰ ਫ਼ਰੀਦਕੋਟ ਵੱਲੋਂ ਇੱਕ ਆਲਟੋ ਕਾਰ 'ਤੇ ਸਵਾਰ ਹੋ ਕੇ ਜਾ ਰਿਹਾ ਸੀ ਕਿ ਫਿਰੋਜ਼ਪੁਰ ਵੱਲੋਂ ਆਉਂਦੇ ਇੱਕ ਟਰੱਕ ਵੱਲੋਂ ਕਾਰ ਨੂੰ ਸਾਹਮਣੇ ਤੋਂ ਜ਼ਬਰਦਸਤ ਟੱਕਰ ਮਾਰੀ ਅਤੇ ਇਸੇ ਚਪੇਟ 'ਚ ਇੱਕ ਰਿਕਸ਼ਾ ਵੀ ਆ ਗਿਆ।ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ 'ਚ ਬੈਠੀਆਂ ਸਾਰੀਆਂ ਸਵਾਰੀਆਂ ਤੇ ਇੱਕ ਰਿਕਸ਼ਾ ਚਾਲਕ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ ਅਤੇ ਇਸ ਦਰਦਨਾਕ ਹਾਦਸੇ ਦੌਰਾਨ ਕਾਰ 'ਚ ਸਵਾਰ ਮਹਿਜ਼ ਇੱਕ ਮਹੀਨੇ ਦੀ ਬੱਚੀ ਦੀ ਹਾਦਸੇ ਦੌਰਾਨ ਮੌਤ ਹੋ ਗਈ।ਟੱਕਰ ਤੋਂ ਬਾਅਦ ਟਰੱਕ ਚਾਲਕ ਮੌਕੇ ਤੋਂ ਟਰੱਕ ਭਜਾ ਕੇ ਲੈ ਗਿਆ, ਜਿਸ ਦੀ ਹਲੇ ਤੱਕ ਪਹਿਚਾਣ ਨਹੀਂ ਹੋ ਸਕੀ।ਪਿੰਡ ਵਾਸੀਆਂ ਮੁਤਾਬਿਕ ਕਾਰ 'ਚੋਂ ਬਹੁਤ ਹੀ ਮੁਸ਼ਕਲ ਨਾਲ ਸਵਾਰੀਆਂ ਨੂੰ ਬਾਹਰ ਕੱਢਿਆ ਗਿਆ, ਜਿਨ੍ਹਾਂ 'ਚ ਕਾਰ ਚਾਲਕ ਦੀਆਂ ਲੱਤਾਂ ਟੁੱਟ ਗਈਆਂ। ਇੱਕ ਮਹਿਲਾ ਦੇ ਸਿਰ 'ਚ ਗੰਭੀਰ ਸੱਟ ਵੱਜੀ ਅਤੇ ਇਸੇ ਦੌਰਾਨ ਕਰੀਬ ਇੱਕ ਮਹੀਨੇ ਦੀ ਬੱਚੀ ਦੀ ਮੌਕੇ 'ਤੇ ਮੌਤ ਹੋ ਗਈ, ਨਾਲ ਹੀ ਰਿਕਸ਼ਾ ਚਾਲਕ ਦੇ ਵੀ ਕਾਫੀ ਸੱਟਾਂ ਵੱਜੀਆਂ, ਜਿਨ੍ਹਾਂ ਨੂੰ ਮੈਡੀਕਲ ਹਸਪਤਾਲ ਭੇਜਿਆ ਗਿਆ।

## ਪੀ ਓ ਸਟਾਫ ਵੱਲੋਂ ਭਗੌੜਾ ਔਰਤ ਗ੍ਰਿਫਤਾਰ

**ਜਲਾਲਾਬਾਦ (ਜੀਤ ਕੁਮਾਰ)**-ਜ਼ਿਲ੍ਹਾ ਫਾਜ਼ਿਲਕਾ ਦੇ ਐੱਸ.ਐੱਸ.ਪੀ. ਵਰਿੰਦਰ ਸਿੰਘ ਬਰਾੜ, ਐੱਸ. ਪੀ. (ਡੀ) ਪ੍ਰਦੀਪ ਸਿੰਘ ਸੰਧੂ ਤੇ ਡੀ.ਐੱਸ.ਪੀ. ਬਲਕਾਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੀ. ਓ. ਸਟਾਫ ਜ਼ਿਲ੍ਹਾ ਫਾਜ਼ਿਲਕਾ ਦੀ ਪੁਲਸ ਵੱਲੋਂ ਥਾਣਾ ਸਿਟੀ ਜਲਾਲਾਬਾਦ ਵਿਖੇ ਆਬਕਾਰੀ ਐਕਟ ਤਹਿਤ ਦਰਜ ਇਕ ਮੁਕੱਦਮੇ ਵਿੱਚ ਲੋੜੀਂਦਾ ਭਗੌੜਾ ਔਰਤ ਨੂੰ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਗਈ ਹੈ। ਪੀ.ਓ. ਸਟਾਫ ਦੇ ਇੰਚਾਰਜ ਏ.ਐੱਸ.ਆਈ. ਰਤਨ ਲਾਲ ਨੇ ਦੱਸਿਆ ਕਿ ਪਰਮਜੀਤ ਕੌਰ ਪਤਨੀ ਬਲਵੰਤ ਸਿੰਘ ਵਾਸੀ ਟਿਵਾਣਾ ਕਲਾਂ ਹਾਲ ਮਾਹੂਆਣਾ ਰੋਡ ਅਰਨੀਵਾਲਾ ਦੇ ਖਿਲਾਫ ਮੁਕੱਦਮਾ ਥਾਣਾ ਸਿਟੀ ਜਲਾਲਾਬਾਦ ਵਿਖੇ ਦਰਜ ਹੋਇਆ ਸੀ। ਇਸ ਨਾਮਜ਼ਦ ਔਰਤ ਪਰਮਜੀਤ ਕੌਰ ਨੂੰ ਮਾਣਯੋਗ ਅਦਾਲਤ ਵੱਲੋਂ ਪੀ.ਓ. 6 ਨਵੰਬਰ 2024 ਨੂੰ ਭਗੌੜਾ ਘੋਸ਼ਿਤ ਕੀਤਾ ਗਿਆ ਸੀ, ਜਿਸ ਨੂੰ ਪੀ.ਓ. ਸਟਾਫ ਦੀ ਪੁਲਸ ਵੱਲੋਂ ਕਾਬੂ ਕੀਤਾ ਗਿਆ ਹੈ। ਇਸ ਮੌਕੇ ਏ.ਐੱਸ.ਆਈ. ਰਤਨ ਲਾਲ, ਏ.ਐਸ.ਆਈ. ਸਵਾਰ ਸਿੰਘ, ਏ.ਐਸ.ਆਈ. ਰਮੇਸ਼ ਕੁਮਾਰ, ਜਸਵਿੰਦਰ ਸਿੰਘ, ਐਚ.ਸੀ. ਜਰਨੈਲ ਸਿੰਘ, ਐਚਸੀ ਪ੍ਰੇਮ ਸਿੰਘ, ਸੁਨੀਤਾ ਰਾਣੀ ਹਾਜ਼ਰ ਸਨ।

# ਕੁਰਾਨ ਸ਼ਰੀਫ਼ ਬੇਅਦਬੀ ਮਾਮਲੇ 'ਚ 'ਆਪ' ਵਿਧਾਇਕ ਨੂੰ 2 ਸਾਲ ਦੀ ਸਜ਼ਾ



**ਮਲੇਰਕੋਟਲਾ (ਅਸਗਰ ਪਰਿਹਾਰ)**

ਜੂਨ 2016 'ਚ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਮਾਲੇਰਕੋਟਲਾ 'ਚ ਹੋਈ ਪਵਿੱਤਰ ਕੁਰਾਨ ਸ਼ਰੀਫ ਦੀ ਬੇਅਦਬੀ ਮਾਮਲੇ 'ਚ ਨਾਮਜ਼ਦ ਦਿੱਲੀ ਦੇ ਮਹਰੌਲੀ ਇਲਾਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਯਾਦਵ ਨੂੰ ਦੋਸ਼ੀ ਕਰਾਰ ਕਰ ਦਿੰਦੇ ਹੋਏ ਸਜ਼ਾ ਦਾ ਐਲਾਨ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਮੁਤਾਬਿਕ ਦਿੱਲੀ ਦੇ ਮਹਿਰੋਲੀ ਤੋਂ ਵਿਧਾਇਕ ਨਰੇਸ਼ ਯਾਦਵ ਨੂੰ ਅੱਜ ਮਾਲੇਰਕੋਟਲਾ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਪਰਮਿੰਦਰ ਸਿੰਘ ਗਰੇਵਾਲ ਦੀ ਅਦਾਲਤ ਨੇ 8 ਸਾਲ ਪੁਰਾਣੇ ਮਾਲੇਰਕੋਟਲਾ ਕੁਰਾਨ ਸ਼ਰੀਫ ਬੇਅਦਬੀ ਮਾਮਲੇ 'ਚ ਦੋਸ਼ੀ ਕਰਾਰ ਦਿੰਦੇ ਹੋਏ 2 ਸਾਲ ਦੀ ਸਜ਼ਾ ਸੁਣਾਈ ਤੇ 11000 ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ।ਅਦਾਲਤ ਨੇ ਕਿਹਾ ਕਿ ਜੇਕਰ ਵਿਧਾਇਕ ਨੇ ਲਗਾਇਆ ਹੋਇਆ ਜੁਰਮਾਨਾ ਨਹੀਂ ਭਰਿਆ ਤਾਂ ਉਸ ਦੀ ਸਜ਼ਾ ਨੂੰ ਇੱਕ ਸਾਲ ਲਈ ਹੋਰ ਵਧਾ ਦਿੱਤਾ ਜਾਵੇਗਾ।

ਜ਼ਿਕਰਯੋਗ ਹੈ ਕਿ 24 ਜੂਨ 2016 ਨੂੰ ਮਾਲੇਰਕੋਟਲਾ ਸ਼ਹਿਰ ਦੇ ਜਰਗ ਰੋਡ ਤੋਂ ਕੁਰਾਨ ਸ਼ਰੀਫ਼ ਦੇ ਅੰਗ ਬਰਾਮਦ ਹੋਣ ਦੀ ਘਟਨਾ ਵਾਪਰੀ ਤਾਂ ਇਸ ਮਾਮਲੇ 'ਚ ਵਿਜੈ ਕੁਮਾਰ, ਨੰਦ ਕਿਸ਼ੋਰ ਤੇ ਗੌਰਵ ਕੁਮਾਰ ਸਮੇਤ ਦੋ ਹੋਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ, ਉੱਥੇ ਹੀ ਸਬੂਤਾਂ ਤੇ ਗਵਾਹਾਂ ਦੇ ਬਿਆਨਾਂ ਦੇ ਅਧਾਰ 'ਤੇ 'ਆਪ' ਵਿਧਾਇਕ ਨਰੇਸ਼ ਯਾਦਵ ਦਾ ਨਾਂਅ ਜੋੜਿਆ ਗਿਆ ਸੀ।ਪਟਿਆਲਾ ਤੋਂ ਵਿਜੈ ਕੁਮਾਰ ਦੀ ਗ੍ਰਿਫ਼ਤਾਰੀ ਮਗਰੋਂ ਉਸ ਦੇ ਬਿਆਨ 'ਤੇ ਨਰੇਸ਼ ਯਾਦਵ ਨੂੰ ਜਾਂਚ 'ਚ ਸ਼ਾਮਲ ਕੀਤਾ ਗਿਆ ਤਾਂ ਖੁਲਾਸਾ ਹੋਇਆ ਕਿ ਨਰੇਸ਼ ਯਾਦਵ ਵੱਲੋਂ ਵਿਜੈ ਕੁਮਾਰ ਦੇ ਬੈਂਕ ਖਾਤੇ ਵਿੱਚ 90 ਲੱਖ ਰੁਪਏ ਟ੍ਰਾਂਸਫਰ ਕੀਤੇ ਗਏ ਅਤੇ ਇਸ ਲਈ ਆਰ.ਐੱਸ.ਐੱਸ. ਨਾਲ ਉਸ ਦੇ ਸਬੰਧਾਂ ਦੀ ਜਾਂਚ ਲਈ ਅਰਜ਼ੀ ਦਾਇਰ ਕੀਤੀ ਗਈ ਸੀ।

## ਕਾਤਰਾਂ

### 7ਵੀਂ ਮਯੰਕ ਸ਼ਰਮਾ ਮੈਮੋਰੀਅਲ ਬੈਡਮਿੰਟਨ ਚੈਂਪੀਅਨਸ਼ਿਪ 6 ਤੋਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਯੰਕ ਫਾਊਂਡੇਸ਼ਨ ਵੱਲੋਂ 7ਵੀਂ ਮਯੰਕ ਸ਼ਰਮਾ ਮੈਮੋਰੀਅਲ ਬੈਡਮਿੰਟਨ ਚੈਂਪੀਅਨਸ਼ਿਪ 6 ਤੋਂ 8 ਦਸੰਬਰ ਤੱਕ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਫ਼ਿਰੋਜ਼ਪੁਰ ਦੇ ਵਿਸ਼ਨੂੰ ਭਗਵਾਨ ਆਡੀਟੋਰੀਅਮ ਵਿਖੇ ਕਰਵਾਈ ਜਾ ਰਹੀ ਹੈ।ਇਹ ਟੂਰਨਾਮੈਂਟ ਹਰ ਸਾਲ ਨੌਜਵਾਨ ਸ਼ਟਲਰ ਮਯੰਕ ਸ਼ਰਮਾ ਦੀ ਯਾਦ ਵਿੱਚ ਕਰਵਾਇਆ ਜਾਵੇਗਾ।ਇਸ ਵਾਰ ਉੱਤਰੀ ਭਾਰਤ ਦੇ ਰਾਜਾਂ ਦੇ ਲਗਭਗ 400 ਖਿਡਾਰੀ ਆਪਣੇ ਬੈਡਮਿੰਟਨ ਹੁਨਰ ਦਾ ਪ੍ਰਦਰਸ਼ਨ ਕਰਨਗੇ।

### ਕਾਵਿਆਂਸ ਬਾਂਸਲ ਦਾ ਹਿੰਦੀ ਭਾਸ਼ਾ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ




**ਧੂਰੀ (ਸੁਖਦੇਵ ਧੂਰੀ)**-ਮਹਾਤਮਾ ਗਾਂਧੀ ਰਾਜਭਾਸ਼ਾ ਹਿੰਦੀ ਪ੍ਰਚਾਰ ਸੰਸਥਾ ਪੂਨੇ (ਮਾਹਾਰਾਸ਼ਟਰ) ਵੱਲੋਂ ਹਿੰਦੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਪੂਰੇ ਦੇਸ਼ ਵਿੱਚ ਅਯੋਜਿਤ ਕੀਤੀ ਗਈ ਹਿੰਦੀ ਭਾਸ਼ਾ ਦੀ ਪ੍ਰੀਖਿਆ ਵਿੱਚ ਧੂਰੀ ਸ਼ਹਿਰ ਦੇ ਉੱਘੇ ਸਮਾਜ ਸੇਵਕ, ਦੁਖੀਆਂ ਦਾ ਦਰਦ ਵੰਡਾਉਣ ਵਾਲੇ ਸਰੇਸ਼ ਬਾਂਸਲ (ਬਾਂਸਲ ਸਵੀਟਸ ਵਾਲੇ) ਦੇ ਪੋਤਰੇ ਕਾਵਿਆਂਸ ਬਾਂਸਲ ਨੇ ਆਪਣੇ ਵਰਗ ਦੀ ਲਈ ਗਈ ਪ੍ਰੀਖਿਆ ਵਿੱਚੋਂ ਸਭ ਤੋਂ ਵੱਧ ਨੰਬਰ ਲੈ ਕੇ ਪਹਿਲੇ ਦਰਜੇ 'ਚ ਪਾਸ ਕਰਕੇ ਧੂਰੀ ਸ਼ਹਿਰ ਅਤੇ ਆਪਣੇ ਮਾਤਾ-ਪਿਤਾ ਤੇ ਪਰਵਾਰ ਦਾ ਨਾਂਅ ਰੌਸ਼ਨ ਕੀਤਾ।ਸੰਸਥਾ ਵੱਲੋਂ ਇਹ ਪ੍ਰੀਖਿਆ ਲਿਟਲ ਫਲਾਵਰ ਕਾਨਵੈਂਟ ਸੰਗਰੂਰ ਵਿਖੇ ਕਰਵਾਈ ਗਈ।ਸੰਸਥਾ ਵੱਲੋਂ ਇਸ ਪ੍ਰਾਪਤੀ ਲਈ ਕਾਵਿਆਂਸ ਬਾਂਸਲ ਦੀ ਹੌਸਲਾ ਅਫਜ਼ਾਈ ਲਈ ਸਰਟੀਫਿਕੇਟ ਦੇ ਕੇ ਅਤੇ ਮੈਡਲ ਨਾਲ, ਸਨਮਾਨ ਚਿੰਨ੍ਹ ਦਿੱਤਾ ਗਿਆ।ਸ਼ਹਿਰ ਦੀਆਂ ਵੱਖ ਵੱਖ ਸ਼ਖ਼ਸੀਅਤਾਂ ਕਾਵਿਆਂਸ ਦੀ ਇਸ ਪ੍ਰਾਪਤੀ 'ਤੇ ਬਾਂਸਲ ਪਰਵਾਰ ਨੂੰ ਮੁਬਾਰਕਾਂ ਦੇ ਰਹੇ ਹਨ।

### ਸ਼ਾਂਤੀ ਵਿੱਦਿਆ ਮੰਦਰ 'ਚ ਡਰਾਇੰਗ ਮੁਕਾਬਲੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨਹਿਰੂ ਯੁਵਾ ਕੇਂਦਰ ਫ਼ਿਰੋਜ਼ਪੁਰ ਵੱਲੋਂ ਸ਼ਾਂਤੀ ਵਿੱਦਿਆ ਮੰਦਰ ਵਿਖੇ ਡਰਾਇੰਗ ਮੁਕਾਬਲਾ ਕਰਵਾਇਆ ਗਿਆ, ਜਿਸ ਦਾ ਵਿਸ਼ਾ ਮਾਂ ਦੇ ਨਾਂ 'ਤੇ ਇੱਕ ਰੁੱਖ ਸੀ। ਇਹ ਮੁਕਾਬਲਾ ਯੁਵਾ ਮਾਮਲੇ ਤੇ ਖੇਡ ਮੰਤਰਾਲੇ ਦੀ ਅਗਵਾਈ ਹੇਠ ਆਯੋਜਿਤ ਪ੍ਰੋਗਰਾਮ ਦੇ ਤਹਿਤ ਕਰਵਾਇਆ ਗਿਆ, ਜਿਸ ਵਿੱਚ ਨਹਿਰੂ ਯੁਵਾ ਕੇਂਦਰ ਦੀ ਜ਼ਿਲ੍ਹਾ ਯੁਵਾ ਅਫਸਰ ਮਿਸ ਮਨੀਸ਼ਾ ਰਾਣੀ, ਤਰੁਨਜੀਤ ਸਿੰਘ, ਮਨਦੀਪ ਸਿੰਘ, ਸਕੂਲ ਦੇ ਪ੍ਰਬੰਧਕੀ ਕਮੇਟੀ ਮੈਂਬਰ ਅਤੇ ਸਕੂਲ ਅਧਿਆਪਕ ਅੰਜਲੀ ਕਟਾਰੀਆ ਹਾਜ਼ਰ ਸਨ।

# ਸੱਤਾ 'ਚ ਆਉਣ ਤੋਂ ਬਾਅਦ ਸਰਕਾਰ ਨੇ ਲੋਕਾਂ ਨੂੰ ਦਿੱਤੀਆਂ ਗਰੰਟੀਆਂ ਵਿਸਾਰੀਆਂ : ਚੌਹਾਨ/ਉੱਡਤ

## ਸੇਵਾ ਮੁਕਤ ਪੰਜਾਬ ਹੋਮਗਾਰਡ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਰਿਟਾਇਰਡ ਪੰਜਾਬ ਹੋਮਗਾਰਡ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਮਾਨਸਾ ਦੀ ਇੱਕ ਅਹਿਮ ਮੀਟਿੰਗ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿੱਖੇ ਜ਼ਿਲ੍ਹਾ ਪ੍ਰਧਾਨ ਸੰਧੂਰਾ ਸਿੰਘ ਖਿਆਲਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕ੍ਰਿਸ਼ਨ ਚੌਹਾਨ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਦਿੱਤੀਆਂ ਗਰੰਟੀਆਂ ਵਿਸਾਰ ਦਿੱਤੀਆਂ ਤੇ ਲੋਕ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ।

ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮ ਦੀ ਸਾਰ ਨਹੀਂ ਲਈ, ਬਲਕਿ ਨਵਉਦਾਰਵਾਦੀ ਨੀਤੀਆਂ ਦੇ ਚੱਲਦਿਆ ਪਬਲਿਕ ਅਦਾਰਿਆਂ ਨੂੰ ਖਤਮ ਕਰਨ ਦੇ ਰਾਹ ਪੈ ਚੁੱਕੀ ਹੈ ਤੇ ਸਰਕਾਰੀ ਅਦਾਰਿਆ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਵੀ ਖਤਮ ਕਰ ਰਹੀ ਹੈ।ਇਸ ਮੌਕੇ ਸੰਬੋਧਨ ਕਰਦਿਆਂ ਰਿਟਾਇਰਡ ਪੰਜਾਬ ਹੋਮਗਾਰਡ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੰਧੂਰਾ ਸਿੰਘ ਖਿਆਲਾ ਤੇ ਸੂਬਾਈ ਆਗੂ ਮਿੱਠੂ ਸਿੰਘ ਮੰਦਰਾਂ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ, ਹੋਮਗਾਰਡ ਨੂੰ ਸਿਪਾਹੀ ਦਾ ਰੈਂਕ ਵਾ ਸਿਪਾਹੀ ਜਿੰਨੀ ਪੈਨਸ਼ਨ ਦਿੱਤੀ ਜਾਵੇ ਤੇ ਡੀ ਏ ਦੀ ਕਿਸ਼ਤ ਜਾਰੀ ਕੀਤੀ ਜਾਵੇ।ਆਗੂਆਂ ਨੇ ਕਿਹਾ ਕਿ 30 ਦਸੰਬਰ ਦੀ ਵਿਸ਼ਾਲ ਰਾਜਸੀ ਰੈਲੀ ਮਾਨਸਾ ਵਿੱਚ ਵੱਡੇ ਕਾਫਲੇ ਦੇ ਰੂਪ ਵਿੱਚ ਹੋਮਗਾਰਡ ਪੈਨਸ਼ਨਰ ਸ਼ਾਮਲ ਹੋ ਕੇ ਏਟਕ ਦੇ ਸੂਬਾਈ ਪ੍ਰਧਾਨ ਬੰਤ ਸਿੰਘ ਬਰਾੜ ਨੂੰ ਐਸੋਸੀਏਸ਼ਨ ਦਾ ਮੰਗ ਪੱਤਰ ਸੌਂਪਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਅਤਲਾ, ਲਾਲ ਸਿੰਘ ਜੋਗਾ, ਗਮਦੂਰ ਸਿੰਘ ਟਿੱਬੀ, ਹਰਬੰਸ ਸਿੰਘ ਸਰਦੂਲਗੜ੍ਹ, ਬਿਕਰਮਜੀਤ ਸਿੰਘ, ਰਵਿੰਦਰ ਕੁਮਾਰ ਮਾਨਸਾ ਤੇ ਰਣਜੀਤ ਸਿੰਘ ਮਾਖਾ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ।

# ਕਿਸਾਨ ਅੰਦੋਲਨ 294ਵੇਂ ਤੇ ਮਰਨ ਵਰਤ 7ਵੇਂ ਦਿਨ 'ਚ ਸ਼ਾਮਲ : ਕੇ ਐੱਮ ਐੱਮ



**ਕੋਟ ਈਸੇ ਖਾਂ (ਅਰੋੜਾ)**-ਕਿਸਾਨ ਅੰਦੋਲਨ-2 ਦੇ 293ਵੇਂ ਦਿਨ ਅੱਜ ਕਿਸਾਨ ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਨੇ ਚੰਡੀਗੜ੍ਹ ਦੇ ਕਿਸਾਨ ਭਵਨ ਵਿਖੇ ਇੱਕ ਪ੍ਰੈੱਸ ਕਾਨਫਰੰਸ ਕੀਤੀ।ਪ੍ਰੈੱਸ ਨੂੰ ਸੰਬੋਧਤ ਕਰਦੇ ਹੋਏ ਕਿਸਾਨ ਨੇਤਾ ਸਰਵਨ ਸਿੰਘ ਪੰਧੇਰ ਨੇ ਆਉਣ ਵਾਲੀ 6 ਤਰੀਕ ਤੋਂ ਸ਼ੰਭੂ ਮੋਰਚੇ ਤੋਂ ਮਰਜੀਵੜੇ ਜੱਥਿਆਂ ਦੇ ਦਿੱਲੀ ਕੂਚ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਮਰਜੀਵੜੇ ਜੱਥੇ ਸ਼ੰਭੂ ਤੋਂ ਦਿੱਲੀ ਵੱਲ ਸ਼ਾਂਤਮਈ ਤਰੀਕੇ ਨਾਲ ਪੈਦਲ ਯਾਤਰਾ ਸ਼ੁਰੂ ਕਰਨਗੇ।ਉਨ੍ਹਾਂ ਕਿਹਾ ਕਿ ਜੱਥਾ ਸਿਰਫ ਲੋੜੀਂਦਾ ਸਾਮਾਨ ਲੈ ਕੇ ਅੱਗੇ ਨੂੰ ਵਧੇਗਾ।ਮਰਜੀਵੜੇ ਜਥੇ ਦੀ ਅਗਵਾਈ ਦੇ ਬਾਰੇ ਜਾਣਕਾਰੀ ਦਿੰਦੇ ਹੋਏ ਸਰਵਨ ਸਿੰਘ ਪੰਧੇਰ ਨੇ ਦੱਸਿਆ ਕਿ ਹਰਿਆਣੇ ਦੇ ਖੇਤੀਬਾੜੀ ਮੰਤਰੀ ਤੇ ਰਵਨੀਤ ਬਿੱਟੂ ਨੇ ਬਿਆਨ ਦਿੱਤਾ ਕਿ ਪੈਦਲ ਜਥੇ ਨੂੰ ਰੋਕਿਆ ਨਹੀਂ ਜਾਵੇਗਾ ਤੇ ਬੀਜੇਪੀ ਦੇ ਨੇਤਾ ਆਵਦੇ ਬਿਆਨ 'ਤੇ ਪੱਕੇ ਰਹਿਣ।ਜੇਕਰ ਜਾਂਦੇ ਜਥੇ ਨੂੰ ਰੋਕਿਆ ਜਾਂਦਾ ਤਾਂ ਮਿੱਥ ਕੇ ਪੰਜਾਬ, ਹਰਿਆਣਾ ਤੇ ਵਪਾਰੀਆਂ ਤੇ ਆਮ ਜਨਤਾ ਨੂੰ ਤੰਗ ਕਰਨ ਤੇ ਪੰਜਾਬ ਹਰਿਆਣਾ ਦੀ ਆਰਥਿਕਤਾ 'ਤੇ ਸੱਟ ਮਾਰਨ ਦੀ ਨੀਤੀ ਹੋਵੇਗੀ। ਚੱਲ ਰਹੇ ਸੰਸਦ ਸਤਰ ਵਿੱਚ ਦੇਸ਼ ਦੇ ਐੱਮ ਪੀ ਕਿਸਾਨਾਂ ਮਜ਼ਦੂਰਾਂ ਦੀ ਆਵਾਜ਼ ਨਹੀਂ ਉਠਾ ਰਹੇ ਹਨ। ਜਿਸ ਸਮੇਂ ਕਿਸਾਨ ਮਰਨ ਵਰਤ 'ਤੇ ਬੈਠੇ ਹੋਣ 'ਤੇ ਦਿੱਲੀ ਕੂਚ ਦਾ ਐਲਾਨ ਕੀਤਾ ਹੋਵੇ, ਉਸ ਸਮੇਂ ਚਲਦੇ ਸਰਦ ਰੁੱਤ ਦੇ ਸੈਸ਼ਨ ਵਿੱਚ ਭਾਜਪਾ ਤੇ ਵਿਰੋਧੀ ਧਿਰ ਦੇ ਐੱਮ ਪੀ ਕਿਸਾਨਾਂ, ਮਜ਼ਦੂਰਾਂ ਦੀਆਂ ਮੰਗਾਂ 'ਤੇ ਗੰਭੀਰ ਨਜ਼ਰ ਨਹੀਂ ਆ ਰਹੇ।ਸ਼ੰਭੂ ਬਾਰਡਰ ਤੋਂ ਪਹਿਲੇ ਜਥੇ ਦੀ ਅਗਵਾਈ ਕਿਸਾਨ ਨੇਤਾ ਸਤਨਾਮ ਸਿੰਘ ਪੰਨੂ, ਸਵਿੰਦਰ ਸਿੰਘ ਚਤਾਲਾ, ਸੁਰਜੀਤ ਸਿੰਘ ਫੂਲ ਅਤੇ ਬਲਜਿੰਦਰ ਸਿੰਘ ਚੰਡਿਆਲਾ ਹਰਿਆਣਾ ਕਰਨਗੇ।ਦਿੱਲੀ ਕੂਚ ਦੇ ਪਹਿਲੇ ਚਾਰ ਪੜਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਸਰਵਨ ਸਿੰਘ ਪੰਧੇਰ ਹੁਣਾਂ ਨੇ ਕਿਹਾ ਕਿ ਰੋਜ਼ ਜੱਥਾ 9 ਵਜੇ ਤੋਂ 5 ਵਜੇ ਤੱਕ ਪੈਦਲ ਯਾਤਰਾ ਕਰੇਗਾ ਅਤੇ ਪਹਿਲਾ ਪੜਾਵ ਅੰਬਾਲਾ ਦੇ ਜੱਗੀ ਸਿਟੀ ਸੈਂਟਰ ਵਿਖੇ ਹੋਏਗਾ, ਦੂਸਰਾ ਪੜਾਵ ਮੋਹੜਾ (ਅੰਬਾਲਾ) ਵਿਖੇ ਹੋਵੇਗਾ। ਅੱਗੇ ਚੱਲ ਤੀਸਰਾ ਪੜਾਵ ਖਾਨਪੁਰ ਜੱਟਾਂ ਤਿਉੜਾ ਥੇਹ ਵਿਖੇ ਅਤੇ ਅਗਲਾ ਪੜਾਅ ਪਿੱਪਲੀ ਵਿਖੇ ਹੋਵੇਗਾ।ਉਨ੍ਹਾਂ ਕਿਹਾ ਇਸ ਦੌਰਾਨ ਜੱਥਾ ਸਾਰੀਆਂ ਠੰਡੀਆਂ ਰਾਤਾਂ ਸੜਕ ਉੱਤੇ ਕੱਟੇਗਾ ਅਤੇ ਦੋਨੋਂ ਮੋਰਚਿਆਂ ਵੱਲੋਂ ਉਹ ਹਰਿਆਣਾ ਦੀ ਸੰਗਤ ਅਤੇ ਸਾਰੀਆਂ ਜਥੇਬੰਦੀਆਂ ਨੂੰ ਬੇਨਤੀ ਕਰਦੇ ਹਨ ਕਿ ਅੱਗੇ ਪਹੁੰਚ ਕੇ ਜੱਥੇ ਦੇ ਰੁਕ ਰਕਾਬ ਦਾ ਪ੍ਰਬੰਧ ਕਰਨ।ਕਿਸਾਨ ਆਗੂ ਮਨਜੀਤ ਸਿੰਘ ਰਾਏ ਨੇ ਦੱਸਿਆ ਕਿ ਇਹ ਮਰਜੀਵੜਾ ਜੱਥਾ ਸਿਰ 'ਤੇ ਕੱਫਣ ਬੰਨ੍ਹ ਕੇ ਨਿਕਲੇਗਾ ਤੇ ਸਰਕਾਰ ਵੱਲੋਂ ਕੀਤੇ ਗਏ ਹਰ ਜ਼ੁਲਮ ਅਤੇ ਜਬਰ ਦਾ ਸਬਰ ਸੰਤੋਖ ਨਾਲ ਸਾਹਮਣਾ ਕਰੇਗਾ ਅਤੇ ਦਿੱਲੀ ਵੱਲ ਕੂਚ ਕਰੇਗਾ।ਉਨ੍ਹਾਂ ਪੰਜਾਬ ਤੇ ਹਰਿਆਣੇ ਦੇ ਆਮ ਜਨਤਾ ਨੂੰ ਵੀ ਵਧ ਚੜ੍ਹ ਕੇ ਮੋਰਚੇ ਦੇ ਹੱਕ ਵਿੱਚ ਉਤਰਨ ਦੀ ਅਪੀਲ ਕੀਤੀ।ਇਸ ਮੌਕੇ ਰਾਜਸਥਾਨ ਤੋਂ ਆਏ ਕਿਸਾਨ ਆਗੂ ਰਣਜੀਤ ਸਿੰਘ ਰਾਜੂ ਨੇ ਪ੍ਰੈੱਸ ਨੂੰ ਦੱਸਿਆ ਕਿ ਇਹ ਕਹਿਣਾ ਗਲਤ ਹੈ ਕਿ ਇਸ ਮੋਰਚੇ ਵਿੱਚ ਸਿਰਫ ਤੇ ਸਿਰਫ ਪੰਜਾਬ ਦੇ ਲੋਕਾਂ ਦੀ ਸ਼ਮੂਲੀਅਤ ਹੈ, ਇਸ ਮੋਰਚੇ ਵਿੱਚ ਪੂਰੇ ਹਿੰਦੁਸਤਾਨ ਦੇ ਕਿਸਾਨ ਮੌਜੂਦ ਹਨ ਤੇ ਉਨ੍ਹਾਂ ਦੇ ਬੁੱਢੇ ਨਾਲੇ ਵਿੱਚ ਛੱਡੇ ਗਏ ਦੂਸ਼ਿਤ ਪਾਣੀ ਦੇ ਪ੍ਰਭਾਵ ਬਾਰੇ ਬੋਲਦੇ ਹੋਏ ਆਖਿਆ ਕਿ ਰਾਜਸਥਾਨ ਦੇ 14 ਜ਼ਿਲ੍ਹੇ ਇਸ ਨਾਲ ਪ੍ਰਭਾਵਿਤ ਹਨ ਅਤੇ ਕੈਂਸਰ ਦੇ ਪ੍ਰਕੋਪ ਦਾ ਸ਼ਿਕਾਰ ਹਨ।ਕਿਸਾਨ ਆਗੂਆਂ ਨੇ ਮੀਡੀਆ ਦੇ ਰਾਹੀਂ 6 ਦਸੰਬਰ ਨੂੰ ਪੰਜਾਬ ਤੇ ਦੇਸ਼ ਦੇ ਕਿਸਾਨਾਂ ਨੂੰ ਵੱਧ ਤੋਂ ਵੱਧ ਸੰਖਿਆ ਵਿੱਚ ਸ਼ੰਭੂ ਬਾਰਡਰ 'ਤੇ ਪਹੁੰਚਣ ਦੀ ਅਪੀਲ ਕੀਤੀ।

ਇਸ ਮੌਕੇ ਮਨਜੀਤ ਸਿੰਘ ਰਾਏ, ਬਲਵੰਤ ਸਿੰਘ ਬਹਿਰਾਮਕੇ, ਜਸਵਿੰਦਰ ਸਿੰਘ ਲੌਂਗੋਵਾਲ, ਤੇਜਵੀਰ ਸਿੰਘ ਪੰਜੋਖੜਾ ਸਾਹਿਬ, ਸੁਖਦੇਵ ਸਿੰਘ ਭੋਜਰਾਜ, ਰਣਜੀਤ ਸਿੰਘ ਰਾਜੂ ਰਾਜਸਥਾਨ, ਸ਼ਮਸ਼ੇਰ ਸਿੰਘ ਅਟਵਾਲ, ਬਲਕਾਰ ਸਿੰਘ ਬੈਂਸ, ਸਤਵੰਤ ਸਿੰਘ ਲਵਲੀ, ਸੁਖਚੇਣ ਸਿੰਘ ਅੰਬਾਲਾ ਆਦਿ ਕਿਸਾਨ ਆਗੂ ਹਾਜ਼ਰ ਸਨ।

# ਲੋੜਵੰਦਾਂ ਲਈ ਇਕੱਠੇ ਕੀਤੇ ਗਰਮ ਕੱਪੜੇ

**ਬਰੇਟਾ (ਗੋਬਿੰਦ ਸ਼ਰਮਾ)**-ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਪਿਛਲੇ ਕਾਫੀ ਸਾਲਾਂ ਤੋਂ ਸਰਦੀਆਂ ਦਾ ਗਰਮ ਕੱਪੜਾ ਬਰੇਟਾ ਸ਼ਹਿਰ ਤੇ ਇਲਾਕੇ ਵਿੱਚੋਂ ਇਕੱਠਾ ਕੀਤਾ ਜਾਂਦਾ ਹੈ, ਜਿਸ ਦੇ ਚਲਦਿਆਂ ਇਲਾਕੇ ਦੀ ਸੇਵਾਦਾਰਾਂ ਦੇ ਸਹਿਯੋਗ ਨਾਲ ਦੋ ਵੱਡੇ ਫੀਟਰ ਰੇਹੜੇ ਬਹੁਤ ਹੀ ਸੋਹਣੇ ਗਰਮ ਕੱਪੜਿਆਂ ਦੇ ਇਕੱਠੇ ਕੀਤੇ ਗਏ। ਸ਼ਹਿਰ ਨਿਵਾਸੀਆਂ ਵੱਲੋਂ ਬਹੁਤ ਹੀ ਵੱਡੀ ਗਿਣਤੀ ਵਿੱਚ ਨਗਦ ਰਾਸ਼ੀ ਤੋਂ ਇਲਾਵਾ ਗਰਮ ਕੋਟ, ਪੈਂਟਾਂ, ਸੂਟ, ਰਜਾਈਆਂ, ਬੂਟ, ਗਦੈਲੇ, ਗੱਦੇ, ਮੰਜੇ, ਭਾਂਡੇ, ਬੱਚਿਆਂ ਦੇ ਖੇਡਣ ਵਾਲੀਆਂ ਖੇਡਾਂ ਵੀ ਲੋੜਵੰਦਾਂ ਨੂੰ ਵੰਡਣ ਲਈ ਦਾਨ ਵਿੱਚ ਦਿੱਤੀਆਂ ਗਈਆਂ। ਇਸ ਸਮੇਂ ਜਾਣਕਾਰੀ ਦਿੰਦਿਆਂ ਸੈਕਟਰੀ ਅਜੈਬ ਸਿੰਘ ਬਹਾਦਰਪੁਰ ਤੇ ਪ੍ਰਧਾਨ ਡਾਕਟਰ ਗਿਆਨ ਚੰਦ ਆਜ਼ਾਦ ਨੇ ਦੱਸਿਆ ਕਿ ਇਹ ਕੱਪੜਾ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਵੱਖ-ਵੱਖ ਟੀਮਾਂ ਬਣਾ ਕੇ ਭੱਠਿਆਂ, ਰੇਲਵੇ ਸਟੇਸ਼ਨਾਂ, ਬਿਰਧ ਆਸ਼ਰਮਾਂ ਵਿੱਚ ਜਾ ਕੇ ਵੰਡਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਸਾਰੇ ਹੀ ਸ਼ਹਿਰ ਤੇ ਇਲਾਕੇ ਉੱਪਰ ਬਹੁਤ ਵੱਡਾ ਮਾਣ ਹੈ, ਜੋ ਟੀਮ ਆਸਰਾ ਨੂੰ ਸਮੇਂ ਸਮੇਂ ਉੱਤੇ ਸਹਿਯੋਗ ਕਰਕੇ ਸੇਵਾ ਲਈ ਆਸ਼ੀਰਵਾਦ ਦਿੰਦੇ ਹਨ। ਇਸ ਸਮੇਂ ਬਾਬਾ ਜਗਸੀਰ ਸਿੰਘ ਖੱਤਰੀ ਵਾਲਾ, ਰਾਜਵਿੰਦਰ ਸਿੰਘ ਰਾਜੂ ਖਿਲਣ ਢਾਡੀ, ਇਕਬਾਲ ਸਿੰਘ ਬਰੇਟਾ, ਇਲਾਕੇ ਸ਼ਹਿਰ ਦੇ ਮੋਹਤਬਰਾਂ, ਦਾਨੀ ਵੀਰਾਂ, ਸੇਵਾਦਾਰਾਂ ਤੋਂ ਇਲਾਵਾ ਆਸਰਾ ਫਾਊਂਡੇਸ਼ਨ ਬਰੇਟਾ ਦੀ ਸਾਰੀ ਟੀਮ ਹਾਜ਼ਰ ਸੀ।

# ਸਮਾਗਮ 'ਚ ਮੁੱਖ ਮਹਿਮਾਨ ਬਣ ਕੇ ਪੁੱਜੀ ਉਸੇ ਸਕੂਲ ਦੀ ਵਿਦਿਆਰਥਣ ਬਣੀ ਜੱਜ

## ਨਿਵੇਕਲੀ ਛਾਪ ਛੱਡ ਗਿਆ ਯੂਨੀਵਰਸਲ ਪਬਲਿਕ ਸਕੂਲ ਦਾ ਸਾਲਾਨਾ ਸਮਾਗਮ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪਿਛਲੇ ਹਰ ਸਾਲ ਦੀ ਤਰ੍ਹਾਂ ਸਥਾਨਕ ਯੂਨੀਵਰਸਲ ਪਬਲਿਕ ਸਕੂਲ ਤਲਵੰਡੀ ਸਾਬੋ ਦਾ 20ਵਾਂ ਸਾਲਾਨਾ ਸਮਾਗਮ ਸਕੂਲੀ ਬੱਚਿਆਂ, ਸਟਾਫ ਤੇ ਹਜ਼ਾਰਾਂ ਦੀ ਤਾਦਾਦ ਵਿੱਚ ਪੁੱਜੇ ਬੱਚਿਆਂ ਦੇ ਮਾਪਿਆਂ ਵੱਲੋਂ ਵੱਡੇ ਉਤਸ਼ਹ ਨਾਲ ਕਰਵਾਇਆ ਗਿਆ।ਅਸਲੋਂ ਛੋਟੀ ਉਮਰ ਦੇ ਨਿੱਕੇ ਨਿਆਣਿਆਂ ਤੋਂ ਲੈ ਕੇ ਬਾਰਵੀਂ ਕਲਾਸ ਦੇ ਬੱਚੇ ਬੱਚੀਆਂ ਤੱਕ ਨੇ ਸਾਲਾਨਾ ਸਮਾਗਮ ਨੂੰ ਹੁਨਰ, ਕਲਾ ਤੇ ਆਰਗੇਨਾਈਜ਼ੇਸ਼ਨ ਦੇ ਪੱਖ ਤੋਂ ਬੁਲੰਦੀਆਂ ਉੱਪਰ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।ਨੰਨ੍ਹੇ ਬੱਚਿਆਂ ਤੇ ਵੱਡੇ ਵਿਦਿਆਰਥੀਆਂ ਦੀ ਪਰਫਾਰਮੈਂਸ ਦੀਆਂ ਵੱਖ ਵੱਖ ਸਟੇਜੀ ਕਲਾਵਾਂ ਵਿੱਚੋਂ ਨੀਝ ਨਾਲ ਤੱਕਿਆਂ ਵੱਖ ਵੱਖ ਵਿਸ਼ਿਆਂ ਦੇ ਅਧਿਆਪਕਾਂ ਵੱਲੋਂ ਕੀਤੀ ਮਿਹਨਤ ਵੀ ਨਜ਼ਰੀਂ ਪੈ ਰਹੀ ਸੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਸਕੂਲੀ ਸੱਭਿਆਚਾਰਕ ਸਮਾਗਮ ਸਮੇਂ ਸਟੇਜ ਦਾ ਸੰਚਾਲਨ ਕਰ ਰਹੇ ਵਿਸ਼ੇਸ਼ ਵਰਦੀ ਵਿੱਚ ਸਜੇ ਸਕੂਲੀ ਬੱਚੇ ਤੇ ਬੱਚੀਆਂ ਇੱਕ ਤੋਂ ਇੱਕ ਵਧ ਕੇ ਆਪਣੀ ਆਪਣੀ ਪਰਪੱਕਤਾ ਦਾ ਲੋਹਾ ਮਨਵਾ ਰਹੇ ਸਨ।

ਸਕੂਲ ਦੀ ਸਾਲਾਨਾ ਪ੍ਰਗਤੀ ਰਿਪੋਰਟ ਪੇਸ਼ ਕਰਦਿਆਂ ਪ੍ਰਿੰਸੀਪਲ ਮਨਜੀਤ ਕੌਰ ਸਿੱਧੂ ਨੇ ਜਿੱਥੇ ਵਿੱਦਿਅਕ ਪੱਖ ਤੋਂ ਇਸ ਸਕੂਲ ਦੇ ਸੈਂਕੜੇ ਬੱਚੇ ਬੱਚੀਆਂ ਵੱਲੋਂ ਮੈਰਿਟ ਸੂਚੀ ਵਿੱਚ ਸੀਟਾਂ ਮੱਲਣ ਦਾ ਜ਼ਿਕਰ ਕੀਤਾ, ਉੱਥੇ ਸ੍ਰੀਮਤੀ ਸਿੱਧੂ ਨੇ ਦੱਸਿਆ ਕਿ ਖੇਡਾਂ ਦੇ ਖੇਤਰ ਵਿੱਚ ਵੀ ਸਕੂਲ ਦੇ ਉਨ੍ਹਾਂ ਬੱਚਿਆਂ ਦੀ ਲਿਸਟ ਬੜੀ ਲੰਬੀ ਹੈ, ਜਿਨ੍ਹਾਂ ਬੱਚਿਆਂ ਨੇ ਹਰ ਵੰਨਗੀ ਦੀਆਂ ਸਕੂਲੀ ਖੇਡਾਂ ਵਿੱਚ ਉੱਚੀਆਂ ਪੁਜ਼ੀਸ਼ਨਾਂ ਮਾਰ ਕੇ ਨਾ ਸਿਰਫ ਆਪਣਾ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ, ਸਗੋਂ ਸਕੂਲ ਨੂੰ ਵਡਿਆਈਆਂ ਦਵਾਉਣ ਵਿੱਚ ਵੀ ਵੱਡਾ ਯੋਗਦਾਨ ਪਾਇਆ ਹੈ।ਸਮਾਗਮ ਦੀ ਮੁੱਖ ਮਹਿਮਾਨ ਰਮਨਦੀਪ ਕੌਰ ਜਿਸ ਨੇ ਕੁਝ ਸਮਾਂ ਪਹਿਲਾਂ ਹੀ ਇਸੇ ਸਕੂਲ ਤੋਂ ਮੁੱਢਲੀ ਤਲੀਮ ਹਾਸਲ ਕਰਦਿਆਂ ਜੁਡੀਸ਼ੀਅਲ ਜੱਜ ਦੀ ਪਦਵੀ ਹਾਸਲ ਕੀਤੀ ਹੈ, ਨੇ ਕਿਹਾ ਕਿ ਨਿਸ਼ਾਨਾ ਮਿਥ ਕੇ ਚੱਲਣ ਤੇ ਮਿਹਨਤ ਕਰਨ ਵਾਲੇ ਵਿਦਿਆਰਥੀ ਹੋਣ ਜਾਂ ਵਿਦਿਆਰਥਣਾਂ ਇੱਕ ਨਾ ਇੱਕ ਦਿਨ ਮੰਜ਼ਲ ਪਾ ਹੀ ਲੈਂਦੇ ਹਨ।ਸੰਸਥਾ ਦੇ ਚੇਅਰਮੈਨ ਸੁਖਚੈਨ ਸਿੰਘ ਸਿੱਧੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸੇ ਸਕੂਲ ਦੀ ਵਿਦਿਆਰਥਣ ਰਹਿ ਚੁੱਕੀ ਰਮਨਦੀਪ ਕੌਰ ਜਿਹੜੀ ਉੱਚ ਤਾਲੀਮ ਹਾਸਲ ਕਰਦਿਆਂ ਜੁਡੀਸ਼ਲ ਜੱਜ ਦੀ ਪਦਵੀ ਤੱਕ ਪੁੱਜ ਚੁੱਕੀ ਹੈ, ਨੂੰ ਸਕੂਲ ਦੇ ਹੀ ਮੁੱਖ ਮਹਿਮਾਨ ਦੀ ਕੁਰਸੀ ਉੱਪਰ ਵੇਖ ਕੇ ਅਤਿਅੰਤ ਖੁਸ਼ੀ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਸਕੂਲੀ ਬੱਚਿਆਂ ਵਿੱਚੋਂ ਹੀ ਉੱਚ ਪਦਵੀਆਂ ਹਾਸਲ ਕਰਕੇ ਸਕੂਲ ਦੇ ਸਲਾਨਾ ਸਮਾਗਮਾਂ ਵਿੱਚ ਸਕੂਲੀ ਬੱਚੇ ਹੀ ਮੁੱਖ ਮਹਿਮਾਨ ਬਣਨ, ਇਹ ਉਨ੍ਹਾਂ ਦੀ ਚਰੋਕਣੀ ਖਾਹਿਸ਼ ਰਹੀ ਹੈ।ਆਪਣੇ ਵੱਲੋਂ ਬੱਚਿਆਂ ਦੇ ਮਾਪਿਆਂ ਨੂੰ ਨਸੀਹਤ ਦਿੰਦਿਆਂ ਉਨ੍ਹਾਂ ਕਿਹਾ ਕਿ ਸਕੂਲ ਦਾ ਇੱਕ ਕਮਰਾ ਹਰ ਰੋਜ਼ ਮਾਪੇ-ਅਧਿਆਪਕ ਮਿਲਣੀਆਂ ਲਈ ਰਾਖਵਾਂ ਰੱਖਿਆ ਗਿਆ ਹੈ, ਜਿੱਥੇ ਮਾਪੇ ਆਪਣੇ ਆਪਣੇ ਬੱਚਿਆਂ ਦੀ ਸਕੂਲੀ ਪੜ੍ਹਾਈ ਜਾਂ ਹੋਰ ਪ੍ਰਕਿਰਿਆਵਾਂ ਬਾਰੇ ਜਾਨਣ ਲਈ ਬਿਨਾਂ ਝਿਜਕ ਕਿਸੇ ਵੀ ਵਕਤ ਆ ਜਾ ਸਕਦੇ ਹਨ।ਅੰਤ ਵਿੱਚ ਉਨ੍ਹਾਂ ਸਮਾਗਮ ਵਿੱਚ ਆਏ ਵੱਡੀ ਗਿਣਤੀ ਮਾਪਿਆਂ, ਬੱਚਿਆਂ ਤੇ ਸਟਾਫ ਦਾ ਧੰਨਵਾਦ ਕੀਤਾ।

# ਤਰਕਸ਼ੀਲ ਸੁਸਾਇਟੀ ਸੰਗਰੂਰ-ਬਰਨਾਲਾ ਦੀ ਛਿਮਾਹੀ ਇਕੱਤਰਤਾ



**ਸੰਗਰੂਰ (ਪ੍ਰਵੀਨ ਸਿੰਘ)**-ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਸੰਗਰੂਰ-ਬਰਨਾਲਾ ਦੀ ਇਕ ਰੋਜ਼ਾ ਦੂਜੀ ਛਿਮਾਹੀ ਇਕੱਤਰਤਾ ਸੁਤੰਤਰ ਭਵਨ ਸੰਗਰੂਰ ਵਿਖੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਦੀ ਪ੍ਰਧਾਨਗੀ ਵਿੱਚ ਤੇ ਸੂਬਾ ਜਥੇਬੰਦਕ ਮੁਖੀ ਮਾਸਟਰ ਰਜਿੰਦਰ ਭਦੌੜ ਦੀ ਨਿਗਰਾਨੀ ਵਿੱਚ ਹੋਈ।ਇਸ ਇਕੱਤਰਤਾ ਵਿੱਚ ਭਦੌੜ, ਬਰਨਾਲਾ, ਲੌਂਗੋਵਾਲ, ਸਨਾਮ, ਛਾਜਲੀ ਦਿੜ੍ਹਬਾ, ਸੰਗਰੂਰ ਇਕਾਈਆਂ ਦੇ ਤਰਕਸ਼ੀਲ ਆਗੂਆਂ ਨੇ ਸ਼ਮੂਲੀਅਤ ਕੀਤੀ।ਮਾਸਟਰ ਪਰਮਵੇਦ ਨੇ ਮੰਚ ਸੰਚਾਲਨ ਕਰਦਿਆਂ ਸਾਰੀਆਂ ਇਕਾਈਆਂ ਦੇ ਨੁਮਾਇੰਦਿਆਂ ਨੂੰ ਆਪਣੀ ਪੇਸ਼ ਕਰਨ ਵਾਲੀ ਰਿਪੋਰਟ ਵਿੱਚ ਸ਼ਾਮਲ ਨੁਕਤਿਆਂ ਨੂੰ ਧਿਆਨ ਵਿੱਚ ਰੱਖਣ ਬਾਰੇ ਵਿਸਥਾਰਪੂਰਵਕ ਦੱਸਿਆ।ਜ਼ੋਨ ਦੇ ਵਿੱਤ ਮੁਖੀ ਸੋਹਨ ਸਿੰਘ ਮਾਝੀ ਨੇ ਇਕੱਤਰਤਾ ਵਿੱਚ ਸ਼ਾਮਲ ਸਾਰਿਆਂ ਦਾ ਸਵਾਗਤ ਕੀਤਾ।ਉਸ ਤੋਂ ਬਾਅਦ ਸਾਰੀਆਂ ਇਕਾਈਆਂ ਦੇ ਨੁਮਾਇੰਦਿਆਂ ਨੇ ਆਪੋ ਆਪਣੇ ਇਕਾਈ ਦੀ ਰਿਪੋਰਟ ਪੇਸ਼ ਕੀਤੀ।ਉਨ੍ਹਾਂ ਇਕਾਈ ਵੱਲੋਂ ਕੀਤੀਆਂ ਸਰਗਰਮੀਆਂ, ਇਕਾਈ ਦੀ ਜਥੇਬੰਦਕ ਸਥਿਤੀ, ਪਰਿਵਾਰਕ ਮਿਲਣੀ, ਚੇਤਨਾ ਪਰਖ ਪ੍ਰੀਖਿਆ ਬਾਰੇ ਵਿਸਥਾਰਤ ਜਾਣਕਾਰੀ, ਇਕਾਈ ਦੀਆਂ ਆਪਣੀਆਂ ਮੀਟਿੰਗਾਂ ਤੇ ਜ਼ੋਨ ਮੀਟਿੰਗਾਂ ਵਿੱਚ ਸ਼ਮੂਲੀਅਤ ਤੇ ਤਰਕਸ਼ੀਲਤਾ ਦੇ ਪ੍ਰਚਾਰ ਪ੍ਰਸਾਰ ਲਈ ਸੂਬੇ ਵੱਲੋਂ ਉਲੀਕੇ ਹਰ ਕਿਸਮ ਦੇ ਪ੍ਰੋਗਰਾਮਾਂ ਦੀਆਂ ਕੀਤੀਆਂ ਸਰਗਰਮੀਆਂ ਦੀ ਅੱਜ ਤੱਕ ਦੀ ਕਾਰਗੁਜ਼ਾਰੀ ਪੇਸ਼ ਕੀਤੀ।ਭਦੌੜ ਇਕਾਈ ਦੀ ਗੁਰਪ੍ਰੀਤ ਸ਼ਹਿਣਾ, ਬਰਨਾਲਾ ਇਕਾਈ ਦੀ ਭੀਮ ਸੈਨ, ਲੌਂਗੋਵਾਲ ਇਕਾਈ ਦੀ ਜੁਝਾਰ ਸਿੰਘ ਲੌਂਗੋਵਾਲ, ਸੁਨਾਮ ਇਕਾਈ ਦੀ ਵਿਸ਼ਵ ਕਾਂਤ, ਛਾਜਲੀ ਦੀ ਭੀਮ ਰਾਜ, ਦਿੜ੍ਹਬੇ ਦੀ ਨਾਇਬ ਸਿੰਘ ਰਟੋਲਾਂ, ਸੰਗਰੂਰ ਦੀ ਸੁਰਿੰਦਰ ਪਾਲ ਉਪਲੀ ਨੇ ਰਿਪੋਰਟ ਪੇਸ਼ ਕੀਤੀ।ਜ਼ੋਨ ਆਗੂਆਂ ਸੋਹਣ ਸਿੰਘ ਮਾਝੀ ਵਿੱਤ ਮੁਖੀ, ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ, ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਆਪੋ ਆਪਣੇ ਵਿਭਾਗ ਦੀ ਰਿਪੋਰਟ ਪੇਸ਼ ਕੀਤੀ।ਨਰਿੰਦਰ ਪਾਲ ਬਰਨਾਲਾ ਨੇ ਇਨਕਲਾਬੀ ਗੀਤ ਪੇਸ਼ ਕੀਤੇ।ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ ਨੇ ਤਰਕਸ਼ੀਲ ਦੋਸਤਾਂ ਵੱਲੋਂ ਆਏ ਸ਼ੰਕਿਆਂ ਦੀ ਨਿਵਿਰਤੀ ਕੀਤੀ।ਉਨ੍ਹਾਂ ਦੱਸਿਆ ਕਿ ਚੇਤਨਾ ਪਰਖ਼ ਪ੍ਰੀਖਿਆ ਦੇ ਜੇਤੂ ਵਿਦਿਆਰਥੀਆਂ ਦਾ ਸਨਮਾਨ ਸਮਾਗਮ 22 ਦਸੰਬਰ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਕੀਤਾ ਜਾਵੇਗਾ।ਦੂਜੇ ਸੈਸ਼ਨ ਵਿੱਚ ਆਏ ਸਵਾਲਾਂ ਦੇ ਜਵਾਬ ਦਿੱਤੇ ਗਏ।ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਇਕੱਤਰਤਾ ਵਿੱਚ ਸ਼ਾਮਲ ਸਾਰੇ ਸਾਥੀਆਂ ਦਾ ਧੰਨਵਾਦ ਕਰਦਿਆਂ ਆਪੋ ਆਪਣੇ ਇਕਾਈ ਵਿੱਚ ਹੋਰ ਲੋਕ ਪੱਖੀ ਸਰਗਰਮੀਆਂ ਕਰਨ, ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਰਹਿਣ ਦਾ ਸੁਨੇਹਾ ਦਿੱਤਾ।

# ਧੂਰੀ ਨੇਤਰ ਬੈਂਕ ਸੰਮਤੀ ਵੱਲੋਂ ਅੱਖਾਂ ਦਾ ਮੁਫ਼ਤ ਵਿਸ਼ਾਲ ਕੈਂਪ



**ਧੂਰੀ (ਸੁਖਦੇਵ ਧੂਰੀ)**-ਸਥਾਨਕ ਉੱਘੀ ਸਮਾਜ ਸੇਵੀ ਸੰਸਥਾ ਨੇਤਰ ਬੈਂਕ ਸੰਮਤੀ ਤੇ ਨਿਸ਼ਕਾਮ ਸੇਵਾ ਸਭਾ ਵੱਲੋਂ ਸੰਸਥਾਵਾਂ ਦੇ ਮੋਢੀ ਮਹਾਸ਼ਾ ਪ੍ਰਤਿਗਿਆ ਪਾਲ ਦੀ ਸੁਯੋਗ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅੱਖਾਂ ਦਾ 37ਵਾਂ ਵਿਸ਼ਾਲ ਚੈੱਕਅਪ ਕੈਂਪ ਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ।ਇਸ ਮੌਕੇ ਏ ਆਰ ਸ਼ਰਮਾ ਚੇਅਰਮੈਨ ਤੇ ਐੱਮ ਡੀ ਰਾਈਸੀਲਾ ਹੈਲਥ ਫੂਡਜ਼, ਸਮਾਜ ਸੇਵੀ ਮੱਖਣ ਲਾਲ ਗਰਗ, ਸਾਬਕਾ ਐੱਮ ਐੱਲ ਏ ਦਲਵੀਰ ਸਿੰਘ ਗੋਲਡੀ ਵੱਲੋਂ ਜੋਤੀ ਪ੍ਰਚੰਡ ਕਰਕੇ ਕੈਂਪ ਦਾ ਉਦਘਾਟਨ ਕੀਤਾ। ਇਸ ਕੈਂਪ ਵਿੱਚ ਡਾਕਟਰਾਂ ਦੀ ਮਾਹਿਰ ਟੀਮ ਵੱਲੋਂ ਓਪੀਡੀ ਵਿੱਚ 350 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ 150 ਦੇ ਲਗਭਗ ਮਰੀਜ਼ਾਂ ਦੇ ਆਪ੍ਰੇਸ਼ਨ ਉਪਰੰਤ ਲੈਂਜ਼ ਪਾਏ ਗਏ।ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ।ਇਸ ਮੌਕੇ ਪ੍ਰਧਾਨ ਡਾਕਟਰ ਰਮੇਸ਼ ਸ਼ਰਮਾ, ਹੰਸਰਾਜ ਗਰਗ ਸਕੱਤਰ, ਕੈਸ਼ੀਅਰ ਰਕੇਸ਼ ਕੁਮਾਰ ਤੇ ਮੁੱਖ ਸੇਵਾਦਾਰ ਪ੍ਰਵੀਨ ਕੁਮਾਰ ਗਰਗ, ਅਸ਼ੋਕ ਕੁਮਾਰ ਲੱਖਾ ਚੇਅਰਮੈਨ ਗਊ ਸੇਵਾ ਪੰਜਾਬ, ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਸਮਾਜ ਸੇਵੀ ਸੁਰੇਸ਼ ਕੁਮਾਰ ਬਾਂਸਲ, ਮਲਕੀਤ ਸਿੰਘ ਚਾਂਗਲੀ ਚੇਅਰਮੈਨ, ਸੇਵਾ ਮੁਕਤ ਡਿਪਟੀ ਡਾਇਰੈਕਟਰ (ਲੋਕ ਸੰਪਰਕ ਵਿਭਾਗ) ਮਨਜੀਤ ਸਿੰਘ ਬਖਸ਼ੀ, ਨਰੇਸ਼ ਕੁਮਾਰ ਮੰਗੀ, ਦਰਸ਼ਨ ਕੁਮਾਰ ਦਰਸ਼ੀ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਡਾਕਟਰ ਰਕੇਸ਼ ਕੁਮਾਰ ਗਰਗ, ਡਾਕਟਰ ਵਿਜੇ ਗੁਪਤਾ, ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸ਼ਰਮਾ ਧੂਰੀ, ਸਮਾਜ ਸੇਵੀ ਚੌਧਰੀ ਪਵਨ ਕੁਮਾਰ ਵਰਮਾ, ਰਮੇਸ਼ ਸ਼ਰਮਾ, ਹਰਬੰਸ ਸਿੰਘ ਸੋਢੀ, ਜੈ ਦੇਵ ਸ਼ਰਮਾ, ਸਮੇਤ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ।

# ਲੋਕ ਸੰਗਰਾਮ ਮੋਰਚਾ ਪੰਜਾਬ ਵੱਲੋਂ ਕਾਮਰੇਡ ਸ਼ਮਸ਼ੇਰ ਸਿੰਘ ਸ਼ੇਰੀ ਨੂੰ ਸ਼ਰਧਾਂਜਲੀਆਂ



**ਦਿੜ੍ਹਬਾ (ਜਸਵੀਰ ਲਾਡੀ)**-ਲੋਕ ਸੰਗਰਾਮ ਮੋਰਚਾ ਪੰਜਾਬ ਵੱਲੋਂ ਸੀ. ਪੀ. ਆਈ. (ਮਾਓਵਾਦੀ) ਦੇ ਮਰਹੂਮ ਪੋਲਿਟ ਬਿਊਰੋ ਮੈਂਬਰ ਕਾਮਰੇਡ ਸ਼ਮਸ਼ੇਰ ਸਿੰਘ ਸ਼ੇਰੀ ਦੀ ਯਾਦ ਵਿੱਚ ਪਿੰਡ ਖੋਖਰ ਵਿਖੇ ਉਨ੍ਹਾਂ ਦੀ ਸ਼ਹੀਦੀ ਯਾਦਗਾਰ 'ਤੇ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ।ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਸਮੇਤ ਸਮਾਜ ਦੇ ਅਗਾਂਹ-ਵਧੂ ਵਿਅਕਤੀਆਂ ਨੇ ਹਿੱਸਾ ਲਿਆ। ਸਮਾਗਮ ਵਿੱਚ ਭਾਰਤੀ ਹਕੂਮਤ ਦੇ ਬ੍ਰਾਹਮਣਵਾਦੀ ਫਾਸ਼ੀ ਕਿਰਦਾਰ ਨੂੰ ਬੇਪਰਦ ਕਰਦੇ ਹੋਏ ਹਕੂਮਤੀ ਜਬਰ ਦੀ ਤਿੱਖੇ ਸ਼ਬਦਾਂ ਵਿੱਚ ਆਲੋਚਨਾ ਕੀਤੀ ਗਈ।ਬੁਲਾਰਿਆਂ ਨੇ ਆਖਿਆ ਕਿ ਮੱਧ ਭਾਰਤ ਅੰਦਰ ਲੋਕ ਮਾਓਵਾਦੀਆਂ ਦੀ ਅਗਵਾਈ ਵਿੱਚ ਸੰਘਰਸ਼ ਕਰਦੇ ਹੋਏ ਜਬਰ-ਜ਼ੁਲਮ ਨੂੰ ਸਿੱਧੇ ਮੱਥੇ ਟੱਕਰੇ ਹੋਏ ਹਨ।ਉਹ ਮਾਓਵਾਦੀਆਂ ਦੀ ਅਗਵਾਈ ਹੇਠ ਹਰ ਤਰ੍ਹਾਂ ਦੀ ਕੁਰਬਾਨੀ ਦੇ ਕੇ ਵੀ ਇਨਕਲਾਬ ਦਾ ਸੂਹਾ ਝੰਡਾ ਬੁਲੰਦ ਰੱਖ ਰਹੇ ਹਨ।ਅਸਲੀ ਦੇਸ਼ ਭਗਤ ਇਹ ਸੂਰਮੇ ਕਾਰਪੋਰੇਟ ਜਗਤ ਤੋਂ ਜਲ-ਜੰਗਲ-ਜ਼ਮੀਨ ਦੀ ਰਾਖੀ ਕਰਦੇ ਹੋਏ ਨਵ ਜਮਹੂਰੀ ਇਨਕਲਾਬ ਲਈ ਜੂਝਦਿਆਂ ਹਰ ਤਰ੍ਹਾਂ ਦੀ ਕੁਰਬਾਨੀ ਕਰਦੇ ਹੋਏ ਡੱਟੇ ਹੋਏ ਹਨ।ਬੁਲਾਰਿਆਂ ਨੇ ਆਖਿਆ ਕਿ ਭਾਰਤੀ ਹਕੂਮਤ ਸਾਮਰਾਜੀ ਕਾਰਪੋਰੇਟ ਜਗਤ ਨੂੰ ਦੇਸ਼ ਦਾ ਇਹ ਬੇਸ਼ਕੀਮਤੀ ਖਿੱਤਾ ਸੌਂਪਣਾ ਚਾਹੁੰਦੀ ਹੈ, ਜਦੋਂਕਿ ਮਾਓਵਾਦੀ ਹਕੂਮਤ ਦੇ ਰਾਹ ਵਿੱਚ ਵੱਡਾ ਅੜਿੱਕਾ ਹਨ। ਹਕੂਮਤ ਆਏ ਦਿਨ ਨਵੇਂ-ਨਵੇਂ ਨਾਮ ਦੇ ਕੇ ਚਲਾਏ ਜਾਣ ਵਾਲੇ ਅਪ੍ਰੇਸ਼ਨਾਂ ਰਾਹੀਂ ਇਸ ਲੋਕ ਲਹਿਰ ਨੂੰ ਕੁਚਲ ਦੇਣਾ ਚਾਹੁੰਦੀ ਹੈ।ਕਾਰਪੋਰੇਟ ਜਗਤ ਨਾਲ ਕੀਤੇ ਵਾਅਦੇ ਪੂਰੇ ਕਰਦਿਆਂ ਮਾਓਵਾਦੀਆਂ ਨੂੰ ਖਤਮ ਕਰਨ ਲਈ ਹਕੂਮਤ ਕਾਨੂੰਨੀ ਤੇ ਗੈਰ-ਕਾਨੂੰਨੀ ਸਾਰੇ ਢੰਗ ਵਰਤ ਰਹੀ ਹੈ।ਬੁਲਾਰਿਆਂ ਨੇ ਇਸ ਜਬਰ-ਜ਼ੁਲਮ ਦੀ ਹਨੇਰੀ ਵਿਰੁੱਧ ਆਵਾਮੀ ਵਿਰੋਧ ਤੇਜ਼ ਕਰਨ ਦਾ ਸੱਦਾ ਦਿੱਤਾ।

ਬੁਲਾਰਿਆਂ ਨੇ ਪਾਰਲੀਮਾਨੀ ਚੋਣਾਂ ਦਾ ਬਾਈਕਾਟ ਕਰਦਿਆਂ ਬ੍ਰਾਹਮਣਵਾਦੀ ਹਿੰਦੂਤਵ ਫਾਸ਼ੀਵਾਦ ਨੂੰ ਹਰਾਉਣ ਲਈ ਲੋਕ ਸੰਘਰਸ਼ਾਂ ਨੂੰ ਤੇਜ਼ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਸਾਡਾ ਸਮਾਜ ਇੱਕਸਾਰ ਨਹੀਂ ਹੈ।ਇੱਕ ਪਾਸੇ ਸਾਮਰਾਜੀ ਕਾਰਪੋਰੇਟ ਜਗਤ ਹੈ ਤੇ ਦੂਜੇ ਪਾਸੇ ਉਸ ਤੋਂ ਪੀੜਤ ਤੇ ਉਸ ਵਿਰੁੱਧ ਲੜਨ ਵਾਲੇ ਲੋਕ ਹਨ।ਇੱਥੇ ਧਨਾਢ ਜ਼ਿਮੀਂਦਾਰ ਵੀ ਹਨ ਤੇ ਬੇਜ਼ਮੀਨੇ ਖੇਤ ਮਜ਼ਦੂਰ ਵਾ ਛੋਟੇ ਤੇ ਦਰਮਿਆਨੇ ਕਿਸਾਨ ਵੀ ਹਨ।ਸਨਅਤਕਾਰ ਮਾਲਕ ਵੀ ਹਨ ਤੇ ਸਨਅਤੀ ਮਜ਼ਦੂਰ ਵੀ ਹਨ।ਕਹਿਣ ਤੋਂ ਭਾਵ ਕਿ ਸਾਡਾ ਸਮਾਜ ਵੱਖ-ਵੱਖ ਜਮਾਤਾਂ ਵਿੱਚ ਵੰਡਿਆ ਹੋਇਆ ਹੈ ਅਤੇ ਇਨ੍ਹਾਂ ਜਮਾਤਾਂ ਦੇ ਆਪੋ-ਆਪਣੇ ਹਿੱਤ ਹਨ।ਜਦੋਂ ਤੱਕ ਅਸੀਂ ਜਮਾਤਾਂ ਤੇ ਜਮਾਤੀ ਰਾਜ ਨੂੰ ਨਹੀਂ ਸਮਝਾਂਗੇ, ਉਦੋਂ ਤੱਕ ਸਾਨੂੰ ਸਮੱਸਿਆਵਾਂ ਦੀ ਅਸਲੀ ਜੜ੍ਹ ਦੀ ਸਮਝ ਨਹੀਂ ਆ ਸਕਦੀ।ਉਨ੍ਹਾਂ ਵਿਸਤਾਰ ਨਾਲ ਬੋਲਦਿਆਂ ਕਿਹਾ ਕਿ ਮੌਜੂਦਾ ਸਮੇਂ 'ਚ ਰਾਜ ਭਾਗ 'ਤੇ ਲੁਟੇਰੀਆਂ ਜਮਾਤਾਂ ਕਾਬਜ਼ ਹਨ।ਉਨ੍ਹਾਂ ਆਖਿਆ ਕਿ ਪਾਰਲੀਮਾਨੀ ਚੋਣਾਂ ਹਾਕਮ ਜਮਾਤਾਂ ਹੀ ਕਰਵਾਉਂਦੀਆਂ ਹਨ; ਇੱਕ ਤਾਂ ਇਸ ਰਾਹੀਂ ਉਹ ਆਵਦੇ ਅੰਦਰੂਨੀ ਮੱਤਭੇਦਾਂ ਨੂੰ ਇੱਕ ਤਰ੍ਹਾਂ ਨਾਲ ਵਕਤੀ ਤੌਰ 'ਤੇ ਹੱਲ ਕਰਦੇ ਹਨ, ਦੂਜਾ ਉਹ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਅਖੌਤੀ ਜਮਹੂਰੀਅਤ ਨੂੰ ਸਾਬਿਤ ਕਰਨ ਦਾ ਯਤਨ ਕਰਦੇ ਹਨ।ਉਨ੍ਹਾਂ ਨੇ ਪਾਰਲੀਮਾਨੀ ਚੋਣਾਂ ਦਾ ਬਾਈਕਾਟ ਕਰਦੇ ਹੋਏ ਚੱਲ ਰਹੇ ਸੰਘਰਸ਼ਾਂ ਨੂੰ ਤੇਜ਼ ਕਰਕੇ ਇੰਨਕਲਾਬੀ ਲੜਾਈ ਨੂੰ ਅੱਗੇ ਵਧਾਉਣ, ਲੋਕਾਂ ਦਾ ਰਾਜ ਲਿਆਉਣ ਲਈ ਇਨਕਲਾਬ ਨੂੰ ਧੁਰੇ ਲਾਉਣ ਲਈ ਆਖਿਆ।ਉਨ੍ਹਾਂ ਕਿਹਾ ਕਿ ਜਦੋਂ ਲੋਕਾਂ ਦਾ ਰਾਜ ਆਇਗਾ ਤਾਂ ਸਹੀ ਅਰਥਾਂ ਵਿੱਚ ਚੋਣਾਂ ਹੋਣਗੀਆਂ-ਵੋਟਾਂ ਪੈਣਗੀਆਂ।ਲੋਕ ਆਵਦੇ ਨੁਮਾਇੰਦੇ ਚੁਣਨਗੇ ਤੇ ਜੇਕਰ ਨੁਮਾਇੰਦੇ ਸਹੀ ਕੰਮ ਨਾ ਕਰਨ ਤਾਂ ਲੋਕ ਉਨ੍ਹਾਂ ਨੂੰ ਵਾਪਸ ਵੀ ਬੁਲਾ ਸਕਦੇ ਹੋਣਗੇ।ਉਨ੍ਹਾਂ ਲੋਕਾਂ ਨੂੰ ਆਵਦਾ ਰਾਜ ਕਾਇਮ ਕਰਨ ਲਈ ਯਤਨ ਤੇਜ਼ ਕਰਨ ਦਾ ਸੱਦਾ ਦਿੱਤਾ।ਇਸ ਮੌਕੇ ਲੋਕ ਸੰਗਰਾਮ ਮੋਰਚਾ ਪੰਜਾਬ ਦੇ ਪ੍ਰਧਾਨ ਤਾਰਾ ਸਿੰਘ, ਜਨਰਲ ਸਕੱਤਰ ਸੁਖਮੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਮਲਹੋਤਰਾ, ਸੂਬਾ ਕਮੇਟੀ ਮੈਂਬਰ ਨਰਿੰਦਰ ਨਿੰਦੀ, ਭਾਰਤੀ ਕਿਸਾਨ ਯੂਨੀਅਨ (ਕਰਾਂਤੀਕਾਰੀ) ਪੰਜਾਬ ਦੇ ਜਨਰਲ ਸਕੱਤਰ ਸੁਖਵਿੰਦਰ ਕੌਰ, ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ, ਐਡਵੋਕੇਟ ਸੰਪੂਰਨ ਸਿੰਘ ਛਾਜਲੀ, ਜਗਜੀਤ ਸਿੰਘ ਭੁਟਾਲ ਤੇ ਕਾਮਰੇਡ ਵਿਸ਼ੇਸ਼ਰ ਨੇ ਸੰਬੋਧਨ ਕੀਤਾ।ਤਾਰਾ ਸਿੰਘ ਛਾਜਲੀ, ਗੁਰਪਿਆਰ ਕਾਲ ਵਣਜਾਰਾ ਤੇ ਮਾਸਟਰ ਰਾਮ ਸਿੰਘ ਬਨੇੜਾ ਨੇ ਇਨਕਲਾਬੀ ਗੀਤ ਪੇਸ਼ ਕੀਤੇ।

# ਬਰੌਡਵੇ ਪਬਲਿਕ ਸਕੂਲ ਮਨਾਲ 'ਚ ਸਾਲਾਨਾ ਐਥਲੈਟਿਕ ਮੀਟ ਕਰਵਾਈ




**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਨਾਮਵਰ ਸੰਸਥਾ ਬਰੌਡਵੇ ਪਬਲਿਕ ਸਕੂਲ, ਮਨਾਲ (ਬਰਨਾਲਾ) ਵਿਖੇ ਸਾਲਾਨਾ ਅਥਲੈਟਿਕ ਮੀਟ ਦਾ ਆਯੋਜਨ ਕੀਤਾ ਗਿਆ।

ਇਸ ਐਥਲੈਟਿਕ ਮੀਟ ਵਿੱਚ ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਸਭ ਤੋਂ ਪਹਿਲਾਂ ਹਾਊਸ ਮੁਤਾਬਕ ਪਰੇਡ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਓਲੰਪਿਕ ਫਲੈਗ ਰੋਸ਼ਨ ਕਰਕੇ ਇਮਾਨਦਾਰ ਤੇ ਮਿਲਵਰਤਨ ਦੀ ਭਾਵਨਾ ਨਾਲ ਖੇਡਣ ਦੀ ਸਹੁੰ ਚੁੱਕੀ ਗਈ। ਇਸ ਤੋਂ ਬਾਅਦ ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਖੇਡ ਮੁਕਾਬਲੇ ਸ਼ੁਰੂ ਹੋਏ, ਜਿਸ ਵਿੱਚ ਹੋਲਾ ਹੂਪ, ਬੈਗਪੈਕ ਦੌੜ, ਤਿੰਨ ਟੰਗੀ ਦੌੜ, 50, 80, 100 ਮੀਟਰ ਦੀਆਂ ਦੌੜਾਂ ਆਦਿ ਖੇਡਾਂ ਕਰਵਾਈਆਂ ਗਈਆਂ। ਐਥਲੈਟਿਕ ਮੀਟ ਵਿੱਚ ਖੇਡਾਂ ਦੇ ਨਾਲ-ਨਾਲ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਖੇਡ ਇਵੈਂਟਸ ਦੇ ਜੇਤੂ ਵਿਦਿਆਰਥੀਆਂ ਨੂੰ ਸਕੂਲ ਚੇਅਰਮੈਨ ਰਣਜੀਤ ਸਿੰਘ ਚੀਮਾ, ਡਾਇਰੈਕਟਰ ਨਵਰੀਤ ਕੌਰ, ਪ੍ਰਿੰਸੀਪਲ ਮੁਹੰਮਦ ਆਰਿਫ ਸੈਫ਼ੀ ਵੱਲੋਂ ਪਹਿਲੀ, ਦੂਜੀ ਤੇ ਤੀਜੀ ਪੁਜ਼ੀਸ਼ਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸੋਨਾ, ਚਾਂਦੀ ਤੇ ਕਾਂਸੀ ਦੇ ਤਮਗੇ ਦਿੱਤੇ ਗਏ। ਹਰੇ ਹਾਊਸ ਨੂੰ 'ਕੌਕ ਹਾਊਸ ਟਰਾਫ਼ੀ' ਨਾਲ ਨਿਵਾਜਿਆ ਗਿਆ। ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੇ ਸਮਾਗਮ ਦਾ ਭਰਪੂਰ ਆਨੰਦ ਮਾਣਿਆ। ਸਕੂਲ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ, ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੁੜਨ ਲਈ ਪ੍ਰੇਰਨਾ ਦਿੱਤੀ।

# 'ਮੁੱਖ ਮੰਤਰੀ ਯੋਗਸ਼ਾਲਾ' ਤਹਿਤ ਯੋਗ ਕਲਾਸਾਂ ਲਗਾਈਆਂ



**ਭਲਾਣ (ਹਰਜਨ ਢਿੱਲੋਂ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਦੇ ਤਹਿਤ 'ਮੁੱਖ ਮੰਤਰੀ ਯੋਗਸ਼ਾਲਾ' ਤਹਿਤ ਵੱਖ-ਵੱਖ ਥਾਵਾਂ 'ਤੇ ਯੋਗਾ ਦੀਆਂ ਕਲਾਸਾਂ ਲਗਾਈਆਂ ਜਾ ਰਹੀਆਂ ਹਨ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾ. ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਨੇ ਦੱਸਿਆ ਕਿ 'ਸੀ.ਐਮ ਯੋਗਸ਼ਾਲਾ' ਤਹਿਤ ਨੰਗਲ ਵਿੱਚ ਯੋਗਾ ਇੰਸਟ੍ਰਕਟਰਾਂ ਵੱਲੋਂ ਯੋਗਾ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਨਾਲ ਆਮ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਯੋਗਾ ਦੀਆਂ ਕਲਾਸਾਂ ਲਈ ਬਕਾਇਦਾ ਮਾਹਿਰ ਯੋਗਾ ਇੰਸਟ੍ਰਕਟਰ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਕਿਸੇ ਵੀ ਨਵੀਂ ਥਾਂ 'ਤੇ 25 ਵਿਅਕਤੀਆਂ ਦਾ ਸਮੂਹ ਫ਼ੋਨ ਨੰਬਰ 76694-00500 'ਤੇ ਸੰਪਰਕ ਕਰਕੇ ਸਿਰਫ਼ ਇੱਕ ਫ਼ੋਨ ਕਾਲ ਰਾਹੀਂ ਯੋਗਾ ਇੰਸਟ੍ਰਕਟਰ ਦੀਆਂ ਸੇਵਾਵਾਂ ਲੈ ਸਕਦਾ ਹੈ, ਜਿਸ ਲਈ ਪੰਜਾਬ ਸਰਕਾਰ ਵੱਲੋਂ ਕੋਈ ਫੀਸ ਨਹੀਂ ਲਈ ਜਾਂਦੀ।'ਸੀ ਐਮ ਦੀ ਯੋਗਸ਼ਾਲਾ' ਤਹਿਤ ਨੰਗਲ ਵਿੱਚ ਯੋਗਾ ਦੀਆਂ ਕਲਾਸਾਂ ਲਗਾਉਂਦੇ ਟ੍ਰੇਨਰ ਮੋਹਿਤ ਵਰਮਾ ਨੇ ਦੱਸਿਆ ਕਿ ਉਹ ਹਰ ਰੋਜ਼ ਯੋਗਾ ਸੈਸ਼ਨ ਕਰਵਾ ਰਹੇ ਹਨ, ਉਨ੍ਹਾਂ ਨੇ ਅੱਗੇ ਦੱਸਿਆ ਕਿ ਯੋਗਾ ਸੈਸ਼ਨ ਦਾ ਸਮਾਂ ਲੋਕਾਂ ਦੀ ਸਹੂਲਤ ਅਨੁਸਾਰ ਰੱਖਿਆ ਜਾਂਦਾ ਹੈ ਤਾਂ ਜੋ ਉਨ੍ਹਾਂ ਦੇ ਕੰਮ ਦੇ ਅਨੁਕੂਲ ਸਮੇਂ ਅਨੁਸਾਰ ਇੰਸਟ੍ਰਕਟਰ ਨੂੰ ਬੁਲਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਔਸਤਨ ਇੱਕ ਇੰਸਟ੍ਰਕਟਰ ਦਿਨ ਵਿੱਚ ਘੱਟੋ-ਘੱਟ ਪੰਜ ਯੋਗਾ ਸੈਸ਼ਨ ਕਰਦਾ ਹੈ। ਨੰਗਲ ਵਿੱਚ ਯੋਗਾ ਕਲਾਸਾਂ ਦੇ ਇੰਸਟ੍ਰਕਟਰ ਮੋਹਿਤ ਵਰਮਾ ਅਨੁਸਾਰ ਯੋਗਾ ਦਾ ਅਭਿਆਸ ਨਾ ਸਿਰਫ਼ ਇੱਕ ਸਰੀਰਕ ਕਸਰਤ ਹੈ ਸਗੋਂ ਸਾਡੀ ਜੀਵਨ ਸ਼ੈਲੀ ਨੂੰ ਠੀਕ ਕਰਨ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਵੀ ਹੈ।ਉਨ੍ਹਾਂ ਨੇ ਦੱਸਿਆ ਕਿ ਨਿਯਮਤ ਯੋਗ ਅਭਿਆਸ ਨਾ ਸਿਰਫ ਸਰੀਰਕ ਸਿਹਤ ਨੂੰ ਸੁਧਾਰਦਾ ਹੈ, ਬਲਕਿ ਸਾਡੀ ਮਾਨਸਿਕ ਸਿਹਤ ਨੂੰ ਵੀ ਮਜ਼ਬੂਤ ਬਣਾਉਂਦਾ ਹੈ।ਉਨ੍ਹਾਂ ਨੇ ਦੱਸਿਆ ਕਿ ਯੋਗਾ ਕਲਾਸਾਂ ਵਿੱਚ ਲੋਕਾਂ ਨੂੰ ਜੋੜਾਂ ਦੇ ਦਰਦ, ਸ਼ੂਗਰ, ਥਾਇਰਾਇਡ ਅਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਪੁਰਾਣੀਆਂ ਬਿਮਾਰੀਆਂ ਤੋਂ ਰਾਹਤ ਪ੍ਰਦਾਨ ਕਰਨ ਵਿੱਚ ਸਫਲ ਹੁੰਦੇ ਹਨ।ਇਸ ਮੌਕੇ ਨਿਰਮਲਾ ਗੌਤਮ, ਆਸ਼ਾ ਰਾਣੀ, ਆਸ਼ੂ ਰਾਣਾ, ਸੁਸ਼ਮਾ, ਸਵਿਤਰੀ ਦੇਵੀ, ਸਤੀਸ਼ ਕੁਮਾਰੀ, ਰੀਆ ਚੰਦੇਲ, ਸਰਪੰਚ ਮੁਕੇਸ਼ ਕੁਮਾਰ, ਪ੍ਰਵੀਨ ਰਾਣੀ, ਸ਼ਿਵਮ, ਵੈਸ਼ਨਵੀ, ਯੁਵਰਾਜ, ਅਰਮਾਨ, ਦਕਸ਼, ਕਨਿਕੇਤ, ਕਪਿਸ਼, ਸੋਨਾਕਸ਼ੀ, ਅਨਮੋਲ ਆਦਿ ਹਾਜ਼ਰ ਸਨ।

# 'ਆਪ' ਨੇ ਬੰਗਲਾਦੇਸ਼ 'ਚ ਹਿੰਦੂਆਂ ਵਿਰੁੱਧ ਅੱਤਿਆਚਾਰਾਂ ਦੀ ਕੀਤੀ ਨਿੰਦਾ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ (ਆਪ) ਨੇ ਹਿੰਦੂ ਪੁਜਾਰੀਆਂ ਦੀਆਂ ਗ੍ਰਿਫਤਾਰੀਆਂ ਸਮੇਤ ਬੰਗਲਾਦੇਸ਼ ਵਿੱਚ ਹਿੰਦੂ ਘੱਟ ਗਿਣਤੀਆਂ ਵਿਰੁੱਧ ਅੱਤਿਆਚਾਰ ਦੀਆਂ ਚਿੰਤਾਜਨਕ ਰਿਪੋਰਟਾਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ।ਪੰਜਾਬ ਪ੍ਰਧਾਨ ਅਤੇ ਸੀਨੀਅਰ ਆਗੂ ਅਮਨ ਅਰੋੜਾ ਨੇ ਕਿਹਾ ਕਿ ਕਿਸੇ ਵੀ ਭਾਈਚਾਰੇ ਵਿਰੁੱਧ ਅਜਿਹੀ ਕਾਰਵਾਈਆਂ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਬਹੁਤ ਦੁਖਦਾਈ ਅਤੇ ਅਸਵੀਕਾਰਨਯੋਗ ਹਨ।ਮੀਡੀਆ ਸਰੋਤਾਂ ਰਾਹੀਂ ਬੰਗਲਾਦੇਸ਼ ਵਿੱਚ ਹਿੰਦੂਆਂ ਦੀ ਦੁਰਦਸ਼ਾ ਦੀ ਖਬਰ ਦਿਲ ਕੰਬਾਊ ਹੈ। ਕਿਸੇ ਵੀ ਭਾਈਚਾਰੇ ਵਿਰੁੱਧ ਹਿੰਸਾ ਸਦਭਾਵਨਾ ਅਤੇ ਆਪਸੀ ਸਨਮਾਨ ਦੇ ਸਿਧਾਂਤਾਂ ਨੂੰ ਕਮਜ਼ੋਰ ਕਰਦੀ ਹੈ।ਅਮਨ ਅਰੋੜਾ ਨੇ ਕਿਹਾ ਕਿ ਹਰ ਦੇਸ਼ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀਆਂ ਘੱਟ ਗਿਣਤੀਆਂ ਦੀ ਰੱਖਿਆ ਕਰੇ ਅਤੇ ਸਹਿਹੋਂਦ ਦੀ ਭਾਵਨਾ ਨੂੰ ਕਾਇਮ ਰੱਖੇ।'ਆਪ' ਨੇ ਇਸ ਮੁੱਦੇ ਬਾਰੇ ਹਿੰਦੂਆਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਕੇਂਦਰ ਸਰਕਾਰ ਦੀ ਢਿੱਲ ਅਤੇ ਲਾਪਰਵਾਹੀ ਦੀ ਆਲੋਚਨਾ ਕੀਤੀ।ਪਾਰਟੀ ਘੱਟ ਗਿਣਤੀਆਂ ਦੀ ਸੁਰੱਖਿਆ ਅਤੇ ਸਨਮਾਨ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਵਿਦੇਸ਼ ਮੰਤਰਾਲੇ (ਐਮ ਈ ਏ) ਤੋਂ ਤੁਰੰਤ ਦਖਲ ਦੀ ਮੰਗ ਕਰਦੀ ਹੈ।ਬੰਗਲਾਦੇਸ਼ ਵਿੱਚ ਹਿੰਦੂਆਂ ਵਿਰੁੱਧ ਵਧ ਰਹੇ ਅੱਤਿਆਚਾਰ ਪ੍ਰਤੀ ਕੇਂਦਰ ਸਰਕਾਰ ਦੀ ਧੀਮੀ ਪ੍ਰਤੀਕਿਰਿਆ ਅਤੇ ਉਦਾਸੀਨਤਾ ਅਸਵੀਕਾਰਨਯੋਗ ਹੈ।ਅਰੋੜਾ ਨੇ ਕਿਹਾ ਕਿ ਐਮ ਈ ਏ ਅਤੇ ਭਾਰਤੀ ਕੌਂਸਲੇਟਾਂ ਨੂੰ ਸਰਗਰਮ ਕਦਮ ਚੁੱਕਣੇ ਚਾਹੀਦੇ ਹਨ, ਬੰਗਲਾਦੇਸ਼ੀ ਸਰਕਾਰ ਨਾਲ ਇਹ ਚਿੰਤਾਵਾਂ ਉਠਾਉਣੀਆਂ ਚਾਹੀਦੀਆਂ ਹਨ ਅਤੇ ਜਵਾਬਦੇਹੀ ਯਕੀਨੀ ਬਣਾਉਣੀ ਚਾਹੀਦੀ ਹੈ।ਆਮ ਆਦਮੀ ਪਾਰਟੀ ਅੰਤਰਰਾਸ਼ਟਰੀ ਭਾਈਚਾਰੇ ਨੂੰ ਸਰਹੱਦਾਂ ਦੇ ਪਾਰ ਘੱਟ ਗਿਣਤੀ ਭਾਈਚਾਰਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ 'ਤੇ ਧਿਆਨ ਦੇਣ ਦੀ ਵੀ ਅਪੀਲ ਕੀਤੀ ਹੈ।ਅਮਨ ਅਰੋੜਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਮੁੱਦਾ ਸਿਆਸੀ ਸੀਮਾਵਾਂ ਤੋਂ ਉੱਪਰ ਹੈ ਅਤੇ ਨਫ਼ਰਤੀ ਅਪਰਾਧਾਂ ਅਤੇ ਵਿਤਕਰੇ ਵਿਰੁੱਧ ਇਕਜੁੱਟ ਹੋਣ ਦੀ ਮੰਗ ਕਰਦਾ ਹੈ।ਅਰੋੜਾ ਨੇ ਅੱਗੇ ਕਿਹਾ ਕਿ ਭਾਰਤ ਨੇ ਸੰਕਟ ਦੇ ਸਮੇਂ ਵਿੱਚ ਬੰਗਲਾਦੇਸ਼ ਦਾ ਲਗਾਤਾਰ ਸਮਰਥਨ ਕੀਤਾ ਹੈ, ਭਾਵੇਂ ਇਹ ਵਿੱਤੀ ਸਹਾਇਤਾ ਦੇ ਜ਼ਰੀਏ ਹੋਵੇ ਜਾਂ ਖੇਤਰ ਵਿੱਚ ਸਮਾਜਿਕ ਸਥਿਰਤਾ ਨੂੰ ਯਕੀਨੀ ਬਣਾਉਣਾ ਹੋਵੇ।ਭਾਰਤ ਇੱਕ ਭਰੋਸੇਮੰਦ ਸਹਿਯੋਗੀ ਰਿਹਾ ਹੈ ਅਤੇ ਬੰਗਲਾਦੇਸ਼ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ।ਇਸ ਲਈ ਸਮੇਂ ਦੀ ਲੋੜ ਹੈ ਕਿ ਬੰਗਲਾਦੇਸ਼ ਨੂੰ ਆਪਣੀ ਹਿੰਦੂ ਘੱਟ ਗਿਣਤੀ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ।ਬੰਗਲਾਦੇਸ਼ ਸਰਕਾਰ ਨੂੰ ਉੱਥੇ ਦੇ ਹਿੰਦੂਆਂ ਦੇ ਅਧਿਕਾਰਾਂ ਦੀ ਰਾਖੀ ਲਈ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ।'ਆਪ' ਦਾ ਵਿਸ਼ਵਾਸ ਹੈ ਕਿ ਕੇਂਦਰ ਸਰਕਾਰ ਨੂੰ ਆਪਣੇ ਪ੍ਰਵਾਸੀਆਂ ਦੀ ਭਲਾਈ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਇਨ੍ਹਾਂ ਜ਼ਰੂਰੀ ਮਾਮਲਿਆਂ ਨੂੰ ਹੱਲ ਕਰਨ ਲਈ ਕੂਟਨੀਤਕ ਚੈਨਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ।ਅਰੋੜਾ ਨੇ ਕਿਹਾ ਕਿ ਜੇਕਰ ਸਰਕਾਰ ਨਿਰਣਾਇਕ ਢੰਗ ਨਾਲ ਕੰਮ ਕਰਨ ਵਿੱਚ ਅਸਫਲ ਰਹਿੰਦੀ ਹੈ, ਤਾਂ ਇਹ ਸਿਰਫ ਆਪਣੀ ਬੇਰੁਖ਼ੀ ਅਤੇ ਅਯੋਗਤਾ ਨੂੰ ਉਜਾਗਰ ਕਰੇਗੀ।



# ਆਯੂਰ ਜੀਵਨ ਆਯੁਰਵੈਦਿਕ ਰਿਸਰਚ ਸੈਂਟਰ ਵੱਲੋਂ ਨਸ਼ਾ ਛੁਡਾਉਣ ਲਈ ਲਗਾਇਆ ਕੈਂਪ





**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ)** ਆਯੂਰ ਜੀਵਨ ਆਯੁਰਵੈਦਿਕ ਰਿਸਰਚ ਸੈਂਟਰ ਵੱਲੋਂ ਪਿਛਲੇ ਮਹੀਨਿਆਂ ਦੀ ਤਰ੍ਹਾਂ ਇਸ ਮਹੀਨੇ ਵੀ ਰੇਲਵੇ ਰੋਡ 'ਤੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਨਸ਼ਾ ਛੁਡਾਊ ਕੈਂਪ ਲਗਾਇਆ ਗਿਆ।ਇਸ ਸੰਬੰਧੀ ਆਯੂਰ ਜੀਵਨ ਆਯੁਰਵੈਦਿਕ ਰਿਸਰਚ ਸੈਂਟਰ ਦੇ ਐਮ ਡੀ ਅਤੇ ਦਲ ਖ਼ਾਲਸਾ ਦੇ ਜ਼ਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਖ਼ਾਲਸਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਵਿੱਚ ਨਸ਼ਾ ਛੱਡਣ ਦੀ ਮਨਸ਼ਾ ਨਾਲ 109 ਨੌਜਵਾਨ ਆਪਣਾ ਚੈਕਅੱਪ ਕਰਵਾਕੇ ਨਸ਼ਾ ਛੱਡਣ ਦੀ ਦਵਾਈ ਲੈ ਕੇ ਗਏ ਹਨ।ਉਨ੍ਹਾਂ ਦੱਸਿਆ ਕਿ ਸਾਡੇ ਵੱਲੋਂ ਇਸ ਮੈਡੀਕਲ ਕੈਂਪ ਵਿੱਚ 20 ਸਾਲ ਤੋਂ ਛੋਟੇ ਬੱਚੇ ਅਤੇ ਗਰੀਬ ਪਰਿਵਾਰਾਂ ਦੇ ਨੌਜਵਾਨਾਂ ਨੂੰ ਦਵਾਈ ਬਿਲਕੁਲ ਫਰੀ ਦਿੱਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਵੈਸੇ ਵੀ ਸਾਡੀ ਦਵਾਈ ਦਾ ਮੁੱਲ ਨਾ ਮਾਤਰ ਹੈ ਅਤੇ ਸਾਡੀ ਦਵਾਈ ਇੱਕ ਆਮ ਵਿਅਕਤੀ ਵੀ ਖਰੀਦ ਕੇ ਨਸ਼ੇ ਤੋਂ ਛੁਟਕਾਰਾ ਪਾ ਸਕਦਾ ਹੈ ਉਹਨਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੇਲਵੇ ਰੋਡ 'ਤੇ ਪੈਂਦੇ ਗੁਰੂਦੁਆਰਾ ਸਿੰਘ ਸਭਾ ਸਾਹਿਬ ਵਿਖੇ ਹਰ ਮਹੀਨੇ ਦੇ ਪਹਿਲੇ ਐਤਵਾਰ ਅਤੇ ਮਾਹਿਲਪੁਰ ਦੇ ਗੁਰਦੁਆਰਾ ਸ਼ਹੀਦਾਂ ਦੇ ਹਰ ਜੇਠੇ ਮੰਗਲਵਾਰ ਨੂੰ ਆਯੂਰ ਜੀਵਨ ਆਯੁਰਵੈਦਿਕ ਰਿਸਰਚ ਸੈਂਟਰ ਵੱਲੋਂ ਨਸ਼ਾ ਛੁਡਾਊ ਕੈਂਪ ਲਗਾਇਆ ਜਾਂਦਾ ਹੈ।ਨਸ਼ਾ ਇਕੱਲਾ ਸਾਡੇ ਸਰੀਰ ਨੂੰ ਹੀ ਨਹੀਂ ਬਲਕਿ ਪਰਿਵਾਰ ਤੇ ਸਮਾਜ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ ਉਹਨਾਂ ਕਿਹਾ ਕਿ ਸਾਡੇ ਸਮਾਜ ਵਿੱਚ ਬਹੁਤ ਸਾਰੇ ਲੋਕ ਨਸ਼ੇ ਦੀਆਂ ਮਾੜੀਆਂ ਆਦਤਾਂ ਦਾ ਸ਼ਿਕਾਰ ਹੋ ਚੁੱਕੇ ਅਤੇ ਹੋ ਰਹੇ ਹਨ ਉਹਨਾਂ ਕਿਹਾ ਕਿ ਨਸ਼ਾ ਕਰਨ ਵਾਲਾ ਹਰ ਇੱਕ ਵਿਅਕਤੀ ਪ੍ਰਮਾਤਮਾ ਵੱਲੋਂ ਬਖ਼ਸ਼ਿਸ਼ ਕੀਤੇ ਹੋਏ ਜੀਵਨ ਨੂੰ ਹੀ ਨਹੀਂ ਬਲਕਿ ਆਪਣੇ ਪਰਿਵਾਰ ਦੀ ਸੁੱਖ ਤੇ ਸ਼ਾਂਤੀ ਨੂੰ ਵੀ ਨਸ਼ਟ ਕਰ ਰਿਹਾ ਹੈ। ਉਹਨਾਂ ਕਿਹਾ ਕਿ ਉਹ ਨੌਜਵਾਨਾਂ ਨੂੰ ਸੇਧ ਦਿੰਦਿਆਂ ਕਿਹਾ ਕਿ ਤੁਸੀਂ ਉਹ ਨੌਜਵਾਨ ਹੋ ਜੋ ਆਪਣੇ ਦੇਸ਼ ਨੂੰ ਇੱਕ ਸੁਨਹਿਰਾ ਭਵਿੱਖ ਦੇ ਸਕਦੇ ਹੋ। ਉਹਨਾਂ ਕਿਹਾ ਕਿ ਸਾਨੂੰ ਨਸ਼ਿਆਂ ਦੇ ਖਿਲਾਫ ਲੜਾਈ ਆਪਣੇ ਘਰ ਤੋਂ ਅਤੇ ਆਪਣੇ ਜਾਣ ਪਛਾਣ ਦੇ ਲੋਕਾਂ ਨੂੰ ਜਾਗਰੂਕ ਕਰਕੇ ਕਰਨੀ ਚਾਹੀਦੀ ਹੈ।ਇਸ ਮੌਕੇ ਹੋਰਨਾ ਤੋਂ ਇਲਾਵਾ ਡਾ. ਰਜਨੀਸ਼ ( ਬੀ.ਏ.ਐਮ ਐਸ), ਸੁਰਿੰਦਰ ਸਿੰਘ ਖਾਲਸਾ, ਤਜਿੰਦਰ ਸਿੰਘ ਪਾਬਲਾ, ਮੁਕੇਸ਼ ਰਾਣਾ ਆਦਿ ਹਾਜ਼ਰ ਸਨ।

# ਗੀਤਾ ਮਹਾਉਤਸਵ ਨੂੰ ਦੇਸ਼ ਦੀਆਂ ਵੱਡੀਆਂ ਸੰਸਥਾਵਾਂ ਨਾਲ ਜੋੜਿਆ ਜਾਵੇਗਾ : ਮਨੋਹਰ ਲਾਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਕੇਂਦਰੀ ਊਰਜਾ ਅਤੇ ਮਕਾਨ ਉਸਾਰੀ ਮੰਤਰੀ ਮਨੋਹਰ ਲਾਲ ਨੇ ਕੌਮਾਂਤਰੀ ਗੀਤਾ ਮਹੋਤਸਵ-2024 ਦੇ ਮੰਚ 'ਤੇ ਕਲਾਕਾਰਾਂ, ਸੈਲਾਨੀਆਂ, ਸ਼ਿਲਪਕਾਰਾਂ ਦੇ ਚਿਹਰਿਆਂ 'ਤੇ ਚਮਕ ਦੇਖ ਕੇ ਖੁਸ਼ੀ ਮਹਿਸੂਸ ਕਰਨੀ ਚਾਹੀਦੀ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੁਪਨੇ ਨੂੰ ਸਾਕਾਰ ਕਰਨਾ ਚਾਹੀਦਾ ਹੈ।ਤਿਉਹਾਰ ਦੀ ਕੁਦਰਤ ਦਾ ਵਿਸਤਾਰ ਬ੍ਰਹਮਸਰੋਵਰ ਦੇ ਕੰਢੇ 'ਤੇ ਉਨ੍ਹਾਂ ਨੇ ਵੱਖ-ਵੱਖ ਰਾਜਾਂ ਦੇ ਸੱਭਿਆਚਾਰ ਨੂੰ ਦਰਸਾਉਂਦੇ ਲੋਕ ਕਲਾਕਾਰਾਂ, ਸੈਲਾਨੀਆਂ ਦੀ ਦਿਲਚਸਪੀ ਨੂੰ ਖਿੱਚਣ ਵਾਲੇ ਕਲਾਕਾਰਾਂ ਅਤੇ ਤਿਉਹਾਰ ਨੂੰ ਵਧਾਉਣ ਵਾਲੇ ਸੈਲਾਨੀਆਂ ਨਾਲ ਨਾ ਸਿਰਫ ਆਪਣੀ 'ਮਨ ਕੀ ਬਾਤ' ਸਾਂਝੀ ਕੀਤੀ, ਸਗੋਂ ਉਹਨਾਂ ਨੂੰ ਵੀ ਸਾਂਝਾ ਕੀਤਾ।ਲੋਕ ਕਲਾਕਾਰਾਂ ਦੇ ਸਾਜ਼ਾਂ ਦੀਆਂ ਧੁਨਾਂ ਵੀ ਗੂੰਜਦੀਆਂ ਰਹੀਆਂ।ਵਰਣਨਯੋਗ ਹੈ ਕਿ ਮਨੋਹਰ ਲਾਲ ਨੇ ਹਰਿਆਣਾ ਦੇ ਮੁੱਖ ਮੰਤਰੀ ਵਜੋਂ ਗੀਤਾ ਮਹੋਤਸਵ ਨੂੰ ਕੌਮਾਂਤਰੀ ਰੂਪ ਦੇਣ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਜ਼ਨ ਨੂੰ ਅੱਗੇ ਲਿਜਾਣ ਵਿਚ ਅਹਿਮ ਭੂਮਿਕਾ ਨਿਭਾਈ ਹੈ।ਉਨ੍ਹਾਂ ਨੇ ਸਾਲ 2016 ਤੋਂ ਇਸ ਨੂੰ ਕੌਮਾਂਤਰੀ ਪੱਧਰ 'ਤੇ ਮਨਾਉਣਾ ਸ਼ੁਰੂ ਕਰ ਦਿੱਤਾ ਸੀ।ਉਹ ਕੁਰੂਕਸ਼ੇਤਰ ਵਿਕਾਸ ਬੋਰਡ ਦੇ ਦਫ਼ਤਰ ਵੀ ਪਹੁੰਚੇ ਜਿੱਥੇ ਉਨ੍ਹਾਂ ਨੇ ਬੋਰਡ ਅਧਿਕਾਰੀਆਂ ਨਾਲ 48 ਕੋਸ ਦੇ 182 ਤੀਰਥ ਸਥਾਨਾਂ ਦੇ ਵਿਕਾਸ ਅਤੇ ਪ੍ਰਬੰਧਾਂ ਅਤੇ ਉਤਸਵ ਨੂੰ ਹੋਰ ਸ਼ਾਨਦਾਰ ਬਣਾਉਣ ਦੀਆਂ ਅਪਾਰ ਸੰਭਾਵਨਾਵਾਂ ਬਾਰੇ ਚਰਚਾ ਕੀਤੀ।ਇਸ ਮੁਲਾਕਾਤ ਤੋਂ ਬਾਅਦ ਉਨ੍ਹਾਂ ਨੇ ਸ਼ਿਲਪਕਾਰੀ ਅਤੇ ਸਰਸ ਮੇਲੇ ਦੇ ਨਾਲ-ਨਾਲ ਬ੍ਰਹਮਸਰੋਵਰ ਦਾ ਵੀ ਦੌਰਾ ਕੀਤਾ।ਇਸ ਦੌਰਾਨ ਉਨ੍ਹਾਂ ਸੈਲਾਨੀਆਂ, ਕਲਾਕਾਰਾਂ ਅਤੇ ਸ਼ਿਲਪਕਾਰਾਂ ਨਾਲ ਗੱਲਬਾਤ ਕੀਤੀ ਅਤੇ ਫੈਸਟੀਵਲ ਦੇ ਪ੍ਰਬੰਧਾਂ ਅਤੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵੀ ਫੀਡਬੈਕ ਲਿਆ।ਕੇਂਦਰੀ ਮੰਤਰੀ ਮਨੋਹਰ ਲਾਲ ਨੇ ਗੀਤਾ ਸਥਲੀ ਜੋਤੀਸਰ ਦੇ ਪਵਿੱਤਰ ਸਥਾਨ ਦਾ ਦੌਰਾ ਕੀਤਾ ਅਤੇ ਪਵਿੱਤਰ ਸਥਾਨ 'ਤੇ ਮੱਥਾ ਟੇਕਿਆ ਅਤੇ ਰਾਜ ਸਰਕਾਰ ਦੀ ਤਰਫੋਂ 206 ਕਰੋੜ ਰੁਪਏ ਦੀ ਲਾਗਤ ਨਾਲ ਜੋਤੀਸਰ ਅਨੁਭਵ ਕੇਂਦਰ ਦੀਆਂ ਇਮਾਰਤਾਂ ਅਤੇ ਅਜਾਇਬ ਘਰਾਂ ਦੇ ਨਾਲ-ਨਾਲ ਉਸਾਰੀ ਅਧੀਨ ਹੋਰ ਪ੍ਰੋਜੈਕਟਾਂ ਦਾ ਨਿਰੀਖਣ ਕੀਤਾ।ਕੇਂਦਰੀ ਮੰਤਰੀ ਨੇ ਕਿਹਾ ਕਿ ਕੌਮਾਂਤਰੀ ਗੀਤਾ ਮਹਾਉਤਸਵ 'ਚ ਆਉਣ ਵਾਲੇ ਸੈਲਾਨੀਆਂ ਅਤੇ ਯਾਤਰੀਆਂ ਨੂੰ ਪਵਿੱਤਰ ਗ੍ਰੰਥ ਗੀਤਾ ਨਾਲ ਜੋੜਨ ਦੇ ਉਪਰਾਲੇ ਕੀਤੇ ਜਾਣ ਤਾਂ ਜੋ ਕੁਰੂਕਸ਼ੇਤਰ ਦੀ ਪਵਿੱਤਰ ਧਰਤੀ ਤੋਂ ਆਪਣੇ-ਆਪਣੇ ਸੂਬਿਆਂ 'ਚ ਜਾਣ ਤੋਂ ਬਾਅਦ ਇਹ ਸੈਲਾਨੀ ਅਤੇ ਯਾਤਰੀ ਉੱਥੇ ਵੀ ਗੀਤਾ ਦਾ ਪਾਠ ਕਰ ਸਕਣ। ਉਨ੍ਹਾਂ ਕਿਹਾ ਕਿ ਕੌਮਾਂਤਰੀ ਗੀਤਾ ਮਹਾਉਤਸਵ ਨੂੰ ਦੇਸ਼ ਦੀਆਂ ਵੱਡੀਆਂ ਸੰਸਥਾਵਾਂ ਨਾਲ ਜੋੜਨ ਲਈ ਉਪਰਾਲੇ ਕੀਤੇ ਜਾਣ ਤਾਂ ਜੋ ਇਸ ਉਤਸਵ ਨੂੰ ਸੀ ਐਸ ਆਰ ਤਹਿਤ ਸਹਿਯੋਗ ਮਿਲ ਸਕੇ।ਇਸ ਦੇ ਨਾਲ ਹੀ ਸਥਾਨਕ ਤੀਰਥ ਯਾਤਰਾ ਸਰਕਟ ਯੋਜਨਾ ਤਿਆਰ ਕੀਤੀ ਜਾਵੇ ਤਾਂ ਜੋ ਸ਼ਰਧਾਲੂ ਕੁਰੂਕਸ਼ੇਤਰ ਦੇ ਤੀਰਥ ਸਥਾਨਾਂ ਦੇ ਦਰਸ਼ਨ ਕਰ ਸਕਣ।ਇਨ੍ਹਾਂ ਪ੍ਰੋਗਰਾਮਾਂ ਤੋਂ ਬਾਅਦ ਕੇਂਦਰੀ ਮੰਤਰੀ ਨੇ ਪਿੱਪਲੀ ਨੀਲਧਾਰੀ ਗੁਰਦੁਆਰਾ ਸਾਹਿਬ ਵਿਖੇ ਸੰਤਾਂ-ਮਹਾਂਪੁਰਸ਼ਾਂ ਨਾਲ ਗੱਲਬਾਤ ਕੀਤੀ ਅਤੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ। ਉਨ੍ਹਾਂ ਕਿਹਾ ਕਿ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸੈਲਾਨੀਆਂ ਅਤੇ ਯਾਤਰੀਆਂ ਨੂੰ ਦੇਸ਼ ਦੀ ਹਜ਼ਾਰਾਂ ਸਾਲ ਪੁਰਾਣੀ ਸੱਭਿਆਚਾਰਕ ਵਿਰਾਸਤ ਨੂੰ ਦੇਖਣ ਅਤੇ ਜਾਣਨ ਦਾ ਮੌਕਾ ਮਿਲਦਾ ਹੈ।ਇਹ ਮੇਲਾ ਕੈਨੇਡਾ, ਆਸਟ੍ਰੇਲੀਆ, ਮਾਰੀਸ਼ਸ, ਲੰਡਨ ਅਤੇ ਸ੍ਰੀਲੰਕਾ ਵਿੱਚ ਆਯੋਜਿਤ ਕੀਤਾ ਗਿਆ ਹੈ ਅਤੇ ਸਰਕਾਰ ਲਗਾਤਾਰ ਇਹ ਯਕੀਨੀ ਬਣਾਉਣ ਲਈ ਯਤਨ ਕਰ ਰਹੀ ਹੈ ਕਿ ਪਵਿੱਤਰ ਗ੍ਰੰਥ ਗੀਤਾ ਦੀਆਂ ਸਿੱਖਿਆਵਾਂ ਦੁਨੀਆ ਦੇ ਕੋਨੇ-ਕੋਨੇ ਤੱਕ ਪਹੁੰਚ ਸਕਣ।

# ਮੂਰਤੀਕਾਰ ਸੁਧੀਰ ਸਟੇਟ ਐਵਾਰਡ ਨਾਲ ਸਨਮਾਨਤ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਕੌਮਾਂਤਰੀ ਗੀਤਾ ਮਹੋਤਸਵ 'ਚ ਰਾਜਸਥਾਨ ਦੇ ਅਜਮੇਰ ਜ਼ਿਲ੍ਹੇ ਦੇ ਮੂਰਤੀਕਾਰ ਸੁਧੀਰ ਅਤੇ ਵਰਸ਼ਾ ਨੇ ਪੱਥਰ ਦੇ ਪਾਊਡਰ ਦੀ ਵਰਤੋਂ ਕਰਕੇ ਭਗਵਾਨ ਸ਼੍ਰੀ ਕ੍ਰਿਸ਼ਨ, ਗੌਤਮ ਬੁੱਧ ਅਤੇ ਹੋਰ ਮਹਾਪੁਰਖਾਂ ਦੀਆਂ ਮੂਰਤੀਆਂ ਨੂੰ ਸ਼ਕਲ ਦਿੱਤੀ।ਇਸ ਸ਼ਿਲਪਕਾਰੀ ਤੋਂ ਪ੍ਰਭਾਵਿਤ ਹੋ ਕੇ ਰਾਜਸਥਾਨ ਸਰਕਾਰ ਨੇ ਉਨ੍ਹਾਂ ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ।ਸਮੇਂ ਦੀ ਮੰਗ ਅਨੁਸਾਰ ਇਨ੍ਹਾਂ ਦੋਵਾਂ ਕਾਰੀਗਰਾਂ ਨੇ ਪੱਥਰ ਦੇ ਪਾਊਡਰ ਤੋਂ ਮੂਰਤੀਆਂ ਦੇ ਨਾਲ-ਨਾਲ ਚਿੱਤਰ ਬਣਾਉਣੇ ਸ਼ੁਰੂ ਕਰ ਦਿੱਤੇ ਹਨ।ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਰੁਜ਼ਗਾਰ ਯੋਜਨਾ ਨੇ ਇਸ ਮੀਲ ਪੱਥਰ ਤੱਕ ਪਹੁੰਚਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।ਇਸ ਸਕੀਮ ਰਾਹੀਂ ਕਾਰੀਗਰਾਂ ਨੂੰ ਵਿੱਤੀ ਸਹਾਇਤਾ ਮਿਲੀ ਅਤੇ ਇਸ ਵਿੱਤੀ ਸਹਾਇਤਾ ਦੇ ਬਲ 'ਤੇ ਹੀ ਉਹ ਆਪਣੀ ਮੰਜ਼ਿਲ 'ਤੇ ਪਹੁੰਚ ਸਕੇ। ਉਸ ਨੇ ਦੱਸਿਆ ਕਿ ਉਹ ਪਿਛਲੇ 16 ਸਾਲਾਂ ਤੋਂ ਕੌਮਾਂਤਰੀ ਗੀਤਾ ਮਹੋਤਸਵ ਨਾਲ ਜੁੜੇ ਹੋਏ ਹਨ, ਉਨ੍ਹਾਂ ਨੂੰ ਇੱਥੋਂ ਦਾ ਮਾਹੌਲ ਅਤੇ ਪ੍ਰਬੰਧ ਬਹੁਤ ਪਸੰਦ ਹਨ।ਇਸ ਲਈ, ਕੌਮਾਂਤਰੀ ਗੀਤਾ ਮਹੋਤਸਵ ਸੈਲਾਨੀਆਂ ਲਈ ਕੁਝ ਨਵੀਆਂ ਕਲਾਕ੍ਰਿਤੀਆਂ ਲੈ ਕੇ ਪਹੁੰਚਦਾ ਹੈ। ਇਸ ਸਾਲ 5ਡੀ ਪੇਂਟਿੰਗ ਤਿਆਰ ਕਰਕੇ ਲਿਆਂਦੀ ਗਈ ਹੈ।ਇਸ ਪੇਂਟਿੰਗ ਨੂੰ ਦੇਖ ਕੇ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਕੋਈ ਦ੍ਰਿਸ਼ ਉਨ੍ਹਾਂ ਦੇ ਸਾਹਮਣੇ ਖੜ੍ਹਾ ਹੋਵੇ। ਸੈਲਾਨੀ ਇਸ ਪੇਂਟਿੰਗ ਨੂੰ ਕਾਫੀ ਪਸੰਦ ਕਰ ਰਹੇ ਹਨ ਅਤੇ ਇਸ ਪੇਂਟਿੰਗ ਦੀ ਕੀਮਤ ਸਿਰਫ 300 ਤੋਂ 1800 ਰੁਪਏ ਰੱਖੀ ਗਈ ਹੈ।ਉਨ੍ਹਾਂ ਦੱਸਿਆ ਕਿ ਜੇਕਰ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਰੋਜ਼ਗਾਰ ਯੋਜਨਾ ਦਾ ਸਹਿਯੋਗ ਨਾ ਮਿਲਿਆ ਹੁੰਦਾ ਤਾਂ ਸ਼ਾਇਦ ਉਹ ਮੇਲੇ ਦੀ ਦਹਿਲੀਜ਼ ਤੱਕ ਨਹੀਂ ਪਹੁੰਚ ਸਕਦੇ ਸਨ।ਇਸ ਸਕੀਮ ਤਹਿਤ 1.5 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ।ਇਸ ਰਕਮ ਨਾਲ ਉਸ ਨੇ ਸਾਮਾਨ ਖਰੀਦਿਆ ਅਤੇ ਪੱਥਰ ਦੇ ਪਾਊਡਰ ਤੋਂ ਮੂਰਤੀਆਂ ਅਤੇ ਚਿੱਤਰ ਬਣਾਏ।ਇਸ ਸ਼ਿਲਪਕਾਰੀ ਦੀ ਬਹੁਤ ਸ਼ਲਾਘਾ ਕੀਤੀ ਗਈ ਅਤੇ ਸਰਕਾਰ ਵੱਲੋਂ ਸਟੇਟ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। ਹੁਣ ਬਰਾ ਤੋਂ ਪੇਂਟਿੰਗ ਬਣਾਉਣ ਦਾ ਕੰਮ ਕੀਤਾ ਜਾ ਰਿਹਾ ਹੈ ਅਤੇ ਕੈਨਵਸ 'ਤੇ ਪੇਂਟਿੰਗ ਵੀ ਤਿਆਰ ਕੀਤੀ ਜਾ ਰਹੀ ਹੈ।ਇਸ ਤੋਂ ਇਲਾਵਾ ਅੱਜ ਦੇ ਸਮੇਂ ਦੀ ਮੰਗ ਨੂੰ ਪੂਰਾ ਕਰਨ ਲਈ 5ਡੀ ਪੇਂਟਿੰਗ ਵੀ ਕੰਮ ਕਰ ਰਹੀ ਹੈ। ਇਸ ਪੇਂਟਿੰਗ ਵਿੱਚ ਸਪਾਰਕਲ ਵਰਕ ਨੂੰ ਵੀ ਕਾਫੀ ਪਸੰਦ ਕੀਤਾ ਜਾ ਰਿਹਾ ਹੈ।ਹੁਣ ਰਾਜਸਥਾਨ ਵਿੱਚ 15 ਔਰਤਾਂ ਉਸ ਨਾਲ ਜੁੜੀਆਂ ਹੋਈਆਂ ਹਨ ਜੋ ਪੇਂਟਿੰਗ ਤਿਆਰ ਕਰਨ ਵਿੱਚ ਮਦਦ ਕਰਦੀਆਂ ਹਨ।ਇਨ੍ਹਾਂ ਪੇਂਟਿੰਗਾਂ ਦੀ ਕੀਮਤ 300 ਰੁਪਏ ਤੋਂ ਲੈ ਕੇ 1800 ਰੁਪਏ ਤੱਕ ਹੈ।

# ਕਾਰਪੋਰੇਟ ਘਰਾਣਿਆਂ ਦਾ ਮੂੰਹ ਮੋੜਨ ਲਈ ਲੋਕਾਂ 'ਚ ਰਾਜਸੀ ਚੇਤਨਤਾ ਫੈਲਾਉਣੀ ਜ਼ਰੂਰੀ: ਪਾਸਲਾ



**ਗੁਰਾਇਆ: (ਬਿੰਦਰ ਸੁਮਨ)** ਦੋਆਬੇ ਦੇ ਇਤਿਹਾਸਕ ਪਿੰਡ ਦੁਸਾਂਝ ਕਲਾਂ 'ਚ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਇੱਕ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਲੋਕਾਂ ਨੇ ਕਿਸਾਨੀ ਅੰਦੋਲਨ ਦੌਰਾਨ ਬਹੁਤ ਮੁਸੀਬਤਾਂ ਝੱਲੀਆਂ ਪਰ ਮਗਰੋਂ ਪੰਜਾਬ ਵਾਪਸ ਆ ਕੇ ਵੋਟਾਂ ਪਾਉਣ ਵੇਲੇ ਇੱਧਰ ਉਧਰ ਵੋਟਾਂ ਪਾ ਦਿੱਤੀਆਂ।ਜਦੋਂ ਕਿ ਰਾਜਸੱਤਾ 'ਤੇ ਕਬਜ਼ਾ ਕਰਨ ਵਾਲੀਆਂ ਇਹ ਪਾਰਟੀਆਂ ਨੀਤੀਆਂ ਦੇ ਪੱਖ ਤੋਂ ਉਨ੍ਹਾਂ ਕਾਰਪੋਰੇਟ ਦੀਆਂ ਨੀਤੀਆਂ ਦੀ ਹੀ ਹਮਾਇਤੀ ਹਨ।ਪਾਸਲਾ ਨੇ ਅੱਗੇ ਕਿਹਾ ਕਿ ਮੋਦੀ ਦੀ ਸਰਕਾਰ ਇਨ੍ਹਾਂ ਨੀਤੀਆਂ ਦੀ ਹਮਾਇਤੀ ਨਹੀਂ ਸਗੋਂ ਇਨ੍ਹਾਂ ਨੀਤੀਆਂ ਨੂੰ ਲੋਕਾਂ 'ਤੇ ਲੱਦਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਇਨ੍ਹਾਂ ਨੀਤੀਆਂ ਨੇ ਹੀ ਬੰਦਰਗਾਹਾਂ, ਹਵਾਈ ਅੱਡੇ, ਰੇਲਵੇ ਆਦਿ ਨੂੰ ਵੇਚਣ ਦਾ ਕੰਮ ਆਰੰਭ ਦਿੱਤਾ ਹੈ। ਪਾਸਲਾ ਨੇ ਅੱਗੇ ਕਿਹਾ ਕਿ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਭਾਈ ਲਾਲੋਆਂ ਦਾ ਰਾਜ ਲਿਆਉਣਾ ਚਾਹੁੰਦੀ ਹੈ ਪਰ ਕੁਝ ਜਥੇਬੰਦੀਆਂ ਸੰਘਰਸ਼ ਤਾਂ ਕਰਦੀਆਂ ਹਨ ਪਰ ਵੋਟਾਂ ਵੇਲੇ ਹਾਕਮ ਧਿਰ ਦੀ ਝੋਲੀ 'ਚ ਪੈ ਜਾਂਦੀਆਂ ਹਨ।ਪਾਸਲਾ ਨੇ ਅੱਗੇ ਕਿਹਾ ਕਿ ਪੰਚਾਇਤੀ ਵੋਟਾਂ 'ਚ ਵੀ ਕੁਝ ਲੋਕ ਛੋਟੇ ਮੋਟੇ ਲਾਲਚ 'ਚ ਵੋਟਾਂ ਪਾ ਜਾਂਦੇ ਹਨ, ਜਿਸ ਨਾਲ ਵੱਖ-ਵੱਖ ਰੰਗਾਂ ਦੀਆਂ ਹਾਕਮ ਧਿਰ ਲਗਾਤਾਰ ਲੁੱਟ ਜਾਰੀ ਰੱਖ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਮੋਦੀ ਲਗਾਤਾਰ ਦੇਸ਼ ਨੂੰ ਹਿੰਦੂ ਮੁਸਲਮਾਨ ਬਣਾ ਕੇ ਦੇਸ਼ ਦੇ ਲੋਕਾਂ 'ਚ ਫੁੱਟ ਪਾ ਰਿਹਾ ਹੈ।ਹਰ ਮਸਲੇ ਨੂੰ ਧਰਮ ਦੀ ਐਨਕ ਲਗਾ ਕੇ ਦੇਖਣ ਦਾ ਰੁਝਾਨ ਬਣਾ ਦਿੱਤਾ। ਮਨੂਵਾਦ ਦੀ ਵਿਚਾਰਧਾਰਾ ਨੂੰ ਲਾਗੂ ਕਰਦਿਆਂ ਮੋਦੀ ਸਰਕਾਰ ਦੌਰਾਨ ਮੁਸਲਮਾਨਾਂ, ਇਸਾਈ, ਦਲਿਤ ਅਤੇ ਔਰਤਾਂ 'ਤੇ ਹਮਲੇ ਵੱਧ ਰਹੇ ਹਨ, ਜਿਸ 'ਚ ਸਿੱਖਾਂ 'ਤੇ ਵੀ ਹਮਲਿਆਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਾਸਲਾ ਨੇ ਆਰੰਭ 'ਚ ਕਿਹਾ ਕਿ ਪਿੰਡ ਦੁਸਾਂਝ ਕਲਾਂ ਦੇ ਲੋਕਾਂ ਨੇ ਇਤਿਹਾਸਕ ਘੋਲ ਲੜੇ।ਦੇਸ਼ ਦੀ ਆਜ਼ਾਦੀ ਬਚਾਉਣ 'ਚ ਵੀ ਪਿੰਡ ਵਾਸੀ ਯੋਗਦਾਨ ਪਾਉਂਦੇ ਰਹੇ ਅਤੇ ਮਗਰੋਂ ਦੇਸ਼ ਦੀ ਆਜ਼ਾਦੀ ਨੂੰ ਬਚਾਉਣ ਲਈ ਵੀ ਯੋਗਦਾਨ ਪਾਇਆ।ਉਨ੍ਹਾਂ ਪਿੰਡ ਵਲੋਂ ਖੇਡਾਂ 'ਚ ਅਤੇ ਸਾਹਿਤ 'ਚ ਪਾਏ ਯੋਗਦਾਨ ਦੀ ਚਰਚਾ ਕੀਤੀ। ਪਿੰਡ ਦੇ ਸਰਪੰਚਾਂ ਦੇ ਪਾਏ ਯੋਗਦਾਨ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਇਸ ਇਲਾਕੇ ਦੀ ਮਹਾਨ ਰਵਾਇਤ ਰਹੀ ਹੈ।ਸਮਾਗਮ 'ਚ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਢੇਸੀ, ਸੂਬਾ ਕਮੇਟੀ ਮੈਂਬਰ ਪਰਮਜੀਤ ਰੰਧਾਵਾ, ਤਹਿਸੀਲ ਸਕੱਤਰ ਡਾ. ਸਰਬਜੀਤ ਮੁਠੱਡਾ ਅਤੇ ਪਿੰਡ ਦੇ ਸਰਪੰਚ ਨਿਰਮਲ ਕੁਮਾਰ ਨਵੀ ਨੇ ਵੀ ਹਾਜ਼ਰੀ ਲਵਾਈ।ਇਸ ਕਾਨਫ਼ਰੰਸ ਦੀ ਪ੍ਰਧਾਨਗੀ ਰਾਮ ਨਾਥ ਦੁਸਾਂਝ, ਬਲਵਿੰਦਰ ਸਿੰਘ ਦੁਸਾਂਝ, ਸੁਖ ਰਾਮ ਦੁਸਾਂਝ, ਮਾ. ਮਲਕੀਤ ਸਿੰਘ ਨੇ ਕੀਤੀ। ਅੰਤ 'ਚ ਦੀਪਕ ਰਾਏ ਨੇ ਹਾਜ਼ਰੀਨ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।ਸ਼ੀਤਲ ਰਾਮ ਬੰਗਾ ਨੇ ਕਵਿਤਾਵਾਂ ਪੇਸ਼ ਕੀਤੀਆਂ।

# ਕੌਮਾਂਤਰੀ ਗੀਤਾ ਮਹੋਤਸਵ 'ਚ ਸੈਲਾਨੀ ਟੇਰਾਕੋਟਾ ਵਸਤੂਆਂ ਵੱਡੇ ਪੱਧਰ 'ਤੇ ਖਰੀਦ ਰਹੇ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਜਿੱਥੇ ਕੌਮਾਂਤਰੀ ਗੀਤਾ ਮਹੋਤਸਵ ਨੇ ਵਿਸ਼ਵ ਮੰਚ 'ਤੇ ਆਪਣੀ ਪਛਾਣ ਬਣਾ ਲਈ ਹੈ, ਉਥੇ ਹੀ ਦੂਜੇ ਰਾਜਾਂ ਦੇ ਸ਼ਿਲਪਕਾਰ ਇਸ ਉਤਸਵ 'ਚ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ।ਕੌਮਾਂਤਰੀ ਗੀਤਾ ਮਹੋਤਸਵ ਵਿੱਚ ਆਏ ਕਾਰੀਗਰਾਂ ਦੇ ਅਜਿਹੇ ਹੱਥਕੰਡੇ ਆਪਣੇ ਆਪ ਵਿੱਚ ਜਿਉਂਦੇ ਰਹਿਣ ਦੀ ਕਹਾਣੀ ਬਿਆਨ ਕਰ ਰਹੇ ਹਨ।ਅਜਿਹੇ ਅਦਭੁਤ ਦਸਤਕਾਰੀ ਸੈਲਾਨੀਆਂ ਨੂੰ ਆਕਰਸ਼ਿਤ ਕਰ ਰਹੇ ਹਨ ਅਤੇ ਸੈਲਾਨੀ ਇਸ ਨੂੰ ਵੱਡੇ ਪੱਧਰ 'ਤੇ ਖਰੀਦ ਰਹੇ ਹਨ।

ਕੌਮਾਂਤਰੀ ਗੀਤਾ ਮਹੋਤਸਵ ਵਿੱਚ ਬ੍ਰਹਮਸਰੋਵਰ ਦੇ ਪਵਿੱਤਰ ਕਿਨਾਰੇ ਨੂੰ ਇਸ ਸਰਸ ਅਤੇ ਕਰਾਫਟ ਮੇਲੇ ਵਿੱਚ ਕਾਰੀਗਰਾਂ ਦੀ ਦਸਤਕਾਰੀ ਨਾਲ ਸਜਾਇਆ ਗਿਆ ਹੈ ਅਤੇ ਇਸ ਰੰਗੀਨ ਦਸਤਕਾਰੀ ਕਲਾ ਨੇ ਤਿਉਹਾਰ ਦਾ ਮੂਡ ਬਦਲਣ ਵਿੱਚ ਮਦਦ ਕੀਤੀ ਹੈ। ਜਿੱਥੇ ਇੱਕ ਪਾਸੇ ਦੂਜੇ ਰਾਜਾਂ ਤੋਂ ਆਏ ਕਲਾਕਾਰ ਆਪਣੇ-ਆਪਣੇ ਰਾਜਾਂ ਦੇ ਸੱਭਿਆਚਾਰ ਨੂੰ ਬੜੇ ਜੋਸ਼ ਨਾਲ ਪੇਸ਼ ਕਰਕੇ ਸੈਲਾਨੀਆਂ ਦਾ ਮਨ ਮੋਹ ਰਹੇ ਹਨ, ਉੱਥੇ ਹੀ ਅਜਿਹੇ ਅਦਭੁਤ ਸ਼ਿਲਪਕਾਰੀ ਮੇਲੇ ਵਿੱਚ ਰੰਗ ਭਰ ਰਹੇ ਹਨ। ਕਾਰੀਗਰਾਂ ਨੇ ਦੱਸਿਆ ਕਿ ਉਹ ਹਰ ਸਾਲ ਇਸ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਆਉਂਦੇ ਹਨ।ਇਸ ਵਾਰ ਵੀ ਉਹ ਆਪਣੇ ਨਾਲ ਸ਼ਾਨਦਾਰ ਅਤੇ ਦਿਲ ਨੂੰ ਖੁਸ਼ ਕਰਨ ਵਾਲੇ ਫੁੱਲਾਂ ਦੇ ਬੰਦਰਗਾਹ, ਜੱਗ, ਟੈਰਾਕੋਟਾ ਮਿੱਟੀ ਦੀਆਂ ਮੂਰਤੀਆਂ ਦੇ ਨਾਲ-ਨਾਲ ਹੋਰ ਘਰੇਲੂ ਸਜਾਵਟ ਦੀਆਂ ਚੀਜ਼ਾਂ ਲੈ ਕੇ ਆਇਆ ਹੈ।

ਉਨ੍ਹਾਂ ਦੱਸਿਆ ਕਿ ਉਹ ਟੈਰਾਕੋਟਾ ਮਿੱਟੀ ਤੋਂ ਇਹ ਵਸਤੂ ਬਣਾਉਂਦੇ ਹਨ ਅਤੇ ਇਹ ਮਿੱਟੀ ਮੇਵਾਤ ਅਤੇ ਨੂਹ ਤੋਂ ਲਿਆਂਦੀ ਜਾਂਦੀ ਹੈ ਅਤੇ ਇਸ ਮਿੱਟੀ ਨੂੰ ਪਹਿਲਾਂ ਛਾਨਿਆ ਜਾਂਦਾ ਹੈ ਅਤੇ ਫਿਰ ਇਸ ਨੂੰ ਚਾਕ 'ਤੇ ਰੋਲ ਕੀਤਾ ਜਾਂਦਾ ਹੈ ਅਤੇ ਆਪਣੀ ਅਦਭੁਤ ਦਸਤਕਾਰੀ ਕਲਾ ਨਾਲ ਨਵੀਆਂ ਅਤੇ ਸੁੰਦਰ ਮੂਰਤੀਆਂ ਬਣਾਈਆਂ ਜਾਂਦੀਆਂ ਹਨ ਆਪਣੇ ਆਪ ਜ਼ਿੰਦਾ ਹੋਣ ਦੀ ਕਹਾਣੀ ਦੱਸਦੇ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਮੂਰਤੀਆਂ ਨੂੰ ਚਾਕ 'ਤੇ ਟੈਰਾਕੋਟਾ ਬਣਾ ਕੇ ਪਕਾਇਆ ਜਾਂਦਾ ਹੈ, ਉਸ ਤੋਂ ਬਾਅਦ ਇਨ੍ਹਾਂ ਦੀ ਫਿਨਿਸ਼ਿੰਗ ਦਾ ਕੰਮ ਕੀਤਾ ਜਾਂਦਾ ਹੈ ਅਤੇ ਉਸ ਤੋਂ ਬਾਅਦ ਇਨ੍ਹਾਂ ਨੂੰ ਰੰਗ-ਬਿਰੰਗੇ ਰੰਗਾਂ ਨਾਲ ਸਜਾ ਕੇ ਸ਼ਾਨਦਾਰ ਦਿੱਖ ਦਿੱਤੀ ਜਾਂਦੀ ਹੈ।ਇਸ ਵਾਰ ਉਹ ਆਪਣੇ ਨਾਲ 50 ਤੋਂ 2,000 ਰੁਪਏ ਦੀ ਕੀਮਤ ਵਾਲੀਆਂ ਟੇਰਾਕੋਟਾ ਵਸਤੂਆਂ ਲੈ ਕੇ ਆਏ ਹਨ ਅਤੇ ਸੈਲਾਨੀ ਇਨ੍ਹਾਂ ਨੂੰ ਵੱਡੇ ਪੱਧਰ 'ਤੇ ਖਰੀਦ ਰਹੇ ਹਨ।

# ਹਾਫ਼ ਮੈਰਾਥਨ 'ਚ ਐੱਨ ਸੀ ਸੀ ਕੈਡਿਟਾਂ ਨੇ ਟ੍ਰੈਫ਼ਿਕ ਕੰਟਰੋਲ ਡਿਊਟੀ ਨਿਭਾਈ



**ਜਲੰਧਰ, ਦਸੰਬਰ (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਸ਼ਹਿਰ ਵਿੱਚ ਵਨ ਰੇਸ ਹਾਫ਼ ਮੈਰਾਥਨ ਦੌੜ ਦਾ ਆਯੋਜਨ ਹੋਇਆ। ਇਸ ਮੈਰਾਥਨ ਵਿੱਚ ਲਾਇਲਪੁਰ ਖ਼ਾਲਸਾ ਕਾਲਜ ਦੇ ਐਨ ਸੀ ਸੀ ਕੈਡਿਟਾਂ ਨੇ ਜਲੰਧਰ ਪੁਲਸ ਨਾਲ ਮਿਲਕੇ ਸ਼ਹਿਰ ਦੇ ਟ੍ਰੈਫ਼ਿਕ ਨੂੰ ਨਿਯੰਤਰਣ ਕਰਨ ਵਿਚ ਅਹਿਮ ਭੂਮਿਕਾ ਨਿਭਾਈ।ਆਰਮੀ ਵਿੰਗ ਦੇ 60 ਅਤੇ ਏਅਰ ਵਿੰਗ ਦੇ 21 ਕੈਡਿਟਾਂ ਨੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਤੋਂ ਸੀ ਟੀ ਕਾਲਜ, ਸ਼ਾਹਪੁਰ ਤੱਕ ਵੱਖ ਵੱਖ ਚੌਂਕਾ ਤੇ ਇਹ ਡਿਊਟੀ ਨਿਭਾਈ।ਲਾਇਲਪੁਰ ਖ਼ਾਲਸਾ ਕਾਲਜ ਦੇ ਕੈਡਿਟ 2 ਪੰਜਾਬ ਐਨ ਸੀ ਸੀ ਬਟਾਲੀਅਨ ਨਾਲ ਸਬੰਧਤ ਹਨ।ਬਟਾਲੀਅਨ ਕਮਾਂਡਰ ਕਰਨਲ ਵਿਨੋਦ ਜੋਸ਼ੀ ਨੇ ਕੈਡਿਟਾਂ ਦੀ ਹੌਸਲਾ ਅਫ਼ਜਾਈ ਕੀਤੀ।ਉਨ੍ਹਾਂ ਕਿਹਾ ਕਿ ਰੇਸ 6.30 ਵਜੇ ਸ਼ੁਰੂ ਹੋਈ ਪਰ ਕੈਡਿਟ ਪਹਿਲਾਂ ਤੋਂ ਨਿਸ਼ਚਿਤ ਕੀਤੇ ਗਏ ਚੌਂਕਾ ਵਿੱਚ 5.30 ਵਜੇ ਤਾਇਨਾਤ ਹੋ ਗਏ ਸਨ। ਟ੍ਰੈਫਿਕ ਇੰਚਾਰਜ ਰਣਜੀਤ ਸਿੰਘ ਨੇ ਕੈਡਿਟਾਂ ਨੂੰ ਉਨ੍ਹਾਂ ਦੀ ਡਿਊਟੀ ਸਮਝਾਈ ਅਤੇ ਸਾਰਿਆਂ ਨੇ ਉਸੇ ਅਨੁਸਾਰ ਰੇਸ ਦੇ ਖਤਮ ਹੋਣ ਤੱਕ ਨਿਭਾਇਆ।ਐਸੋਸੀਏਟ ਐਨ ਸੀ ਸੀ ਅਫ਼ਸਰ ਡਾ. (ਲੈਫ਼) ਕਰਨਬੀਰ ਸਿੰਘ ਵੀ ਕੈਡਿਟਾਂ ਦੇ ਨਾਲ ਸਨ।ਉਨ੍ਹਾਂ ਦੱਸਿਆ ਕਿ ਲਾਇਲਪੁਰ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀਆਂ ਹਦਾਇਤਾਂ ਮੁਤਾਬਿਕ ਸਾਰੇ ਕੈਡਿਟਾਂ ਨੇ ਇਸ ਰੇਸ ਵਿਚ ਟ੍ਰੈਫ਼ਿਕ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿਚ ਆਪਣਾ ਯੋਗਦਾਨ ਪਾਇਆ ਹੈ।ਉਨ੍ਹਾਂ ਕਿਹਾ ਜਲੰਧਰ ਵਿੱਚ ਵਨ ਰੇਸ ਮੈਰਾਥਨ 2022 ਵਿੱਚ ਸ਼ੁਰੂ ਹੋਈ ਸੀ ਅਤੇ ਸਾਡੇ ਕੈਡਿਟ ਹਰ ਸਾਲ ਇਸ ਵੱਡੇ ਮੁਕਾਬਲੇ ਵਿੱਚ ਟ੍ਰੈਫ਼ਿਕ ਵਿਵਸਥਾ ਨੂੰ ਕੰਟਰੋਲ ਕਰਨ ਵਿਚ ਪੁਲਸ ਪ੍ਰਸ਼ਾਸਨ ਦੀ ਮਦਦ ਕਰਦੇ ਆਏ ਹਨ।

# ਅਮਨ ਅਰੋੜਾ ਨੇ ਸ੍ਰੀ ਦੇਵੀ ਤਲਾਬ ਮੰਦਰ ਟੇਕਿਆ ਮੱਥਾ

**ਜਲੰਧਰ (ਸੁਰਿੰਦਰ ਕੁਮਾਰ)** ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰੀ ਅਮਨ ਅਰੋੜਾ ਵਲੋਂ ਸ੍ਰੀ ਦੇਵੀ ਤਲਾਬ ਮੰਦਰ ਮੱਥਾ ਟੇਕ ਕੇ ਮਾਂ ਭਗਵਤੀ ਦਾ ਅਸ਼ੀਰਵਾਦ ਲਿਆ ਗਿਆ। ਉਹ ਸ੍ਰੀ ਦੇਵੀ ਤਲਾਬ ਮੰਦਰ ਕੰਪਲੈਕਸ ਵਿਖੇ ਸਥਿਤੀ ਮਾਂ ਤਿਰਪੁਰਮਾਲਿਨੀ ਮੰਦਿਰ ਵਿੱਚ ਵੀ ਨਤਮਸਤਕ ਹੋਏ।ਉਨ੍ਹਾਂ ਦੱਸਿਆ ਕਿ ਇਸ ਪਵਿੱਤਰ ਅਸਥਾਨ 'ਤੇ ਆ ਕੇ ਉਨ੍ਹਾਂ ਨੂੰ ਹਮੇਸ਼ਾਂ ਹੀ ਸ਼ਾਂਤੀ ਅਤੇ ਖੁਸ਼ੀ ਮਿਲੀ ਹੈ।ਉਨ੍ਹਾਂ ਦੱਸਿਆ ਕਿ ਇਸ ਪਵਿੱਤਰ ਅਸਥਾਨ 'ਤੇ ਪਹੁੰਚ ਕੇ ਉਹ ਆਪਣੇ ਆਪ ਨੂੰ ਵੱਡਭਾਗਾ ਮਹਿਸੂਸ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਸਿੱਧ ਸ਼ਕਤੀਪੀਠ ਵਜੋਂ ਪ੍ਰਸਿੱਧ ਇਹ ਮੰਦਿਰ ਦੇਸ਼ ਦੇ ਲੱਖਾ ਸ਼ਰਧਾਲੂਆਂ ਲਈ ਸ਼ਰਧਾ ਦਾ ਕੇਂਦਰ ਹੈ। ਇਸ ਮੌਕੇ ਮੰਦਰ ਕਮੇਟੀ ਵਲੋਂ ਅਮਨ ਅਰੋੜਾ ਦਾ ਇਥੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਉਨ੍ਹਾਂ ਦੇ ਨਾਲ ਸੀਨੀਅਰ ਆਗੂ ਰਾਜਵਿੰਦਰ ਕੌਰ ਥਿਆੜਾ, ਦੀਪਕ ਬਾਲੀ, ਦਿਨੇਸ਼ ਢੱਲ ਅਤੇ ਪਵਨ ਕੁਮਾਰ ਟੀਨੂੰ ਵੀ ਮੌਜੂਦ ਸਨ।

# ਜ਼ਹਿਰੀਲੀ ਸ਼ਰਾਬ ਪੀਣ ਨਾਲ ਵਿਅਕਤੀ ਦੀ ਮੌਤ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਪੁਲਸ ਥਾਣਾ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਪਿੰਡ ਹਰੂਵਾਲ ਵਿਖੇ ਜ਼ਹਿਰੀਲੀ ਸ਼ਰਾਬ ਪੀਣ ਨਾਲ ਇੱਕ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦਿਆਂ ਹੋਇਆਂ ਮਿਰਤਕ ਵਿਅਕਤੀ ਦੇ ਭਰਾ ਜਗੀਰ ਸਿੰਘ ਪੁੱਤਰ ਹਰਬੰਸ ਸਿੰਘ ਤੇ ਕਸ਼ਮੀਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਹਰੂਵਾਲ ਨੇ ਦੱਸਿਆ ਕਿ ਉਸ ਦੇ ਭਰਾ ਰਣਧੀਰ ਸਿੰਘ (51) ਪੁੱਤਰ ਹਰਬੰਸ ਸਿੰਘ ਦੀ ਬੀਤੀ ਰਾਤ ਪਿੰਡ ਵਿੱਚ ਸ਼ਰੇਆਮ ਵਿਕ ਰਹੀ ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤ ਹੋ ਗਈ ਹੈ ਜਿਸ ਨਾਲ ਸਾਡੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ।ਇਸ ਮੌਕੇ ਪਿੰਡ ਦੇ ਮੋਹਤਬਰ ਵਿਅਕਤੀ ਹਰਦੇਵ ਸਿੰਘ, ਬਾਬਾ ਸੁਖਦੇਵ ਸਿੰਘ, ਤਰਸੇਮ ਸਿੰਘ, ਸਾਬਕਾ ਸਰਪੰਚ ਨਿਰਮਲ ਸਿੰਘ, ਪਰਮਿੰਦਰ ਸਿੰਘ, ਬਾਬਾ ਸਤਨਾਮ ਸਿੰਘ ਤੇ ਤਰਜਿੰਦਰ ਸਿੰਘ ਆਦਿ ਨੇ ਦੱਸਿਆ ਕਿ ਪਿੰਡ ਹਰੂਵਾਲ ਵਿੱਚ ਸ਼ਰਾਬ ਨਾਲ ਹੋਣ ਵਾਲੀ ਇਹ ਕੋਈ ਪਹਿਲੀ ਮੌਤ ਨਹੀਂ ਹੈ। ਉਹਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਹੁਣ ਤੱਕ ਅਨੇਕਾਂ ਮੌਤਾਂ ਨਜਾਇਜ਼ ਤੇ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋ ਚੁੱਕੀਆਂ ਹਨ ਪਰ ਇਹ ਨਜਾਇਜ਼ ਸ਼ਰਾਬ ਦਾ ਧੰਦਾ ਉਵੇਂ ਦਾ ਉਵੇਂ ਹੀ ਸ਼ਰੇਆਮ ਚੱਲ ਰਿਹਾ ਹੈ।ਉਹਨਾਂ ਪੰਜਾਬ ਸਰਕਾਰ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਤੇ ਪੁਲਸ ਦੇ ਉਚ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਪਿੰਡ ਹਰੂਵਾਲ ਵਿੱਚ ਚੱਲ ਰਹੇ ਇਸ ਨਜਾਇਜ਼ ਸ਼ਰਾਬ ਦੇ ਧੰਦੇ ਨੂੰ ਤੁਰੰਤ ਬੰਦ ਕਰਵਾਇਆ ਜਾਵੇ ਤੇ ਜ਼ਹਿਰੀਲੀ ਸ਼ਰਾਬ ਬਣਾ ਕੇ ਵੇਚਣ ਵਾਲਿਆਂ ਖਿਲਾਫ ਸਖਤ ਤੋਂ ਸਖਤ ਧਰਾਵਾਂ ਲਾ ਕੇ ਪਰਚੇ ਦਰਜ ਕੀਤੇ ਜਾਣ ਤਾਂ ਕਿ ਅੱਗੇ ਤੋਂ ਹੋਰ ਲੋਕਾਂ ਦੀਆਂ ਮੌਤਾਂ ਹੋਣ ਦਾ ਬਚਾ ਹੋ ਸਕੇ।ਇਸ ਸਬੰਧੀ ਜਦ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਡੀਐੱਸਪੀ ਸਰਦਾਰ ਜੋਗਾ ਸਿੰਘ ਦਾ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਸ਼ਰਾਬ ਨਾਲ ਇਹ ਮੌਤ ਹੋਣ ਸਬੰਧੀ ਉਹਨਾਂ ਨੂੰ ਕੋਈ ਲਿਖਤੀ ਦਰਖਾਸਤ ਨਹੀਂ ਆਈ।ਉਹਨਾਂ ਕਿਹਾ ਕਿ ਫਿਰ ਵੀ ਪਿੰਡ ਦੇ ਲੋਕਾਂ ਤੋਂ ਤਫਤੀਸ਼ ਕਰਕੇ ਨਜਾਇਜ਼ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਲੋਕਾਂ ਖਿਲਾਫ ਪਰਚੇ ਦਰਜ ਕਰਕੇ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ 'ਚ ਕ੍ਰਾਂਤੀਕਾਰੀ ਤਬਦੀਲੀ ਨੂੰ ਬਣਾਇਆ ਯਕੀਨੀ : ਅਮਨ ਅਰੋੜਾ

**ਜਲੰਧਰ, (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ 'ਚ ਪੁਹੰਚੇ ਪੰਜਾਬ ਦੇ ਕੈਬਿਨਟ ਮੰਤਰੀ ਨੇ ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰੀ ਅਮਨ ਅਰੋੜਾ ਵਲੋਂ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਲਈ ਸਿੱਖਿਆ ਨੂੰ ਅਹਿਮ ਦੱਸਿਆ ਗਿਆ ਹੈ। ਸਵਾਮੀ ਮੋਹਨ ਦਾਸ ਮਾਡਲ ਸਕੂਲ ਦੇ 22ਵੇਂ ਸਾਲਾਨਾ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਸਮਾਜ ਵਿੱਚ ਸਮਾਜਿਕ ਤੇ ਆਰਥਿਕ ਤਬਦੀਲੀ ਲਿਆਉਣ ਲਈ ਆਪਣੀ ਜ਼ਿੰਦਗੀ ਵਿੱਚ ਸਿੱਖਿਆ ਨੂੰ ਹਾਸਲ ਕਰਨ। ਉਨ੍ਹਾਂ ਸਵਾਮੀ ਮੋਹਨ ਦਾਸ ਮਾਡਲ ਸਕੂਲ ਵਲੋਂ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਮੁਹੱਈਆ ਕਰਵਾਉਣ ਤੋਂ ਇਲਾਵਾ ਭਾਰਤੀ ਕਦਰਾਂ-ਕੀਮਤਾਂ ਦੇ ਧਾਰਨੀ ਬਣਾਉਣ ਲਈ ਭਰਪੂਰ ਸ਼ਲਾਘਾ ਕੀਤੀ ਗਈ।ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਵਿਦਿਆਰਥੀਆਂ ਨੂੰ ਕਦਰਾਂ-ਕੀਮਤਾਂ ਸਿਖਾ ਕੇ ਜ਼ਿੰਮੇਵਾਰ ਨਾਗਰਿਕ ਬਣਾਉਣ ਤੋਂ ਇਲਾਵਾ ਸਵਾਮੀ ਮੋਹਨ ਦਾਸ ਜੀ ਦੇ ਅਸ਼ੀਰਵਾਦ ਅਤੇ ਗੁਰੂ ਮਾਂ ਸੋਮਾ ਦੇਵੀ ਜੀ ਦੀ ਅਗਵਾਈ ਵਿੱਚ ਸਿੱਖਿਆ ਦੇ ਖੇਤਰ ਵਿੱਚ ਲਾਮਿਸਾਲ ਭੂਮਿਕਾ ਨਿਭਾਈ ਜਾ ਰਹੀ ਹੈ।ਸੀਨੀਅਰ ਆਪ ਆਗੂ ਦੀਪਕ ਬਾਲੀ, ਰਾਜਵਿੰਦਰ ਕੌਰ ਥਿਆੜਾ ਅਤੇ ਪਵਨ ਕੁਮਾਰ ਟੀਨੂੰ ਦੇ ਨਾਲ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸਿੱਖਿਆ ਵਿਅਕਤੀ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਹਰ ਖੇਤਰ ਵਿੱਚ ਨਵੇਂ ਰਾਹ ਖੋਲ੍ਹਦੀ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪਹਿਲਾਂ ਹੀ ਸਿੱਖਿਆ ਅਤੇ ਸਿਹਤ ਦੇ ਖੇਤਰ ਕ੍ਰਾਂਤੀਕਾਰੀ ਤਬਦੀਲੀਆ ਲਿਆ ਕੇ ਇਸ ਨੂੰ ਪਹਿਲ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਖੇਤਰ ਵਿੱਚ ਪੰਜਾਬ ਸਰਕਾਰ ਵਲੋਂ ਉਠਾਏ ਅਹਿਮ ਕਦਮ ਜਿਵੇਂ ਸਕੂਲ ਆਫ਼ ਐਮੀਨੈਂਸ ਖੋਲ੍ਹਣਾ, ਸਮਾਰਟ ਸਕੂਲ, ਅਧਿਆਪਕਾਂ ਦੀ ਵਿਦੇਸ਼ਾਂ ਵਿੱਚ ਸਿਖਲਾਈ ਆਦਿ ਨਾਲ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣ ਨਾਲ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ।ਉਨ੍ਹਾਂ ਦੱਸਿਆ ਕਿ ਤਿੰਨ ਸੁਨਹਿਰੀ ਸਿਧਾਂਤ ਜਿਵੇਂ ਕਿ ਸਖ਼ਤ ਮਿਹਨ, ਲਗਨ ਅਤੇ ਸਮਰਪਣ ਦੀ ਭਾਵਨਾ ਵਿਦਿਆਰਥੀਆਂ ਦੀ ਕਾਮਯਾਬੀ ਨੂੰ ਯਕੀਨੀ ਬਣਾਉਣ ਲਈ ਅਹਿਮ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਸਫ਼ਲ ਹੋਣ ਲਈ ਇਨ੍ਹਾਂ ਤਿੰਨੋਂ ਸਿਧਾਂਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।ਇਸ ਤੋਂ ਪਹਿਲਾਂ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਲਵਲਿੰਦਰ ਵਰਮਾ, ਸਕੱਤਰ ਸੁਨੀਤਾ ਸ਼ਰਮਾ, ਵਾਈਸ ਪ੍ਰੈਜੀਡੈਂਟ ਹਰਨੇਕ ਢਿਲੋਂ ਅਤੇ ਪ੍ਰਿੰਸੀਪਲ ਜਤਿੰਦਰ ਕੌਰ ਵਲੋਂ ਕੈਬਨਿਟ ਮੰਤਰੀ ਦਾ ਸਲਾਨਾ ਸਮਾਗਮ ਵਿੱਚ ਸ਼ਾਮਿਲ ਹੋਣ 'ਤੇ ਨਿੱਘਾ ਸਵਾਗਤ ਕੀਤਾ ਗਿਆ।

# ਇਨਕਲਾਬੀ ਆਗੂ ਕੁਲਦੀਪ ਸਿੰਘ ਛੀਨਾ ਤੇ ਸਾਥੀ ਬਾਲ ਕ੍ਰਿਸ਼ਨ ਪੁਰੀ ਦੀ ਯਾਦ 'ਚ ਸਿਆਸੀ ਕਾਨਫਰੰਸ




**ਧਾਰੀਵਾਲ , (ਮਨਦੀਪ ਸਿੰਘ ਵਿੱਕੀ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਉਘੇ ਸਮਾਜ ਸੇਵੀ ਤੇ ਇਨਕਲਾਬੀ ਆਗੂ ਸਾਥੀ ਕੁਲਦੀਪ ਸਿੰਘ ਛੀਨਾ ਅਤੇ ਸਾਥੀ ਬਾਲ ਕ੍ਰਿਸ਼ਨ ਪੁਰੀ ਦੀ ਯਾਦ ਵਿੱਚ ਲੋਕ ਮੁੱਦਿਆਂ ਤੇ ਕੇਂਦਰਿਤ ਯੂਨੀਵਰਸਲ ਆਈਟੀਆਈ ਕਾਲਜ ਪਿੰਡ ਲੇਹਲ (ਧਾਰੀਵਾਲ) ਵਿਖੇ ਵਿਸ਼ਾਲ ਰਾਜਨੀਤਕ ਕਾਨਫਰੰਸ ਕਰਕੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਪ੍ਰਣ ਕੀਤਾ।ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਆਰਐੱਮਪੀਆਈ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਘਬੀਰ ਸਿੰਘ ਪਕੀਵਾਂ ਨੇ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਜਿੱਥੇ ਦੇਸ਼ ਭਰ ਵਿੱਚ ਘੱਟ ਗਿਣਤੀਆਂ ਅਤੇ ਦਲਿਤਾਂ ਉਤੇ ਆਪਣੀ ਮੰਨੂਵਾਦੀ ਵਿਚਾਰਾਧਾਰਾ 'ਤੇ ਚਲਦਿਆਂ ਜਬਰ ਢਾਹ ਰਹੀ ਹੈ, ਉਥੇ ਪੰਜਾਬ ਨਾਲ ਵਿਸ਼ੇਸ਼ ਵਿਤਕਰਾ ਅਤੇ ਅਨਿਆਂ ਕਰਕੇ ਪੰਜਾਬ ਵਿਰੋਧੀ ਸਾਜ਼ਿਸ਼ਾਂ ਕਰ ਰਹੀ ਹੈ। ਉਹਨਾਂ ਕਿਹਾ ਕਿ ਆਰਐੱਸਐੱਸ ਦੀ ਮੰਨੂਵਾਦੀ ਵਿਚਾਰਧਾਰਾ ਗੁਰੂਆਂ ਦੇ ਸਾਂਝੀਵਾਲਤਾ, ਜਾਤ-ਪਾਤ ਦੇ ਖਾਤਮੇ ਅਤੇ ਹਰ ਕਿਸਮ ਦੀ ਬਰਾਬਰਤਾ ਵਾਲੇ ਫਲਸਫੇ ਦੇ ਘੋਰ ਵਿਰੋਧੀ ਹੈ।ਪੰਜਾਬ ਦੀ ਮਾਨ ਸਰਕਾਰ ਵੀ ਝੂਠ ਬੋਲਣ, ਲੋਕਾਂ ਨੂੰ ਠੱਗਣ, ਗੁਮਰਾਹ ਕਰਨ ਵਿਚ ਮੋਦੀ ਸਰਕਾਰ ਨਾਲੋਂ ਘੱਟ ਨਹੀਂ ਹੈ।ਉਘੇ ਅਰਥਸ਼ਾਸਤਰੀ/ ਆਰਥਿਕ ਮਾਹਿਰ ਡਾ. ਸਰਬਜੀਤ ਸਿੰਘ ਛੀਨਾ ਨੇ ਦੱਸਿਆ ਕਿ ਮੋਦੀ ਸਰਕਾਰ ਵੱਲੋਂ ਲਾਗੂ ਕੀਤੀਆਂ ਨਵੀਂਆਂ ਆਰਥਿਕ ਤੇ ਸਨਅਤੀ ਨੀਤੀਆਂ ਕਰਕੇ ਦੇਸ਼ ਅੰਦਰ ਖੇਤੀ ਤੇ ਲਘੂ ਉਦਯੋਗ ਤਬਾਹ ਹੋ ਰਿਹਾ, ਬੇਰੁਜ਼ਗਾਰੀ, ਭੁੱਖਮਰੀ ਤੇ ਭਰਿਸ਼ਟਾਚਾਰ ਵਿੱਚ ਵਾਧਾ ਹੋ ਰਿਹਾ ਹੈ।ਕਾਮਰੇਡ ਸ਼ਿਵ ਕੁਮਾਰ, ਧਿਆਨ ਸਿੰਘ ਠਾਕੁਰ, ਮੱਖਣ ਕੁਹਾੜ, ਅਜੀਤ ਸਿੰਘ ਠੱਕਰਸੰਧੂ, ਸੰਤੋਖ ਸਿੰਘ ਔਲਖ, ਗੁਰਦਿਆਲ ਸਿੰਘ ਸੋਹਲ ਅਤੇ ਹਰਜੀਤ ਸਿੰਘ ਕਾਹਲੋਂ ਨੇ ਲੋਕ ਮੁੱਦਿਆਂ ਨੂੰ ਉਭਾਰਦੇ ਹੋਏ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੇ ਲੋਕ ਵਿਰੋਧੀ ਫੈਸਲਿਆਂ ਕਰਕੇ ਮਹਿੰਗਾਈ, ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਵਧਿਆ ਹੈ। ਕਾਨੂੰਨ ਵਿਵਸਥਾ ਪੂਰੀ ਤਰ ਾਂ ਫੇਲ ਹੋ ਰਹੀ ਹੈ, ਮਜ਼ਦੂਰਾਂ ਨੂੰ ਕੰਮ ਨਾ ਮਿਲਣ ਕਰਕੇ ਉਹਨਾਂ ਸਾਹਮਣੇ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨਾ ਵੀ ਮੁਸ਼ਕਲ ਹੋ ਗਿਆ ਹੈ।ਆਗੂਆਂ ਕਿਹਾ ਕਿ ਕਾਰਪੋਰੇਟ ਪੱਖੀ ਨੀਤੀਆਂ ਆਉਣ ਕਰਕੇ ਕਿਸਾਨੀ ਸੰਕਟ ਲਗਾਤਾਰ ਵੱਧ ਰਿਹਾ ਹੈ, ਨਵੀਂ ਪੈਨਸ਼ਨ ਸਕੀਮ ਅਤੇ ਠੇਕੇ ਤੇ ਹੋ ਰਹੀ ਭਰਤੀ ਨੇ ਮੁਲਾਜ਼ਮਾਂ ਦਾ ਭਵਿੱਖ ਧੁੰਦਲਾ ਕਰ ਦਿੱਤਾ ਹੈ, ਸਿੱਖਿਆ ਤੇ ਸਿਹਤ ਸਹੂਲਤਾਂ ਮੁਹੱਈਆ ਕਰਨ ਤੋਂ ਸਰਕਾਰਾਂ ਨੇ ਪਾਸਾ ਵੱਟ ਲਿਆ ਹੈ, ਔਰਤਾਂ, ਦਲਿਤਾਂ ਤੇ ਘੱਟ ਗਿਣਤੀ ਭਾਈਚਾਰਿਆਂ ਉਤੇ ਲਗਾਤਾਰ ਹੋ ਰਹੇ ਹਮਲਿਆਂ ਖਿਲਾਫ ਆਵਾਜ਼ ਬੁਲੰਦ ਕਰਨ ਦਾ ਵੀ ਸੱਦਾ ਦਿੱਤਾ।ਕਾਨਫਰੰਸ ਦੀ ਪ੍ਰਧਾਨਗੀ ਕਾਮਰੇਡ ਪਿਆਰਾ ਸਿੰਘ ਡੱਡਵਾਂ, ਹਰਜੀਤ ਸਿੰਘ ਕਾਹਲੋਂ, ਰਾਧਾ ਕ੍ਰਿਸ਼ਨ ਪੁਰੀ, ਸੁਖਰਾਜ ਸਿੰਘ ਛੀਨਾ ਨੇ ਕੀਤੀ।ਉਪਰੋਕਤ ਤੋਂ ਇਲਾਵਾ ਸ਼ਮਸ਼ੇਰ ਸਿੰਘ ਨਵਾਂ ਪਿੰਡ, ਅਜੀਤ ਸਿੰਘ ਹੁੰਦਲ, ਜਗੀਰ ਸਿੰਘ ਸਲਾਚ, ਜਸਵੰਤ ਸਿੰਘ ਬੁੱਟਰ, ਜਗੀਰ ਸਿੰਘ ਬਟਾਲਾ, ਗਿਆਨੀ ਪ੍ਰਕਾਸ਼ ਚੰਦ, ਸ਼ਮਸ਼ੇਰ ਸਿੰਘ, ਜੋਗਿੰਦਰ ਸਿੰਘ ਲੇਹਲ, ਬਲਬੀਰ ਸਿੰਘ ਮਾੜੇ, ਰਘਬੀਰ ਸਿੰਘ ਚਾਹਲ, ਕਪੂਰ ਸਿੰਘ ਘੁੰਮਣ, ਅਮਰਜੀਤ ਸਿੰਘ ਸੈਣੀ ਆਦਿ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।


## COURT NOTICE

In The Court of
**Ms. Ramandeep Kaur**
Judicial Magistrate First Class-10, Jalandhar

COMA/275/2023
CNR No. : PBJL03-007748-2023
Next Date : 03.01.2025

Dimple
Vs
Amandeep Singh

Publication Issued To : Respondent No. 1, 4 and 5

1. Amandeep Singh Kareer S/o Chanchal Singh Kareer, present residing in Brazil (Whatsapp No. 98033-15922)

Complete Address to be Disclosed by the respondent No. 02 and 3.

4. Prince S/o Chanchal Singh Kareer, 5. Gurleen Kaur @ Kajal Wf/o Prince (Mob. No. 98767-96527) All R/o Chanchakl Singh Tyrewala Near Civil Hospital Dhotiwal Sheller Makhu Distt. Ferozepur.

In above titled case, the accused could not be served. It is ordered that accused should appear in person or through counsel on 03.01.2025 at 10:00 A.M.

For details logon to https://highcourtchd.gov.in/?trs=district_notice&district=Jalandhar

Judicial Magistrate First Class-10, Jalandhar
Dated this day of 28/11/2024

## CRIMINAL COURTS JALANDHAR

In The Court of Ms. Renuka Kalra Judicial Magistrate First Class-18, Jalandhar

Next Date, Purpose of case, Orders and Judgments as well as other case information is available on http://ecourts.gov.in

NACT/3664/2023
Police Station/FIR No. Division6/ PBJL03-019028-2023
Next Date : 08.01.2025
(Act _ISECTIONS) of Negotiable Instruments Act
Purpose : (CASE_Date_Purpose)
Amrit Malwa Capital Ltd. Vs Sunil

Proclamation Requiring the Appearance of a Person Accused

Publication Issued To :
Sunil S/o Mohinder Singh, Resident of 417, Mauli Jagran Chandigarh-160102

Whereas Complaint/Case has been made before me that R/O has committed (or is suspected to have committed) The offence punishable Under Section 138 of Negotiable instruments Act and It has been returned to a warrant of arrest thereupon issued that the said cannot be found, and whereas it has been shown to my satisfaction that the said has absconded (or is concealing himself/herself to avoid the service of the said warrant); Proclamation is hereby made that the said is required to appear before this court (or before me) on 08-01-2025 to answer the said complaint/case.

Judicial Magistrate First Class-18, Jalandhar
Dated, this day of 29-11-2024.

# ਕਲਾਸੀਫਾਈਡ ਇਸ਼ਤਿਹਾਰ

## Change of Name

I, hitherto Known as ANJALI KUMARI D/o DINESH KUMAR R/o Vill. Loharan Charkey P.O. Bhogpur, Distt. Jalandhar , (Pb.) India have Changed my name and shall hereafter be known as Jasmeet Kaur.

I Sharmila Thaikyal W/o Harish Chander R/o House No. NN-411 Gopal Nagar Jalandhar Declare That I have changed my name from Sharmila Thaikyal To Sharmila ( after marriage )

I, Bhupinder Kumara Arora S/O Om Parkash, R/o Patti Malo Virk, Birk Jalandhar, Punjab- 144632, have changed my name and shall hereafter be Known as Bhupinder Kumar.

I, Faqir Chand alias F C Madan S/O Hukam Chand Madan, R/o House No-67, Sector- 4, Urban Estate, Gurgaon, Haryana- 122001, have changed my name and shall hereafter be Known as Faqir Chand Madan.

I, Shakti Kumar Pandey S/O Ashok Kumar Pandey, R/o C1, 1401, Shree Vardhman Flora, Gurugram, Sector 90, Hatyatpur (114), Gurgaon, Haryana- 122505. Declare that Name of Mine and My Father has been wrongly written as Shakti Kr Pandey and Sh A K Pandey in my Driving Licence.The actual name of Mine and My Father are Shakti Kumar Pandey and Ashok Kumar Pandey, which may be amended accordingly.

I, Eva D/O Krishan Kumar, R/o VTC: Bhariwass (28), Dadri, Bhiwani, Haryana- 127043. have changed my name and shall hereafter be Known as Eva Pilania.

I, hitherto known as Kunti Devi W/o Muni Lal R/o Rama Mandi, Dada Quarter, Jalandhar, Punjab-144005, India have changed my name and shall hereafter be known as Dukhni Devi.

I, Prabhjot Kaur D/O Balwinder Singh R/O H. No. 2051, Moh. Baagwala, Tehsil Shahkot, Distt. Jalandhar-144702, have changed my name to Kaur Prabhjot i.e. Kaur Considers as Surname and Prabhjot considers as Given Name. Note Please.

I, Manjit Kaur W/O Balwinder Singh R/O H. No. 2051, Moh. Baagwala, Tehsil Shahkot, Distt. Jalandhar-144702, have changed my name to Kaur Manjit i.e. Kaur Considers as Surname and Manjit considers as Given Name. Note Please.

## Change of Name

I, Gurleen Kaur W/O Ajayvir Singh Thind R/O H.No. 2003, Urban Estate, Phase- 2, Jalandhar-144022, Punjab have changed my name from Gurleen Kaur to Gurleen Kaur Thind. All note.

I, Jaswinder Kaur W/o Paramjit Singh R/o Vill. Golra, PO. Mukerian Distt Hoshiarpur Punjab-144211 have changed my name to Given name as Jaswinder Surname as Kaur.

I, Tavsam Kaur w/o Balwant Singh r/o H.No. E.G. 905, Gobind Garh, Jalandhar, Punjab-144001 have changed my name to Tarsem Kaur. All Please Note.

I, Enayat d/o Pawandeep Singh Sidana r/o Flat No. 101, Block-I, 66 Ft. Road, Pholriwal, Jalandhar, Punjab have changed my name from Enayat to Enayat Kaur Sidana. All Please Note.

I, Harpreet Singh Hora S/o Kulwant Singh Hora R/o H.No.314, Block-C, Bhai Randhir Singh Nagar, Distt. Ludhiana, Punjab- 141012 have changed my minor son name from Veeraj Singh to Veeraj Singh Hora. All Please Note.

I, Gurcharan Singh S/o Pritam Singh R/o H.No.159, Ranjit Nagar, Jalandhar, Punjab have added my surname as Gurcharan Singh Saini (Surname as Saini). All Please Note.

I, Parvinder Singh S/o Gurcharan Singh R/o H.No.159, Ranjit Nagar, Jalandhar, Punjab have added my surname as Parvinder Singh Saini (Surname as Saini). All Please Note.

I, Kuldip Kaur W/o Gurcharan Singh R/o H.No.159, Ranjit Nagar, Jalandhar, Punjab have added my surname as Kuldip Kaur Saini (Surname as Saini). All Please Note.

I Manjit Singh S/o Dharam Singh R/o H.No. 6044, Bhutan PURA, Majitha Road, Amritsar -143001 Punjab, have changed my name from Manjit Singh to Manjeet Singh.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬੇਦਖਲੀ ਨੋਟਿਸ

ਮੈਂ ਬਲਬੀਰ ਸਿੰਘ ਪੁੱਤਰ ਸਰੂਪ ਸਿੰਘ ਵਾਸੀ ਪਿੰਡ ਭੂੰਬਲੀ (ਗੁਰਦਾਸਪੁਰ) ਆਪਣੇ ਲੜਕੇ ਗਗਨਜੋਤ ਸਿੰਘ ਅਤੇ ਆਪਣੀ ਪਤਨੀ ਪਰਮਜੀਤ ਕੌਰ ਨੂੰ ਆਪਣੇ ਕਹਿਣੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਨ੍ਹਾਂ ਵੱਲੋਂ ਕੀਤੇ ਕੰਮਾਂ ਜਾਂ ਇਨ੍ਹਾਂ ਦੇ ਲੈਣ-ਦੇਣ ਦਾ ਮੈਂ ਜਿੰਮੇਵਾਰ ਨਹੀਂ ਹੋਵਾਂਗਾ ।

## ਨਾਂਅ ਦੀ ਬਦਲੀ

ਮੈਂ ਸੁਨੀਲ ਕੁਮਾਰ ਪੁੱਤਰ ਸ਼੍ਰੀ ਮਨੋਹਰ ਲਾਲ ਵਾਸੀ ਭੋਗਪੁਰ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ ਪਹਿਲਾ ਮੇਰਾ ਨਾਮ ਸੁਨੀਲ ਕੁਮਾਰ ਸੀ ਪਰ ਹੁਣ ਮੈਂ ਬਦਲ ਕੇ ਕ੍ਰਿਸ਼ਨ ਗੋਪਾਲ ਰੱਖ ਲਿਆ ਹੈ ਸਬੰਧਤ ਨੋਟ ਕਰਨਾ।

ਮੈਂ, ਨਵਜੋਤ ਸਿੰਘ S/O ਸੁਖਰਾਜ ਸਿੰਘ ਵਾਸੀ ਦਿਆਲਪੁਰਾ ਜ਼ਿਲਾ ਤਰਨ ਤਾਰਨ ਦਾ ਹਾਂ । ਮੈਂ 10+2, ਰੋਲ ਨੰਬਰ 2016097704 ਤਹਿਤ ਕੀਤੀ ਹੈ । ਮੈਂ ਆਪਣੀ ਦਸਵੀਂ ਅਤੇ ਬਾਰ੍ਹਵੀਂ ਦੇ ਸਰਟੀਫਿਕੇਟ ਵਿੱਚ ਆਪਣਾ ਨਾਮ NAVJOT SINGH HEIR, ਆਪਣੀ ਮਾਤਾ ਦਾ ਨਾਮ SHARANJEET KAUR HEIR ਅਤੇ ਪਿਤਾ ਦਾ ਨਾਮ SUKHRAJ SINGH HEIR ਕਰਵਾਉਣਾ ਚਾਹੁੰਦਾ ਹਾਂ ।

ਮੈਂ ਰਾਮਪਾਲ ਪੁੱਤਰ ਹਰੀ ਰਾਮ ਵਾਸੀ ਚੰਦੇਲੀ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਮ ਬਦਲ ਕੇ ਰਾਮ ਪਾਲ ਭੂਪਾਲ ਰੱਖ ਲਿਆ ਹੈ ।

## PUBLIC NOTICE

I Rajwinder Kaur Bagri W/o Sukhwinder Singh Mann resident of 665 GREENHILL AVE HAMILTON ONT L8K 6 E2, TORONTO NOW AT R/o Village Jamsher Khas, Patti Manna Ki, Jalandhar declare that That I have changed my name from RAJWINDER KAUR BAGRI To RAJWINDER KAUR MANN.

## ਗੁੰਮਸ਼ੁਦਾ ਦੀ ਭਾਲ

ਸੂਚਿਤ ਕਰਦਾ ਹਾਂ ਕਿ ਮੈਂ ਸੁਸ਼ੀਲ ਕੁਮਾਰ ਪੁੱਤਰ ਜੋਗਿੰਦਰ ਪਾਲ ਵਾਸੀ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ ਮੇਰੇ ਪਾਸ ਇਕ ਸਾਢੇ ਪੰਜ ਮਰਲੇ ਦੀ ਜ਼ਮੀਨ ਦੀ ਰਜਿਸਟਰੀ ਹੱਦ ਬਸਤ ਨੰਬਰ 301, ਰਜਿਸਟਰੀ ਨੰਬਰੀ 145/1/2939 ਸਾਲ 2019/2020 ਮਿਤੀ 28.01.2020, ਜੋ ਸ਼ਿਵਰਾਜ ਸਿੰਘ ਪੁੱਤਰ ਗੁਰਚੈਨ ਸਿੰਘ ਪੁੱਤਰ ਆਤਮਾ ਸਿੰਘ, ਵਾਸੀ ਪਿੰਡ ਭੀਲੋਵਾਲ, ਤਹਿ./ਜ਼ਿਲ੍ਹਾ ਅੰਮ੍ਰਿਤਸਰ ਪਾਸੋਂ ਖਰੀਦ ਕੀਤੀ ਸੀ। ਜੋ ਉਕਤ ਰਕਬੇ ਦੀ ਰਜਿਸਟਰੀ ਪੁਰਾਣਾ ਬੱਸ ਸਟੈਂਡ ਗੁਰਦਾਸਪੁਰ ਦੇ ਪਿੱਛੇ ਡਿੱਗ ਕੇ ਗੁੰਮ ਹੋ ਗਈ, ਜਿਸ ਦੀ ਕਾਫੀ ਭਾਲ ਕੀਤੀ, ਪਰ ਨਹੀਂ ਮਿਲੀ। ਜਿਸ ਦਾ ਰੋਜ਼ਨਾਮਚਾ ਨੰ. 022, ਰੋਜ਼ਨਾਮਚਾ ਮਿਤੀ 30.11.2024, ਜੇਕਰ ਕਿਸੇ ਨੂੰ ਮਿਲੇ ਤਾਂ ਹੇਠ ਲਿਖੇ ਪਤੇ 'ਤੇ ਸੰਪਰਕ ਕਰੇ। ਸੁਸ਼ੀਲ ਕੁਮਾਰ ਪੁੱਤਰ ਜੋਗਿੰਦਰ ਪਾਲ ਵਾਸੀ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੋਬ. ਨੰ:- 78376-32992

## ਅੱਖਾਂ ਦਾ ਰੀਚਾਰਜ ਚੈੱਕਅਪ ਕੈਂਪ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਭਾਰਤ ਵਿਕਾਸ ਪ੍ਰੀਸ਼ਦ ਬਾਘਾ ਪੁਰਾਣਾ ਵੱਲੋਂ 29 ਨਵੰਬਰ ਨੂੰ ਗੁਰਦੁਆਰਾ ਬਾਬਾ ਨਾਮਦੇਵ ਭਵਨ ਵਿਖੇ ਰੀਚਾਰਜ ਅੱਖਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ, ਜਿੱਥੇ ਕਿ ਸ਼ੰਕਰਾ ਆਈ ਹਸਪਤਾਲ ਦੇ ਡਾ. ਮੈਡਮ ਕੰਚਨ ਮੰਡਲ, ਡਾ. ਐੱਮ ਸੀ ਬੁਰੀਆ ਵੱਲੋਂ ਅੱਖਾਂ ਨੂੰ ਚੈੱਕ ਕੀਤਾ ਗਿਆ।ਇਸ ਮੌਕੇ ਚੇਅਰਮੈਨ ਸ਼ਸ਼ੀ ਗਰਗ, ਪ੍ਰਧਾਨ ਭੂਸ਼ਨ ਗੋਇਲ, ਕੇਵਲ ਕ੍ਰਿਸ਼ਨ ਬਾਂਸਲ, ਜੋਜੋ ਬਾਂਸਲ, ਪ੍ਰੇਮ ਪਾਲ ਗਰਗ, ਪਰਮਜੀਤ ਸਿੰਘ ਰੌਖਰਾ, ਦਵਿੰਦਰ ਬਾਂਸਲ, ਰਮਨ ਅਗਰਵਾਲ, ਹਰਪ੍ਰੀਤ ਸਿੰਘ ਘੁੱਟੂ, ਸਜੀਵ ਮਿੱਤਲ, ਅਜੇ ਗੁੰਬਰ ਤੇ ਹੋਰ ਹਾਜ਼ਰ ਸਨ।

## ਪੱਤਰਕਾਰ ਦਲਜਿੰਦਰ ਸਿੰਘ ਪੱਪੀ ਨੂੰ ਸਦਮਾ, ਮਾਤਾ ਦਾ ਦੇਹਾਂਤ



**ਸਮਾਣਾ (ਇਕਬਾਲ ਸਿੰਘ ਬੱਲ)**-ਸਮਾਣਾ ਤੋਂ ਸੀਨੀਅਰ ਪੱਤਰਕਾਰ ਦਲਜਿੰਦਰ ਸਿੰਘ ਪੱਪੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਪ੍ਰੀਤਮ ਕੌਰ (ਧਰਮਪਤਨੀ ਸ੍ਰ. ਕਮਾਲ ਸਿੰਘ) ਇਸ ਸੰਸਾਰ ਨੂੰ ਅਲਵਿਦਾ ਕਹਿ ਉਸ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ।ਇਸ ਦੁੱਖ ਦੀ ਘੜੀ ਵਿੱਚ ਸਾਬਕਾ ਮੰਤਰੀ ਤੇ ਹਲਕਾ ਸਮਾਣਾ ਵਿਧਾਇਕ ਸ੍ਰ. ਚੇਤਨ ਸਿੰਘ ਜੌੜਾਮਾਜਰਾ, ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਵਿਧਾਇਕ ਰਜਿੰਦਰ ਸਿੰਘ, ਸੁਰਜੀਤ ਸਿੰਘ ਅਬਲੋਵਾਲ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਹਰਜਿੰਦਰ ਸਿੰਘ ਮਿੱਟੂ ਜੌੜਾਮਾਜਰਾ, ਅਮਿਤ ਸਿੰਗਲਾ ਜ਼ਿਲ੍ਹਾ ਰੋਟਰੀ ਗਵਰਨਰ, ਅਸ਼ੋਕ ਮੋਦਗਿਲ, ਮਨਜਿੰਦਰ ਸਿੰਘ ਰਾਣਾ ਬੱਬੀ, ਗੋਪਾਲ ਕ੍ਰਿਸ਼ਨ ਗਰਗ, ਕਪੂਰ ਚੰਦ ਬਾਂਸਲ, ਪ੍ਰੈੱਸ ਕਲੱਬ ਸਮਾਣਾ ਪ੍ਰਧਾਨ ਕੈਲਾਸ਼ ਸ਼ਰਮਾ, ਲਾਭ ਸਿੰਘ ਸਿੱਧੂ, ਨਿਸ਼ਾਨ ਸਿੰਘ ਸੰਧੂ ਆਦਿ ਸਮੇਤ ਵੱਖ ਵੱਖ ਰਾਜਨੀਤਕ, ਧਾਰਮਿਕ ਤੇ ਸਮਾਜਿਕ ਆਗੂਆਂ ਵੱਲੋਂ ਦਲਜਿੰਦਰ ਸਿੰਘ ਪੱਪੀ ਤੇ ਉਨ੍ਹਾਂ ਦੇ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

## ਸ੍ਰੀ ਸ਼ਿਆਮ ਪਰਵਾਰ ਮੰਡਲ ਵੱਲੋਂ ਨਿਸ਼ਾਨ ਯਾਤਰਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਾਬਾ ਖਾਟੂ ਸ਼ਿਆਮ ਜੀ ਦੇ ਜਨਮ ਦਿਵਸ ਸਬੰਧੀ ਸ੍ਰੀ ਸ਼ਿਆਮ ਪਰਿਵਾਰ ਮੰਡਲ ਵੱਲੋਂ ਦੁਸਹਿਰਾ ਮੈਦਾਨ ਵਿੱਚ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਤੋਂ ਪਹਿਲਾਂ ਨਿਸ਼ਾਨ ਯਾਤਰਾ ਕੱਢੀ ਗਈ। ਸਥਾਨਕ ਦੁਸਹਿਰਾ ਮੈਦਾਨ ਤੋਂ ਸ਼ੁਰੂ ਹੋਈ ਨਿਸ਼ਾਨ ਯਾਤਰਾ ਵਿੱਚ ਸੈਂਕੜੇ ਸ਼ਰਧਾਲੂ ਸ਼ਾਮਲ ਹੋਏ, ਜਿਨ੍ਹਾਂ ਹੱਥਾਂ ਵਿੱਚ ਧਾਰਮਿਕ ਝੰਡੇ ਫੜੇ ਹੋਏ ਸਨ। ਸ਼ਰਧਾਲੂ ਬਾਬਾ ਖਾਟੂ ਸ਼ਿਆਮ ਜੀ ਦੇ ਜੈਕਾਰੇ ਲਗਾਉਂਦੇ ਹੋਏ ਤੇ ਭਜਨ ਕੀਰਤਨ ਕਰਦੇ ਹੋਏ ਸ਼ਹਿਰ ਦੀ ਪ੍ਰੀਕਰਮਾ ਕਰਨ ਉਪਰੰਤ ਦੁਸਹਿਰਾ ਮੈਦਾਨ ਪੁੱਜੇ। ਨਿਸ਼ਾਨ ਯਾਤਰਾ ਦਾ ਥਾਂ-ਥਾਂ ਭਰਵਾਂ ਸਵਾਗਤ ਕੀਤਾ ਤੇ ਸੰਗਤ ਲਈ ਲੰਗਰ ਲਗਾਏ ਗਏ ਸਨ। ਇਸ ਮੌਕੇ ਸੁਰਿੰਦਰ ਬਾਂਸਲ, ਸੰਜੀਵ ਲੀਹਲ, ਨੰਦ ਕਿਸ਼ੋਰ, ਰੋਕੀ ਬਾਂਸਲ, ਡਿੰਪਲ ਸਪਰਾ, ਹਰੀਸ਼ ਨਾਗਪਾਲ, ਅਸ਼ਵਨੀ ਸਿੰਗਲਾ, ਰਾਜ ਕੁਮਾਰ ਵਰਮਾ, ਮੰਗਤ ਰਾਏ, ਬਲਵਿੰਦਰ ਸਿੰਘ ਝੰਡੀ, ਸ਼ਿਵ ਕੁਮਾਰ ਸ਼ਿਵਲੀ, ਪਰਮਿੰਦਰ ਤਿਵਾੜੀ, ਸ਼ਿਸ਼ੂ ਪਾਲ, ਅਸ਼ਵਨੀ ਸ਼ਰਮਾ, ਸੋਨੀ ਓਹਰੀ, ਰਿਕੂ ਨਾਗਪਾਲ, ਨੀਰਜ ਵਰਮਾ, ਨਵੀਨ ਕੁਮਾਰ, ਰੋਕੀ ਨਹਿਰਾ ਮੌਜੂਦ ਸਨ।

# ਲੋਹਗੜ੍ਹ ਦੀ ਡਿਸਪੈਂਸਰੀ 'ਚ ਨਾ ਡਾਕਟਰ, ਨਾ ਦਵਾਈਆਂ !



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਿਹਤ ਤੇ ਸਿੱਖਿਆ ਸਹੂਲਤਾਂ ਦੇਣ ਦਾ ਵਾਅਦਾ ਕਰ ਕੇ ਸੱਤਾ 'ਚ ਆਈ 'ਆਪ' ਸਰਕਾਰ ਦੇ ਰਾਜ ਵਿੱਚ ਪਿੰਡਾਂ ਦੇ ਲੋਕ ਅਜੇ ਵੀ ਸਰਕਾਰੀ ਸਿਹਤ ਸਹੂਲਤਾਂ ਤੋਂ ਵਾਂਝੇ ਹਨ।ਮਹਿਲ ਕਲਾਂ ਤਹਿਸੀਲ ਦਾ ਪਿੰਡ ਲੋਹਗੜ੍ਹ 'ਤੇ ਕੋਸ਼ਿਸ਼ਾਂ ਦੇ ਬਾਵਜੂਦ ਸਰਕਾਰ ਦੀ ਸਵੱਲੀ ਨਜ਼ਰ ਨਹੀਂ ਪੈ ਰਹੀ ਹੈ।ਪਿੰਡ ਦੀ ਸਿਹਤ ਡਿਸਪੈਂਸਰੀ ਲੰਬੇ ਸਮੇਂ ਤੋਂ ਸਟਾਫ ਨਾ ਹੋਣ ਕਾਰਨ ਚਿੱਟਾ ਹਾਥੀ ਬਣੀ ਹੋਈ ਹੈ।ਜਾਣਕਾਰੀ ਅਨੁਸਾਰ ਸੂਬਾ ਸਰਕਾਰ ਵੱਲੋਂ ਕਰੀਬ 50 ਸਾਲ ਪਹਿਲਾਂ ਪਿੰਡ ਲੋਹਗੜ੍ਹ ਵਿੱਚ ਪੇਂਡੂ ਸਿਹਤ ਡਿਸਪੈਂਸਰੀ ਬਣਾਈ ਗਈ ਸੀ।ਇਸ ਡਿਸਪੈਂਸਰੀ ਵਿੱਚ ਐੱਮ ਬੀ ਬੀ ਐੱਸ ਡਾਕਟਰ, ਫਾਰਮਾਸਿਸਟ ਤੇ ਦਰਜਾ ਚਾਰ ਕਰਮਚਾਰੀ ਦੀਆਂ ਮਨਜ਼ੂਰ ਹੋਣ ਦੇ ਬਾਵਜੂਦ 2021 ਤੋਂ ਤਿੰਨੋਂ ਅਸਾਮੀਆਂ ਖ਼ਾਲੀ ਪਈਆਂ ਹਨ।ਪਿੰਡ ਦੇ ਲੋਕਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਵੀ ਨਹੀਂ ਮਿਲ ਰਹੀਆਂ।ਕਈ ਸਾਲਾਂ ਤੋਂ ਡਾਕਟਰ ਦੀ ਅਸਾਮੀ ਖ਼ਾਲੀ ਪਈ ਹੈ।ਇੱਥੇ ਤਾਇਨਾਤ ਫਾਰਮਾਸਿਸਟ ਨੂੰ ਬਰਨਾਲਾ ਦੇ ਸਰਕਾਰੀ ਹਸਪਤਾਲ ਡੈਪੂਟੇਸ਼ਨ 'ਤੇ ਭੇਜਿਆ ਗਿਆ ਹੈ ਅਤੇ ਦਰਜਾਚਾਰ ਮੁਲਾਜ਼ਮ ਸੇਵਾਮੁਕਤ ਹੋ ਚੁੱਕਾ ਹੈ।ਡਿਸਪੈਂਸਰੀ ਵਿੱਚ ਕੋਈ ਚੈੱਕਅਪ ਨਹੀਂ ਹੁੰਦਾ ਹੈ ਤੇ ਨਾ ਹੀ ਕਿਸੇ ਕਿਸਮ ਦੀ ਦਵਾਈ ਮਿਲਦੀ ਹੈ।ਮਜਬੂਰੀ ਸਰਕਾਰੀ ਸਿਹਤ ਸੁਵਿਧਾ ਪੂਰੀ ਤਰ੍ਹਾਂ ਠੱਪ ਪਈ ਹੈ, ਜਿਸ ਕਾਰਨ ਡਿਸਪੈਂਸਰੀ ਦੀ ਇਮਾਰਤ ਵੀ ਖੰਡਰ ਬਣਦੀ ਜਾ ਰਹੀ ਹੈ।ਇਸ ਤੋਂ ਇਲਾਵਾ ਗਰਭਵਤੀ ਔਰਤਾਂ ਤੇ ਬੱਚਿਆਂ ਦੇ ਚੈੱਕਅਪ ਲਈ ਏ ਐੱਨ ਐੱਮ ਵੀ ਲਾਗਲੇ ਪਿੰਡ ਕੁਤਬਾ ਤੋਂ ਹਫ਼ਤੇ ਵਿੱਚ ਇੱਕ ਜਾਂ ਦੋ ਦਿਨ ਆਉਂਦੀ ਹੈ। ਬਾਕੀ ਦਿਨ ਡਿਸਪੈਂਸਰੀ ਬੰਦ ਹੀ ਰਹਿੰਦੀ ਹੈ।ਜ਼ਿਕਰਯੋਗ ਹੈ ਕਿ ਲੋਹਗੜ੍ਹ ਬਰਨਾਲਾ ਜ਼ਿਲ੍ਹੇ ਦਾ ਆਖ਼ਰੀ ਪਿੰਡ ਹੈ।ਪਿੰਡ ਦੇ ਲੋਕ ਮੁੱਢਲੇ ਇਲਾਜ ਲਈ ਪ੍ਰਾਈਵੇਟ ਡਾਕਟਰਾਂ 'ਤੇ ਨਿਰਭਰ ਹਨ।ਇਸ ਤੋਂ ਬਾਅਦ 14 ਕਿਲੋਮੀਟਰ ਦੂਰ ਮਹਿਲ ਕਲਾਂ ਜਾਂ ਬਰਨਾਲਾ ਤੇ ਰਾਏਕੋਟ ਹੀ ਜਾਣਾ ਪੈਂਦਾ ਹੈ।ਪਿੰਡ ਦੇ ਸਰਪੰਚ ਹਰਜਿੰਦਰ ਕੌਰ ਦੇ ਪਤੀ ਗੁਰਵਿੰਦਰ ਸਿੰਘ ਨੇ ਕਿਹਾ ਕਿ ਡਿਸਪੈਂਸਰੀ ਦਾ ਸਟਾਫ਼ ਪੂਰਾ ਕਰਨ ਲਈ ਸਿਹਤ ਵਿਭਾਗ ਤੇ ਸਰਕਾਰ ਤੱਕ ਪੰਚਾਇਤ ਵੱਲੋਂ ਪਹੁੰਚ ਕਰ ਚੁੱਕੇ ਹਨ।ਉਨ੍ਹਾਂ ਕਿਹਾ ਕਿ ਜੇਕਰ ਡਿਸਪੈਂਸਰੀ ਵਿੱਚ ਸਟਾਫ਼ ਪੂਰਾ ਕਰ ਦਿੱਤਾ ਜਾਵੇ ਜਾਂ ਇਸ ਨੂੰ ਆਮ ਆਦਮੀ ਕਲੀਨਿਕ ਹੀ ਬਣਾ ਦਿੱਤਾ ਜਾਵੇ ਤਾਂ ਇਸ ਦਾ ਵੀ ਲੋਕਾਂ ਨੂੰ ਵੱਡਾ ਲਾਹਾ ਮਿਲੇਗਾ।ਇਸ ਸਬੰਧੀ ਕਾਰਜਕਾਰੀ ਸਿਵਲ ਸਰਜਨ ਡਾ. ਤਪਿੰਦਰਜੋਤ ਕੌਸ਼ਲ ਨੇ ਕਿਹਾ ਕਿ ਇਥੇ ਫਿਲਹਾਲ ਸੀਐੱਚਓ ਤੇ ਏ ਐੱਨ ਐੱਮ ਦੀ ਪੋਸਟ ਮਨਜ਼ੂਰ ਹੈ ਅਤੇ ਦੋਵੇਂ ਪੋਸਟਾਂ ਖਾਲੀ ਹਨ।ਜੇ ਕੋਈ ਭਰਤੀ ਆਉਂਦੀ ਹੈ ਤਾਂ ਇਥੇ ਤਾਇਨਾਤੀ ਕੀਤੀ ਜਾਵੇਗੀ।

# ਮਾਂ ਬੋਲੀ ਪੰਜਾਬੀ ਨੂੰ ਕੋਈ ਖ਼ਤਰਾ ਨਹੀਂ : ਕੁਲਵੰਤ ਸਿੰਘ

## ਡੀ ਸੀ ਨੇ ਤਿੰਨ ਭਾਸ਼ਾਈ ਫਾਰਮੂਲੇ ਦਾ ਸੁਝਾਇਆ ਮੰਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਦਾਅਵਾ ਕੀਤਾ ਕਿ ਸਾਡੀ ਮਾਂ ਬੋਲੀ ਪੰਜਾਬੀ ਨੂੰ ਕੋਈ ਖ਼ਤਰਾ ਨਹੀਂ, ਪਰ ਸ਼ਰਤ ਹੈ ਕਿ ਅਸੀਂ ਇਸ ਨੂੰ ਖੁਦ ਨਾ ਵਿਸਾਰੀਏ। ਉਹ ਪੰਜਾਬੀ ਮਾਂਹ ਦੇ ਸਮਾਪਤੀ ਸਮਾਰੋਹ ਦੌਰਾਨ ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲ ਜਵਾਹਰਕੇ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਸਨ। ਸਟੇਜ ਦੀਆਂ ਪੌੜੀਆਂ 'ਤੇ ਡੇਢ ਘੰਟਾ ਬੈਠ ਕੇ ਬੱਚਿਆਂ ਦੇ ਹਾਣ ਦਾ ਬਣ ਕੇ ਉਨ੍ਹਾਂ ਬੱਚਿਆਂ ਨਾਲ ਗੱਲਾਂ-ਬਾਤਾਂ ਵੀ ਕੀਤੀਆਂ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਹੜੀ ਮਾਂ ਬੋਲੀ ਪੰਜਾਬੀ ਕਿਸੇ ਨੂੰ ਡਿਪਟੀ ਕਮਿਸ਼ਨਰ ਬਣਾ ਸਕਦੀ ਹੈ, ਉਸ ਤੋਂ ਵੱਧ ਤਾਕਤਵਰ ਕੌਣ ਹੋ ਸਕਦਾ ਹੈ।ਉਨ੍ਹਾਂ ਕਿਹਾ ਕਿ ਪਹਿਲੀ ਵਾਰ ਪੰਜਾਬੀ 'ਚ ਆਈ ਏ ਐੱਸ ਦਾ ਪੇਪਰ ਦੇ ਕੇ ਵਰਿੰਦਰ ਸ਼ਰਮਾ ਮਾਨਸਾ ਵਿਖੇ ਡੀ ਸੀ ਰਹਿ ਚੁੱਕੇ ਹਨ, ਦੂਸਰਾ ਖ਼ੁਸ਼ਕਿਸਮਤ ਡਿਪਟੀ ਕਮਿਸ਼ਨਰ ਮੈਂ ਹਾਂ, ਜਿਸ ਨੂੰ ਮਾਂ ਬੋਲੀ ਨੇ ਇੰਨੀ ਤਾਕਤ ਦਿੱਤੀ ਹੈ।ਉਨ੍ਹਾਂ ਕਿਹਾ ਕਿ ਫਿਰ ਅਸੀਂ ਕਿਵੇਂ ਆਪਣੀ ਮਾਂ ਬੋਲੀ ਨੂੰ ਭੁਲਾ ਸਕਦੇ ਹਾਂ।

ਉਨ੍ਹਾਂ ਅਧਿਆਪਕ ਵਰਗ ਨੂੰ ਸੱਦਾ ਦਿੱਤਾ ਕਿ ਉਹ ਵਿਦਿਆਰਥੀਆਂ ਦੇ ਹਾਣ ਦਾ ਬਣ ਕੇ ਉਨ੍ਹਾਂ ਨੂੰ ਜ਼ਿੰਦਗੀ ਦੇ ਪਾਠ ਪੜ੍ਹਾਉਣ।ਉਨ੍ਹਾਂ ਬੱਚਿਆਂ ਨੂੰ ਸੱਦਾ ਦਿੱਤਾ ਕਿ ਅਸੀਂ ਤਿੰਨ ਤਰ੍ਹਾਂ ਦੀ ਭਾਸ਼ਾ ਵਾਲਾ ਫ਼ਾਰਮੂਲਾ ਅਪਣਾਈਏ, ਪਹਿਲਾ ਆਪਣੀ ਮਾਤ ਭਾਸ਼ਾ ਪੰਜਾਬੀ 'ਚ ਗੱਲ ਕਰੀਏ, ਦੂਜਾ ਉਸ ਭਾਸ਼ਾ ਜਿਸ ਨਾਲ ਅਸੀਂ ਦੁਨੀਆ ਭਰ ਦੇ ਲੋਕਾਂ ਨਾਲ ਸੰਚਾਰ ਕਰ ਸਕੀਏ, ਤੀਸਰਾ ਕੰਪਿਊਟਰ ਦੀ ਭਾਸ਼ਾ, ਜਿਸ ਨੇ ਸਾਨੂੰ ਆਧੁਨਿਕ ਟੈਕਨਾਲੋਜੀ ਨਾਲ ਜੋੜਨਾ ਹੈ।ਇਸ ਮੌਕੇ ਸਮਾਜ ਸੇਵੀ ਹਰਪ੍ਰੀਤ ਬਹਿਣੀਵਾਲ, ਸਿੱਖਿਆ ਤੇ ਕਲਾ ਮੰਚ ਪੰਜਾਬ ਦੇ ਪ੍ਰਧਾਨ ਹਰਦੀਪ ਸਿੰਘ ਸਿੱਧੂ, ਸਕੂਲ ਮੁਖੀ ਰੋਹਿਤ ਬਾਂਸਲ, ਸੈਂਟਰ ਹੈੱਡ ਟੀਚਰ ਇੰਦਰਜੀਤ ਕੌਰ, ਸਾਹਿਤਕਾਰ ਅਧਿਆਪਕ ਜਗਤਾਰ ਲਾਡੀ ਨੇ ਕਿਹਾ ਕਿ ਵਿਦਿਆਰਥੀਆਂ ਵਿੱਚ ਮਾਂ ਬੋਲੀ ਪੰਜਾਬੀ ਪ੍ਰਤੀ ਹੇਜ ਜਗਾਉਣ ਤੇ ਉਨ੍ਹਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਯਤਨ ਜਾਰੀ ਰਹਿਣਗੇ।

# ਮਾਊਂਟ ਲਿਟਰਾ ਜੀ ਸਕੂਲ ਰਾਮਪੁਰਾ ਦੀ ਸਾਲਾਨਾ ਐਥਲੈਟਿਕ ਮੀਟ ਸ਼ਾਨੋ ਸ਼ੌਕਤ ਨਾਲ ਸੰਪੰਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਮਾਊਂਟ ਲਿਟਰਾ ਜੀ ਸਕੂਲ ਰਾਮਪੁਰਾ ਦੀ 2 ਦਿਨਾ ਸਾਲਾਨਾ ਐਥਲੈਟਿਕ ਮੀਟ ਸ਼ਾਨੋ ਸ਼ੌਕਤ ਨਾਲ ਸਮਾਪਤ ਹੋ ਗਈ। ਇਸ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਭੂਸ਼ਨ ਬਾਂਸਲ, ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ, ਨਿੰਨੀ ਬਾਂਸਲ ਤੇ ਪ੍ਰਿੰਸੀਪਲ ਗੀਤਾ ਪਿੱਲੇ ਨੇ ਮੁੱਖ ਮਹਿਮਾਨ ਐੱਸ. ਐੱਚ. ਸੁਰੇਸ਼ ਕੁਮਾਰ ਗੋਇਲ (ਪੀਸੀਐੱਸ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਦਾ ਸਵਾਗਤ ਫੁੱਲਾਂ ਦੇ ਗੁਲਦਸਤੇ ਦੇ ਕੇ ਕੀਤੀ। ਇਸ ਤੋਂ ਬਾਅਦ ਸਕੂਲ ਦਾ ਗੀਤ ਜੀ ਐਨਥਮ ਪੇਸ਼ ਕੀਤਾ ਗਿਆ।ਹੈੱਡ ਬੁਆਏ, ਹੈੱਡ ਗਰਲ, ਵਾਇਸ ਹੈੱਡ ਬੁਆਏ, ਵਾਇਸ ਹੈੱਡ ਗਰਲ, ਸਪੋਰਟਸ ਕਪਤਾਨਾਂ ਤੇ ਹਾਊਸ ਕਪਤਾਨਾਂ ਦੇ ਨਾਲ ਝੰਡਾ ਬਰਦਾਰਾਂ ਦੀ ਅਗਵਾਈ ਵਿੱਚ ਚਾਰ ਹਾਊਸਾਂ ਦੇ ਖਿਡਾਰੀਆਂ ਨੇ ਆਪਣੇ ਸ਼ਾਨਦਾਰ ਮਾਰਚ-ਪਾਸਟ ਦੌਰਾਨ ਮਹਿਮਾਨ ਨੂੰ ਸਲਾਮੀ ਦਿੱਤੀ।ਮਾਰਚ ਪਾਸਟ ਰਾਹੀਂ ਸਕੂਲ ਦੇ ਜਜ਼ਬੇ ਤੇ ਅਨੁਸ਼ਾਸਨ ਦਾ ਪ੍ਰਗਟਾਵਾ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਚਾਰੇ ਹਾਊਸਾਂ ਦੇ ਵਿਦਿਆਰਥੀਆਂ ਦੇ ਨਾਲ-ਨਾਲ ਸਕੂਲ ਦੀ ਬੈਂਡ ਟੀਮ ਨੇ ਵੀ ਭਾਗ ਲਿਆ।ਸਪੋਰਟਸ ਮੀਟ ਵਾਲੇ ਦਿਨ ਸਕੂਲ ਟ੍ਰੈਕ ਤੇ ਫੀਲਡ ਗਤੀਵਿਧੀਆਂ ਦੀ ਲੜੀ ਨਾਲ ਧੜਕਦਾ ਰਿਹਾ।

ਚਾਰ ਹਾਊਸਾਂ ਨੇ ਚੈਂਪੀਅਨਸ਼ਿਪ ਤੇ ਸਰਵੋਤਮ ਹਾਊਸ ਟਰਾਫੀ ਹਾਸਲ ਕਰਨ ਲਈ ਮੈਦਾਨ 'ਤੇ ਸੰਘਰਸ਼ ਕੀਤਾ।ਲੰਬੀਆਂ ਤੇ ਛੋਟੀਆਂ ਰੇਸਾਂ ਤੇ ਡਿਸਕਸ ਫੀਲਡ 'ਤੇ ਉਤਸ਼ਾਹ ਆਪਣੇ ਸਿਖਰ 'ਤੇ ਸੀ। ਰੀਲੇਅ ਰੇਸ ਤੇ ਰੱਸਾਕਸੀ ਦੇ ਮੁਕਾਬਲੇ ਦਿਨ ਦੇ ਸਭ ਤੋਂ ਵੱਧ ਉਡੀਕੇ ਜਾਣ ਵਾਲੇ ਇਵੈਂਟ ਸਨ, ਜਿੱਥੇ ਟੀਮ ਦੇ ਕੰਮ ਨੇ ਉਨ੍ਹਾਂ ਨੂੰ ਵਧੀਆ ਭੁਗਤਾਨ ਕੀਤਾ।ਇਸ ਖੇਡ ਮੁਕਾਬਲੇ ਵਿੱਚ ਲੜਕੀਆਂ ਤੇ ਲੜਕਿਆਂ ਲਈ 100 ਮੀਟਰ ਦੌੜ, 200 ਮੀਟਰ ਦੌੜ, 400 ਮੀਟਰ ਦੌੜ, 800 ਮੀਟਰ ਦੌੜ, ਅੜਿੱਕਾ ਦੌੜ ਸਮੇਤ ਕਈ ਵਿਅਕਤੀਗਤ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ।ਰੱਸਾਕਸ਼ੀ, ਰਿਲੇਅ ਦੌੜ ਤੇ ਤਿੰਨ ਲੱਤਾਂ ਵਾਲੀ ਦੌੜ ਸਮੇਤ ਕਈ ਗਰੁੱਪ ਈਵੈਂਟ ਵੀ ਕਰਵਾਏ ਗਏ।ਜੇਤੂਆਂ ਨੂੰ ਸਨਮਾਨਤ ਕਰਨ ਲਈ ਮੈਡਲ ਸਮਾਰੋਹ ਕੀਤਾ ਗਿਆ, ਜਿੱਥੇ ਸਕੂਲ ਦੇ ਚੇਅਰਮੈਨ ਭੂਸ਼ਨ ਬਾਂਸਲ, ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਸਕੂਲ ਪ੍ਰਿੰਸੀਪਲ ਗੀਤਾ ਪਿੱਲੇ ਨੇ ਜੇਤੂਆਂ ਨੂੰ ਸਨਮਾਨਤ ਕੀਤਾ।ਇਨ੍ਹਾਂ ਖੇਡਾਂ ਵਿੱਚ ਕ੍ਰਮਵਾਰ ਲੜਕਿਆਂ ਦੇ ਵਰਗ ਵਿੱਚ ਸਰਵੋਤਮ ਖਿਡਾਰੀ ਦੀ ਟਰਾਫੀ ਮਨਿੰਦਰ ਸਿੰਘ ਅਤੇ ਲੜਕੀਆਂ ਦੇ ਵਰਗ ਵਿੱਚ ਸਰਵੋਤਮ ਖਿਡਾਰੀ ਦੀ ਟਰਾਫੀ ਰੁਪਿੰਦਰ ਕੌਰ ਨੇ ਜਿੱਤੀ।ਬੈਸਟ ਹਾਊਸ ਦੀ ਟਰਾਫੀ ਗਾਂਧੀ ਹਾਊਸ ਨੇ ਜਿੱਤੀ, ਜਦਕਿ ਕੋਲੰਬਸ ਹਾਊਸ ਨੇ ਫ਼ਸਟ ਰਨਰਅੱਪ ਟਰਾਫੀ ਅਤੇ ਸੈਕਿੰਡ ਰਨਰਅੱਪ ਦੀ ਟਰਾਫੀ ਵਿੰਚੀ ਹਾਊਸ ਨੂੰ ਦਿੱਤੀ ਗਈ।

ਇਸ ਮੌਕੇ ਬੋਲਦਿਆਂ ਸਕੂਲ ਦੇ ਪ੍ਰਧਾਨ ਗਗਨ ਬਾਂਸਲ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਕੂਲ ਦੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਉਹ ਸਮੇਂ-ਸਮੇਂ 'ਤੇ ਅਜਿਹੀਆਂ ਗਤੀਵਿਧੀਆਂ ਕਰਵਾਉਂਦੇ ਰਹਿਣਗੇ ਤਾਂ ਜੋ ਸਕੂਲ ਦੇ ਵਿਦਿਆਰਥੀ ਦੇਸ਼ ਦੇ ਸਰਵੋਤਮ ਨਾਗਰਿਕ ਬਣ ਸਕਣ।ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਭੂਸ਼ਨ ਬਾਂਸਲ ਨੇ ਐਥਲੈਟਿਕ ਮੀਟ ਦੀ ਸਮਾਪਤੀ ਦਾ ਐਲਾਨ ਕੀਤਾ।ਸਕੂਲ ਪ੍ਰਿੰਸੀਪਲ ਗੀਤਾ ਪਿੱਲੇ ਵੱਲੋਂ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ।ਇਸ ਤਰ੍ਹਾਂ ਸਕੂਲ ਦਾ ਇਹ ਦੋ ਰੋਜ਼ਾ ਖੇਡ ਮੇਲਾ ਅਗਲੇ ਸਾਲ ਫਿਰ ਮਿਲਣ ਦਾ ਵਾਅਦਾ ਕਰਕੇ ਸਮਾਪਤ ਹੋ ਗਿਆ।

# 200 ਲੀਟਰ ਲਾਹਣ, 20 ਬੋਤਲਾਂ ਨਜਾਇਜ਼ ਸ਼ਰਾਬ, ਚਾਲੂ ਭੱਠੀ ਸਮੇਤ 2 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ 200 ਲੀਟਰ ਲਾਹਣ, 20 ਬੋਤਲਾਂ ਨਜਾਇਜ਼ ਸ਼ਰਾਬ ਤੇ ਚਾਲੂ ਭੱਠੀ ਸਮੇਤ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਦੇਵ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਕਰਦੇ ਹੋਏ ਚੱਕ ਬਲੋਚਾਂ ਉਰਫ ਮਹਾਲਮ ਦੇ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਬਲਜਿੰਦਰ ਸਿੰਘ ਉਰਫ ਬਿੱਟੂ ਕਿਸ਼ੋਰ ਸਿੰਘ, ਜੋਕਿ ਨਜਾਇਜ਼ ਸ਼ਰਾਬ ਕੱਢ ਕੇ ਵੇਚਣ ਦਾ ਆਦੀ ਹੈ ਤੇ ਹੁਣ ਵੀ ਆਪਣੇ ਘਰ ਵਿੱਚ ਨਜਾਇਜ਼ ਸ਼ਰਾਬ ਕੱਢ ਕੇ ਵੇਚ ਰਿਹਾ ਹੈ, ਜੇਕਰ ਉਸ ਦੇ ਘਰ ਰੇਡ ਕੀਤਾ ਜਾਵੇ ਤਾਂ ਕਾਬੂ ਆ ਸਕਦਾ ਹੈ। ਇਤਲਾਹ ਮੋਹਤਵਰ ਤੋਂ ਭਰੋਸੇਯੋਗ ਹੋਣ ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਬਲਜਿੰਦਰ ਸਿੰਘ ਨੂੰ 100 ਲੀਟਰ ਲਾਹਣ ਸਣੇ ਕਾਬੂ ਕੀਤਾ ਗਿਆ ਹੈ।

ਉਧਰ, ਇਕ ਹੋਰ ਮੁਕੱਦਮੇ ਦੇ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਲਖਮੀਰ ਸਿੰਘ ਨੇ ਦੱਸਿਆ ਕਿ ਉਹ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਪਿੰਡ ਮਹਾਲਮ ਵਿਖੇ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਫੁੰਮਣ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਚੱਕ ਬਲੋਚਾਂ, ਜੋਕਿ ਨਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦਾ ਆਦੀ ਹੈ, ਜਿਸ 'ਤੇ ਪੁਲਸ ਪਾਰਟੀ ਨੇ ਰੇਡ ਕਰਕੇ 100 ਲੀਟਰ ਲਾਹਣ, 20 ਬੋਤਲਾਂ ਨਜਾਇਜ਼ ਸ਼ਰਾਬ ਤੇ ਚਾਲੂ ਭੱਠੀ ਸਾਮਾਨ ਸਮੇਤ ਫੁੰਮਣ ਸਿੰਘ ਨੂੰ ਕਾਬੂ ਕੀਤਾ ਗਿਆ ਹੈ। ਥਾਣਾ ਵੈਰੋਕੇ ਵਿਖੇ ਬਲਜਿੰਦਰ ਸਿੰਘ ਉਰਫ ਬਿੱਟੂ ਤੇ ਫੁੰਮਣ ਸਿੰਘ ਦੇ ਖਿਲਾਫ ਵੱਖ-ਵੱਖ ਮੁਕੱਦਮੇ ਦਰਜ ਕੀਤੇ ਗਏ ਹਨ। ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਜੀ ਐੱਮ ਰਾਜੀਵ ਕੌਸ਼ਲ ਨੂੰ ਸਦਮਾ, ਪਿਤਾ ਦਾ ਦੇਹਾਂਤ



**ਨਾਭਾ (ਵਰਿੰਦਰ ਵਰਮਾ)**-ਪ੍ਰੀਤ ਕੰਬਾਈਨ ਤੇ ਟਰੈਕਟਰ ਨਿਰਮਾਤਾ ਕੰਪਨੀ ਦੇ ਜੀ ਐੱਮ ਰਾਜੀਵ ਕੌਸ਼ਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪਿਤਾ ਸੁਰੇਸ਼ ਕੌਸ਼ਲ ਦਾ ਦਿਹਾਂਤ ਹੋ ਗਿਆ।ਸਵਰਗੀ ਸੁਰੇਸ ਕੌਸ਼ਲ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਸਥਾਨਕ ਬੂਹੀ ਰੋਡ ਸਥਿਤ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ ਹੈ।ਪ੍ਰੀਤ ਗਰੁੱਪ ਦੇ ਐੱਮ ਡੀ ਹਰੀ ਸਿੰਘ ਪ੍ਰੀਤ, ਮਲਕੀਤ ਐਗਰੋ ਦੇ ਐੱਮ ਡੀ ਚਰਨ ਸਿੰਘ ਤੇ ਮਲਕੀਤ ਸਿੰਘ, ਐਡਵੋਕੇਟ ਮੱਖਣ ਸਿੰਘ, ਚਮਕੌਰ ਸਿੰਘ, ਭੀਮ ਸੈਨ ਗੋਇਲ, ਕ੍ਰਿਸ਼ਨ ਗੋਇਲ, ਸਾ. ਚੇਅਰਮੈਨ ਜੀ ਐੱਸ ਬਿੱਲੂ, ਕੁਲਵੰਤ ਸਿੰਘ ਸਿਆਣ, ਸੰਦੀਪ ਸਿਆਣ, ਗੌਤਮ ਬਾਤੇਸ, ਸੰਜੀਵ ਜਿੰਦਲ, ਧੰਨਜੇ ਵਾਲੀਆ, ਰਾਮ ਕ੍ਰਿਸ਼ਨ ਭੱਲਾ, ਕ੍ਰਿਸ਼ਨ ਗੋਇਲ ਤੋਂ ਇਲਾਵਾ ਵੱਡੀ ਗਿਣਤੀ ਹਲਕੇ ਦੇ ਧਾਰਮਿਕ ਤੇ ਸਿਆਸੀ ਆਗੂਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

## ਸ੍ਰੀ ਸਾਲਾਸਰ ਸੇਵਾ ਮੰਡਲ ਦੀ ਨਿਵੇਕਲੀ ਪਹਿਲ, ਸੱਦਾ ਪੱਤਰਾਂ 'ਤੇ ਨਹੀਂ ਛਪਾਈ ਦੇਵੀ-ਦੇਵਤੇ ਦੀ ਤਸਵੀਰ

*ਦੂਸਰੀਆਂ ਧਾਰਮਿਕ ਜਥੇਬੰਦੀਆਂ ਤੇ ਹਿੰਦੂ ਸੰਗਠਨ ਵੀ ਇਸ ਤੋਂ ਲੈਣ ਸੇਧ : ਐਡਵੋਕੇਟ ਅਗਰਵਾਲ*



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਮਾਜ ਸੇਵੀ ਐਡਵੋਕੇਟ ਅਮਿਤ ਅਗਰਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਿੰਦੂ ਮਰਿਯਾਦਾ ਨੂੰ ਧਿਆਨ ਵਿੱਚ ਰੱਖਦਿਆਂ ਸਾਨੂੰ ਹਿੰਦੂ ਦੇਵੀ ਦੇਵਤਿਆਂ ਦੀਆਂ ਤਸਵੀਰਾਂ, ਜੋ ਹਿੰਦੂ ਸਮਾਜ ਵੱਲੋਂ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ ਤੇ ਉਨ੍ਹਾਂ ਲਈ ਸਮਾਜ ਵਿੱਚ ਵੰਡੇ ਜਾਣ ਵਾਲੇ ਸੱਦਾ ਪੱਤਰ ਕਾਰਡਾਂ ਉਪਰ ਫੋਟੋ ਲਗਾ ਕੇ ਸਾਨੂੰ ਨਿਰਾਦਰ ਨਹੀਂ ਕਰਨਾ ਚਾਹੀਦਾ, ਕਿਉਂਕਿ ਅਸੀਂ ਸੱਦਾ ਪੱਤਰ ਕਾਰਡਾਂ ਦੇ ਇਲਾਵਾ ਹੋਰ ਕਿਸੇ ਸਮੱਗਰੀ ਉਪਰ ਜਦੋਂ ਕਿਸੇ ਵੀ ਦੇਵੀ ਦੇਵਤੇ ਦੀ ਫੋਟੋ ਲਗਾਉਂਦੇ ਹਾਂ ਤਾਂ ਉਸ ਨੂੰ ਅਸੀਂ ਇਕ ਵਾਰੀ ਵਰਤ ਕੇ ਸੁੱਟ ਦਿੰਦੇ ਹਾਂ, ਜਿਸ ਨਾਲ ਉਸ ਉਪਰ ਲੱਗੀ ਦੇਵੀ ਦੇਵਤੇ ਦੀ ਤਸਵੀਰ ਦੀ ਬੇਅਦਬੀ ਹੁੰਦੀ ਹੈ, ਇਸ ਲਈ ਹਿੰਦੂ ਸੰਗਠਨਾਂ ਨੂੰ ਅਜਿਹੀਆਂ ਕਾਰਵਾਈਆਂ ਖ਼ਿਲਾਫ਼ ਇਕਮੰਚ 'ਤੇ ਇਕੱਠੇ ਹੋ ਕੇ ਇਕਮੁੱਠ ਹੋਣਾ ਚਾਹੀਦਾ ਹੈ ਤੇ ਜੋ ਵੀ ਕੰਪਨੀ ਜਾਂ ਫਰਮ ਦੇਵੀ ਦੇਵਤੇ ਦੀ ਆਪ ਦੇ ਪ੍ਰੋਡਕਟ 'ਤੇ ਫੋਟੋ ਲਗਾਉਂਦੇ ਹਨ, ਉਸ ਦਾ ਵਿਰੋਧ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਸ ਦੀ ਪਹਿਲ ਅਸੀਂ ਇਸ ਵਾਰ ਸਾਲਾਸਰ ਮੰਡਲ ਵੱਲੋਂ ਕਰਵਾਏ ਗਏ ਜਾਗਰਣ ਵਿੱਚ ਉਨ੍ਹਾਂ ਦੇ ਮੰਡਲ ਵੱਲੋਂ ਸੱਦਾ ਪੱਤਰ ਕਾਰਡ ਸ਼ਹਿਰ ਅੰਦਰ ਵੰਡੇ ਗਏ ਸਨ, ਉਨ੍ਹਾਂ ਉਪਰ ਕਿਸੇ ਵੀ ਸਾਡੇ ਸਤਿਕਾਰਯੋਗ ਦੇਵੀ ਦੇਵਤੇ ਦੀ ਫੋਟੋ ਨਹੀਂ ਛਪਵਾਈ ਗਈ।ਇਸ ਲਈ ਦੂਸਰੀਆਂ ਧਾਰਮਿਕ ਜਥੇਬੰਦੀਆਂ ਨੂੰ ਵੀ ਇਸ ਤੋਂ ਸੇਧ ਲੈਣੀ ਚਾਹੀਦੀ ਹੈ ਅਤੇ ਜੋ ਫਿਰ ਵੀ ਸਾਡੇ ਦੇਵੀ ਦੇਵਤਿਆਂ ਦੀਆਂ ਫੋਟੋਆਂ ਛਿਪਵਾ ਕੇ ਨਿਰਾਦਰ ਕਰਦਾ ਹੈ, ਉਸ ਦਾ ਵਿਰੋਧ ਕਰਨਾ ਚਾਹੀਦਾ ਹੈ।

## 'ਭਾਰਤ ਕੋ ਜਾਣੋ' ਮੁਕਾਬਲੇ 'ਚ ਪ੍ਰੀਤਿਸ਼ ਤੇ ਅਗਮਜੋਤ ਤੀਜੇ ਸਥਾਨ 'ਤੇ ਰਹੇ



**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਦਸਮੇਸ਼ ਪਬਲਿਕ ਸਕੂਲ ਇਲਾਕੇ ਦੀ ਉਹ ਮਾਣਮੱਤੀ ਸੰਸਥਾ ਹੈ, ਜਿਸ ਨੇ ਹਰ ਟੀਚੇ ਨੂੰ ਸਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਬੀਤੇ ਦਿਨੀਂ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਪੰਜਾਬ ਪੱਧਰ 'ਤੇ 'ਭਾਰਤ ਕੋ ਜਾਣੋ' ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿੱਚ ਸਕੂਲ ਦੇ ਪ੍ਰੀਤਿਸ਼ ਸਿੰਗਲਾ (ਛੇਵੀਂ ਜਮਾਤ) ਤੇ ਅਗਮਜੋਤ ਕੌਰ (ਅੱਠਵੀਂ ਜਮਾਤ) ਨੇ ਜੂਨੀਅਰ ਵਰਗ ਵਿੱਚ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਮੁਖੀ ਸੁਰਿੰਦਰ ਸਿੰਘ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਸਮੁੱਚੇ ਅਧਿਆਪਕ ਵਰਗ ਨੂੰ ਇਸ ਸ਼ਾਨਦਾਰ ਪ੍ਰਾਪਤੀ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਬੱਚਿਆਂ ਨੇ ਜ਼ਿਲ੍ਹਾ ਪੱਧਰ 'ਤੇ ਦੂਜਾ ਸਥਾਨ ਹਾਸਲ ਕਰਕੇ ਅਤੇ ਪੰਜਾਬ ਪੱਧਰ 'ਤੇ ਤੀਜਾ ਸਥਾਨ ਹਾਸਲ ਕਰਕੇ ਆਪਣੇ ਇਲਾਕੇ ਦੇ ਨਾਲ ਨਾਲ ਸਕੂਲ ਦਾ ਨਾਂਅ ਵੀ ਰੋਸ਼ਨ ਕੀਤਾ ਹੈ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜਸਬੀਰ ਸਿੰਘ ਸੰਧੂ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਜਿੱਤਾਂ ਜਿੱਤ ਕੇ ਖ਼ੁਸ਼ੀ ਦਾ ਮਾਹੌਲ ਸਿਰਜਣਾ ਦਸਮੇਸ਼ ਸਕੂਲ ਦੀ ਪੁਰਾਣੀ ਰੀਤ ਹੈ, ਜੋ ਕਿ ਕਾਬਿਲ-ਏ-ਤਰੀਫ ਹੈ।

## ਸਾਲਾਨਾ ਭਾਈ ਬਹਿਲੋ ਖੇਡ ਮੇਲਾ 25 ਤੋਂ



**ਬਠਿੰਡਾ (ਰਾਜੀਵ ਗੋਇਲ)**-ਭਗਤਾ ਭਾਈ ਕਾ ਵਿਖੇ ਕਰਵਾਇਆ ਜਾਣ ਵਾਲਾ ਭਾਈ ਬਹਿਲੋ ਖੇਡ ਮੇਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 25 ਦਸੰਬਰ ਤੋਂ ਸ਼ੁਰੂ ਹੋਣ ਜਾ ਰਿਹਾ ਹੈ, ਜਿਹੜਾ ਕਿ 29 ਦਸੰਬਰ ਨੂੰ ਸਮਾਪਤ ਹੋਵੇਗਾ।ਇਸ ਬਾਰੇ ਭਾਈ ਬਹਿਲੋ ਹਾਕੀ ਸੁਸਾਇਟੀ (ਰਜਿ:) ਭਗਤਾ ਭਾਈ ਦੇ ਪ੍ਰਧਾਨ ਮਾ. ਜਗਸੀਰ ਸਿੰਘ ਪੰਮਾ ਤੇ ਸਕੱਤਰ ਮਾ. ਗੁਰਿੰਦਰ ਸਿੰਘ ਨੇ ਦੱਸਿਆ ਕਿ ਇਸ ਵਾਰ ਖੇਡ ਮੇਲੇ ਦੌਰਾਨ ਹਾਕੀ (ਪਿੰਡਵਾਰ), ਕਬੱਡੀ ਓਪਨ (3 ਖਿਡਾਰੀ ਬਾਹਰੋਂ), ਕਬੱਡੀ 70 ਕਿੱਲੋ (2 ਖਿਡਾਰੀ ਬਾਹਰੋਂ), ਕਬੱਡੀ 40 ਕਿੱਲੋ ਤੇ ਕਬੱਡੀ 28 ਕਿੱਲੋ ਦੇ ਮੁਕਾਬਲੇ ਕਰਵਾਏ ਜਾਣਗੇ।ਇਸ ਤੋਂ ਇਲਾਵਾ ਹਾਕੀ ਤੇ ਕਬੱਡੀ ਦੇ ਬੈਸਟ ਚੁਣੇ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ।ਭਾਈ ਬਹਿਲੋ ਹਾਕੀ ਸੁਸਾਇਟੀ ਭਗਤਾ ਭਾਈ ਵੱਲੋਂ ਸਹਿਯੋਗੀ ਸੱਜਣਾਂ, ਸੀਨੀਅਰ ਹਾਕੀ ਖਿਡਾਰੀਆਂ ਤੇ ਸਮੂਹ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਦਰਸ਼ਨ ਸਿੰਘ ਲੈਕਚਰਾਰ, ਸੁਖਦੇਵ ਸਿੰਘ ਸਿੱਧੂ, ਵਿਕਰਮਜੀਤ ਸਿੰਘ ਪੰਜਾਬ ਪੁਲਸ, ਗੁਰਦੀਪ ਸਿੰਘ ਲੱਭੀ, ਰਣਜੀਤ ਸਿੰਘ ਵਕੀਲ, ਸਿਕੰਦਰ ਸਿੰਘ ਬਰਾੜ, ਮਨਜਿੰਦਰ ਸਿੰਘ ਮੱਟ, ਮਨਪ੍ਰੀਤ ਸਿੰਘ ਮਨੀ, ਮਨਦੀਪ ਸਿੰਘ ਹੈੱਡ ਮਾਸਟਰ, ਸੁਖਪ੍ਰੀਤ ਸਿੰਘ ਪੰਜਾਬ ਪੁਲਸ, ਖ਼ਰਾਜੀ ਭਗਤਾ ਕਬੱਡੀ ਖਿਡਾਰੀ, ਕੇਵਲ ਭਗਤਾ, ਹਰਪ੍ਰੀਤ ਸਿੰਘ ਬਰਾੜ, ਅਕਾਸ਼ ਭਗਤਾ, ਸ਼ੈਲੂ ਬਰਾੜ, ਗੁਰਦੀਪ ਸਿੰਘ ਬਾਬਾ ਹਾਕੀ ਕੋਚ, ਗਗਨਦੀਪ ਤੇ ਹੋਰ ਸਹਿਯੋਗੀ ਸੱਜਣ ਹਾਜ਼ਰ ਸਨ।

# ਨਗਰ ਕੌਂਸਲ ਦੇ ਸੀਨੀ. ਮੀਤ ਪ੍ਰਧਾਨ ਤੇ ਮੀਤ ਪ੍ਰਧਾਨ ਦੀ ਚੋਣ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਨਗਰ ਕੌਂਸਲ ਪਾਤੜਾਂ ਦੇ ਸੀਨੀਅਰ ਮੀਤ ਪ੍ਰਧਾਨ ਤੇ ਮੀਤ ਪ੍ਰਧਾਨ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ।ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਤੇ ਐੱਸ ਡੀ ਐੱਮ ਪਾਤੜਾਂ ਸ੍ਰੀ ਅਸ਼ੋਕ ਕੁਮਾਰ ਦੀ ਦੇਖ-ਰੇਖ ਹੇਠ ਹੋਈ ਇਸ ਚੋਣ ਦੌਰਾਨ ਕੌਂਸਲਰ ਭਗਵਤ ਦਿਆਲ ਨਿੱਕਾ ਨੂੰ ਸਰਬਸੰਮਤੀ ਨਾਲ ਸੀਨੀਅਰ ਮੀਤ ਪ੍ਰਧਾਨ ਤੇ ਸ੍ਰੀਮਤੀ ਪਰਮਜੀਤ ਕੌਰ ਨੂੰ ਮੀਤ ਪ੍ਰਧਾਨ ਚੁਣ ਲਿਆ ਗਿਆ। ਨਗਰ ਕੌਂਸਲ ਪਾਤੜਾਂ ਦੀ ਕਾਰਜਸਾਧਕ ਅਫਸਰ ਸ੍ਰੀਮਤੀ ਬਲਜਿੰਦਰ ਕੌਰ ਵੱਲੋਂ ਕੀਤੀ ਗਈ ਚੋਣ ਪ੍ਰਕਿਰਿਆ ਦੌਰਾਨ ਨਵ-ਨਿਯੁਕਤ ਅਹੁਦੇਦਾਰਾਂ ਦੀ ਚੋਣ ਉਪਰੰਤ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਸ਼ਹਿਰ ਅੰਦਰ ਰਹਿੰਦੀਆਂ ਕਮੀਆਂ ਨੂੰ ਜਲਦ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।ਇਸ ਦੇ ਨਾਲ ਹੀ ਸ਼ਹਿਰ ਦੀ ਕਾਫੀ ਸਮੇਂ ਤੋਂ ਲਟਕਦੀ ਆ ਰਹੀ ਪਾਰਕ ਦੀ ਮੰਗ ਵੀ ਪੂਰੀ ਕੀਤੀ ਜਾ ਰਹੀ ਹੈ ਤੇ ਸ਼ਹਿਰ ਅੰਦਰ ਜਲਦ ਹੀ ਲੋਕਾਂ ਨੂੰ ਪਾਰਕ ਮਿਲੇਗਾ, ਜਿਸ ਵਿੱਚ ਸ਼ਹਿਰ ਦੇ ਬਜ਼ੁਰਗ ਤੇ ਲੋਕ ਆਪਣਾ ਸਮਾਂ ਸ਼ਾਂਤਮਈ ਅਤੇ ਖੁੱਲ੍ਹੇ ਵਾਤਾਵਰਨ ਵਿੱਚ ਬਤੀਤ ਕਰ ਸਕਣਗੇ।ਇਸ ਮੌਕੇ ਭਗਵਤ ਦਿਆਲ ਨਿੱਕਾ ਨੇ ਕਿਹਾ ਕਿ ਜੋ ਵਿਸ਼ਵਾਸ ਹਲਕਾ ਵਿਧਾਇਕ ਕੁਲਵੰਤ ਸਿੰਘ ਵੱਲੋਂ ਉਨ੍ਹਾਂ 'ਤੇ ਪ੍ਰਗਟਾਇਆ ਗਿਆ ਹੈ, ਉਸ 'ਤੇ ਖਰਾ ਉਤਰਦਿਆਂ ਉਹ ਆਪਣੀ ਜ਼ਿੰਮੇਦਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾਵੇਗਾ ਅਤੇ ਸਾਰੇ ਕੌਂਸਲਰਾਂ ਦੇ ਸਹਿਯੋਗ ਨਾਲ ਤੇ ਵਿਧਾਇਕ ਕੁਲਵੰਤ ਸਿੰਘ ਦੇ ਅਸ਼ੀਰਵਾਦ ਨਾਲ ਸ਼ਹਿਰ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਮੀਤ ਪ੍ਰਧਾਨ ਪਰਮਜੀਤ ਕੌਰ ਨੇ ਹਲਕਾ ਵਿਧਾਇਕ ਤੇ ਸਾਰੇ ਹੀ ਨਗਰ ਕੌਂਸਲਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।ਇਸ ਮੌਕੇ ਸੁਨੀਲ ਕੁਮਾਰ ਜਿੰਦਲ, ਕੁਲਦੀਪ ਸਿੰਘ ਥਿੰਦ, ਅੰਮ੍ਰਿਤਪਾਲ ਸਿੰਘ ਕਾਲੇਕਾ, ਸੁਖਪਾਲ ਸਿੰਘ ਵਿਰਕ, ਮਦਨ ਲਾਲ ਪ੍ਰਧਾਨ ਸ਼ਹਿਰੀ, ਜਸਵਿੰਦਰ ਸਿੰਘ ਸ਼ੇਰਗੜ੍ਹ, ਦਫਤਰ ਇੰਚਾਰਜ ਡੀ ਸੀ ਸਿੰਗਲਾ ਤੇ ਸ਼ਹਿਰ ਦੇ ਸਾਰੇ ਹੀ ਕੌਂਸਲਰ ਮੌਜੂਦ ਸਨ।

# ਮੁੰਡੀਆਂ ਵੱਲੋਂ ਨੌਜਵਾਨਾਂ ਨੂੰ ਵੱਡੇ ਸੁਪਨੇ ਲੈਣ ਤੇ ਸਖ਼ਤ ਮਿਹਨਤ ਕਰਨ ਦਾ ਸੱਦਾ

**ਕੈਬਨਿਟ ਮੰਤਰੀ ਵੱਲੋਂ ਅੰਤਰ-ਵਰਸਿਟੀ ਯੁਵਕ ਮੇਲੇ ਦੇ ਜੇਤੂਆਂ ਦਾ ਸਨਮਾਨ**




**ਲੁਧਿਆਣਾ (ਰਾਜ ਸਿੰਗਲਾ)**-ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਨੌਜਵਾਨਾਂ ਨੂੰ ਉੱਚੇ ਸੁਪਨੇ ਦੇਖਣ ਤੇ ਆਪਣੀ ਜ਼ਿੰਦਗੀ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰਨ ਦਾ ਸੱਦਾ ਦਿੱਤਾ।ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਵਿਖੇ ਪੰਜਾਬ ਰਾਜ ਅੰਤਰ-ਵਰਸਿਟੀ ਯੁਵਕ ਮੇਲੇ ਦੇ ਆਖਰੀ ਦਿਨ ਮੁੰਡੀਆਂ ਦੇ ਨਾਲ ਆਪਣੇ ਸੰਬੋਧਨ ਵਿੱਚ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਜੋ ਕਿ 'ਆਪ' ਦੇ ਕਾਰਜਕਾਰੀ ਪ੍ਰਧਾਨ ਵੀ ਹਨ, ਵਿਧਾਇਕ ਮਦਨ ਲਾਲ ਬੱਗਾ, ਮਾਰਕਫੈੱਡ ਦੇ ਚੇਅਰਮੈਨ ਅਮਨਦੀਪ ਸਿੰਘ ਮੋਹੀ, ਪੰਜਾਬ ਜੈਨਕੋ ਲਿਮਟਿਡ ਦੇ ਚੇਅਰਮੈਨ ਨਵਜੋਤ ਸਿੰਘ ਮੰਡੇਰ ਜਰਗ ਮੌਜੂਦ ਸਨ। ਕੈਬਨਿਟ ਮੰਤਰੀ ਨੇ ਭਾਰਤ ਨੂੰ ਵਿਸ਼ਵ ਦੀ ਮਹਾਂਸ਼ਕਤੀ ਬਣਾਉਣ ਲਈ ਨੌਜਵਾਨ ਵਰਗ ਦੇ ਮੋਢਿਆਂ 'ਤੇ ਵੱਡੀ ਜ਼ਿੰਮੇਵਾਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਪਣੇ ਟੀਚਿਆਂ 'ਤੇ ਕੇਂਦ੍ਰਿਤ ਰਹਿਣਾ ਚਾਹੀਦਾ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨੌਜਵਾਨਾਂ ਨੂੰ ਝਟਕਿਆਂ ਤੋਂ ਨਿਰਾਸ਼ ਨਹੀਂ ਹੋਣਾ ਚਾਹੀਦਾ, ਕਿਉਂਕਿ ਅਸਫ਼ਲਤਾਵਾਂ ਹੀ ਸਫਲਤਾ ਦੀਆਂ ਪੌੜੀਆਂ ਚੜ੍ਹਦੀਆਂ ਹਨ।ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਆਜ਼ਾਦੀ ਘੁਲਾਟੀਆਂ ਤੇ ਸ਼ਹੀਦਾਂ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ, ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਕਿਉਂਕਿ ਉਹ ਸਾਡੇ ਦੇਸ਼ ਦੇ ਭਵਿੱਖ ਦੀ ਪ੍ਰਤੀਨਿਧਤਾ ਕਰਦੇ ਹਨ।ਕੈਬਨਿਟ ਮੰਤਰੀ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ।

# ਮਹਾਪ੍ਰਗਯ ਸਕੂਲ 'ਚ ਹਨੂੰਮਾਨ ਦੇ ਜੀਵਨ 'ਤੇ ਅਧਾਰਤ ਸਭਾ




**ਜਗਰਾਓਂ (ਅਮਿਤ ਖੰਨਾ)**-ਮਹਾਪ੍ਰਗਯ ਸਕੂਲ ਦੇ ਜਸਵੰਤੀ ਦੇਵੀ ਜੈਨ ਮੈਮੋਰੀਅਲ ਹਾਲ ਵਿੱਚ ਕਲਾਸ ਐੱਲ.ਕੇ.ਜੀ. ਦੇ ਵਿਦਿਆਰਥੀਆਂ ਵੱਲੋਂ ਹਨੂੰਮਾਨ ਜੀ ਦੇ ਜੀਵਨ 'ਤੇ ਅਧਾਰਤ ਇੱਕ ਸਭਾ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਡਾਇਰੈਕਟਰ ਵਿਸ਼ਾਲ ਜੈਨ, ਪ੍ਰਿੰਸੀਪਲ ਪ੍ਰਭਜੀਤ ਕੌਰ ਵਰਮਾ ਤੇ ਕੋ-ਆਰਡੀਨੇਟਰ ਸੁਰਿੰਦਰ ਕੌਰ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ।ਸ੍ਰੀ ਵਿਸ਼ਾਲ ਜੈਨ ਨੇ ਬੱਚਿਆਂ ਦੇ ਉਤਸ਼ਾਹ ਨੂੰ ਵਧਾਉਂਦੇ ਹੋਏ ਕਿਹਾ ਕਿ ਹਨੂੰਮਾਨ ਜੀ ਬਲਵਾਨ ਸਨ ਤੇ ਉਹ ਸਾਰੀ ਉਮਰ ਬ੍ਰਹਮਚਾਰੀ ਰਹੇ।ਵਿਦਿਆਰਥਣਾਂ ਨਿਮਰਤ ਕੌਰ, ਸ਼ਾਹਬਾਜ਼ ਸਿੰਘ ਤੇ ਯੁਵਿਕਾ ਨੇ ਹਨੂੰਮਾਨ ਜੀ ਦੇ ਜੀਵਨ ਨੂੰ ਆਪਣੇ ਸ਼ਬਦਾਂ ਵਿੱਚ ਬਹੁਤ ਵਧੀਆ ਢੰਗ ਨਾਲ ਬਿਆਨ ਕੀਤਾ।ਕੋ-ਆਰਡੀਨੇਟਰ ਸੁਰਿੰਦਰ ਕੌਰ ਨੇ ਆਏ ਮਹਿਮਾਨਾਂ ਤੇ ਮਾਪਿਆਂ ਦਾ ਸਵਾਗਤ ਕੀਤਾ।ਸ੍ਰੀਮਤੀ ਆਂਚਲ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਹਨੂੰਮਾਨ ਜੀ ਦੇ ਜੀਵਨ ਦਰਸ਼ਨ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਬਹੁਤ ਵਧੀਆ ਢੰਗ ਨਾਲ ਸਮਝਾਇਆ।ਬਾਲ ਕਲਾਕਾਰਾਂ ਨੇ ਹਨੂੰਮਾਨ ਜੀ ਦੇ ਬਚਪਨ ਨੂੰ ਦਰਸਾਉਂਦੇ 'ਅਕਰਮ ਬਕਰਮ' ਗੀਤ 'ਤੇ ਡਾਂਸ ਕੀਤਾ ਤੇ ਨਾਟਕ ਦੇ ਰੂਪ 'ਚ ਸੰਜੀਵਨੀ ਜੜ੍ਹੀ-ਬੂਟੀ ਲਿਆ ਕੇ ਹਨੂੰਮਾਨ ਜੀ ਨੇ ਲਕਸ਼ਮਣ ਜੀ ਦੀ ਜਾਨ ਬਚਾਈ ਦਾ ਦ੍ਰਿਸ਼ ਪੇਸ਼ ਕੀਤਾ।ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਪ੍ਰਭਜੀਤ ਕੌਰ ਵਰਮਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਸਮੂਹ ਅਧਿਆਪਕਾਂ ਨੂੰ ਪ੍ਰੋਗਰਾਮ ਦੀ ਸਫ਼ਲਤਾ ਲਈ ਵਧਾਈ ਦਿੱਤੀ।ਸਮੁੱਚਾ ਪ੍ਰੋਗਰਾਮ ਸੰਗੀਤ-ਅਧਿਆਪਕ ਅਮਨਦੀਪ ਸਿੰਘ ਹਾਂਸ ਤੇ ਇੰਦਰਜੀਤ ਸਿੰਘ, ਡਾਂਸ-ਅਧਿਆਪਕ ਰਣਜੀਤ ਸਿੰਘ, ਕਲਾ-ਅਧਿਆਪਕ ਮਨੀਸ਼ ਕੁਮਾਰ, ਪਰਮਪ੍ਰੀਤ ਕੌਰ ਤੇ ਕਲਾਸ ਅਧਿਆਪਕਾ ਵੀਨਾ ਰਾਣੀ, ਆਂਚਲ ਤੇ ਮਨਦੀਪ ਕੌਰ ਦੀ ਦੇਖ-ਰੇਖ ਹੇਠ ਹੋਇਆ।ਸਟੇਜ ਸੰਚਾਲਕ ਦੀ ਭੂਮਿਕਾ ਰਜਨੀ ਜੈਸਵਾਲ ਨੇ ਬਾਖੂਬੀ ਨਿਭਾਈ। ਸਾਰੇ ਮਾਪਿਆਂ ਨੇ ਇਸ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ।ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਦੇ ਗਾਇਨ ਨਾਲ ਹੋਈ।

# ਆਰੀਆ ਸਮਾਜ ਦਾ ਸਾਲਾਨਾ ਸਮਾਗਮ ਸਫਲਤਾ ਪੂਰਵਕ ਸੰਪੰਨ



**ਸਮਾਣਾ (ਇਕਬਾਲ ਸਿੰਘ ਬੱਲ)**-ਆਰੀਆ ਸਮਾਜ ਸਮਾਣਾ ਦੇ ਚੱਲ ਰਹੇ ਪੰਜ ਦਿਨਾ ਸਾਲਾਨਾ ਵਾਰਸ਼ਿਕ ਉੱਤਸਵ ਦੇ ਪੰਜਵੇਂ ਦਿਨ ਮਾਤਾ ਨੈਣਾਂ ਆਰੀਆ ਧਰਮਸ਼ਾਲਾ ਵਿਖੇ ਪ੍ਰਧਾਨ ਯਸ਼ਪਾਲ ਸਿੰਗਲਾ ਦੀ ਅਗਵਾਈ ਵਿੱਚ 101 ਹਵਨ ਕੁੰਡਾ ਨਾਲ ਅੰਜਲੀ ਆਰੀਆ ਦੁਆਰਾ ਵੇਦ ਮੰਤਰਾ ਦੇ ਉਚਾਰਨਾਂ ਨਾਲ ਯੱਗ ਕਰਵਾ ਕੇ ਪੁਰਨਾਹੁਤੀ ਕੀਤੀ ਤੇ ਪੰਜ ਦਿਨਾ ਆਰੀਆ ਸਮਾਜ ਦੇ ਸਾਲਾਨਾ ਉੱਤਸਵ ਨੂੰ ਸੰਪੂਰਨ ਹੋਇਆ।ਝੰਡੇ ਦੀ ਰਸਮ ਅੱਜ ਦੇ ਮੁੱਖ ਮਹਿਮਾਨ ਪਟਿਆਲਾ ਤੋਂ ਸਾਂਸਦ ਡਾਕਟਰ ਧਰਮਵੀਰ ਗਾਂਧੀ ਵੱਲੋਂ ਅਦਾ ਕੀਤੀ ਗਈ।ਚੌਥੇ ਦਿਨ ਦੇ ਰਾਤ ਦੇ ਸਤਰ ਵਿੱਚ ਅੰਜਲੀ ਆਰੀਆ ਨੇ ਆਪਣੇ ਪ੍ਰਵਚਨਾਂ ਵਿੱਚ ਕਿਹਾ ਕਿ ਜੇਕਰ ਅਸੀਂ ਆਪਣੀ ਸੰਸਕ੍ਰਿਤੀ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਬੱਚਿਆਂ ਨੂੰ ਮੋਬਾਈਲ ਫੋਨ ਤੋਂ ਦੂਰ ਰੱਖਣਾ ਚਾਹੀਦਾ ਹੈ ਤੇ ਹਫ਼ਤੇ ਵਿੱਚ ਇੱਕ ਵਾਰ ਉਨ੍ਹਾਂ ਨੂੰ ਗਊਸ਼ਾਲਾ, ਅਨਾਥ ਆਸ਼ਰਮ, ਪਿੰਗਲਾ ਆਸ਼ਰਮ ਜਾਂ ਕਿਸੇ ਵੀ ਧਾਰਮਿਕ ਸਥਾਨ 'ਤੇ ਲੈ ਕੇ ਜਾਣਾ ਚਾਹੀਦਾ ਹੈ ਤਾਂ ਜੋ ਆਪਣੀ ਸੰਸਕ੍ਰਿਤੀ ਨਾਲ ਜੁੜੇ ਰਹਿਣ।

ਉਨ੍ਹਾ ਕਿਹਾ ਕਿ ਸੰਸਾਰ ਦੇ ਕਲਿਆਣ ਲਈ ਸਾਨੂੰ ਦਿਨ ਵਿੱਚ ਇੱਕ ਵਾਰ ਯੱਗ ਜ਼ਰੂਰ ਕਰਨਾ ਚਾਹੀਦਾ ਹੈ।ਇਸ ਮੌਕੇ ਸ਼ਹਿਰ ਦੀ ਦੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੂੰ ਸਨਮਾਨਤ ਵੀ ਕੀਤਾ ਗਿਆ।ਅੱਜ ਦੇ ਯੱਗ ਵਿੱਚ ਮਦਨ ਲਾਲ ਸਿੰਗਲਾ, ਅਜੇ ਬਾਂਸਲ, ਟੇਕ ਚੰਦ ਗੋਇਲ, ਰਘੂਨਾਥ ਬਾਂਸਲ, ਜਵਾਹਰ ਲਾਲ ਗੋਇਲ, ਯਸ ਸਿੰਗਲਾ, ਕਿੱਟੀ ਗਰਗ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਉਦਯੋਗਪਤੀ ਰਾਮੇਸ਼ ਗਰਗ ਸ਼ਾਮ ਲਾਲ ਗਰਗ, ਰਾਜ ਸੱਚਦੇਵਾ, ਜੀਵਨ ਗਰਗ, ਡਾਕਟਰ ਕੇ ਕੇ ਜੌਹਰੀ, ਰਛਪਾਲ ਸਿੰਘ ਜੌੜਾਮਾਜਰਾ, ਡਾਕਟਰ ਅਸ਼ੋਕ, ਡਾਕਟਰ ਪ੍ਰੇਮ ਪਾਲ, ਪ੍ਰਦੀਪ ਗੋਇਲ ਮੀਕਾ, ਡਾਕਟਰ ਹੇਮਰਾਜ ਗੋਇਲ, ਪਰਮੋਦ ਸਿੰਗਲਾ, ਜੀ ਸੀ ਗੋਇਲ, ਪਵਨ ਬਾਂਸਲ, ਮਹਿੰਦਰ ਧੀਮਾਨ, ਕ੍ਰਿਸ਼ਨ ਬਾਂਸਲ, ਪਵਨ ਸ਼ਾਸਤਰੀ, ਅਮੀਰ ਚੰਦ ਸਿੰਗਲਾ, ਦਯਾਨੰਦ ਮਾਡਲ ਹਾਈ ਸਕੂਲ ਦੀ ਪ੍ਰਿੰਸੀਪਲ ਰੇਖਾ ਸਿੰਗਲਾ, ਸੰਜੀਵ ਕਾਲੜਾ, ਸਤੀ ਮਾਤਾ ਮੰਦਿਰ ਮਹਿਲਾ ਸੰਕੀਰਤਨ ਦੀ ਪ੍ਰਧਾਨ ਸੁਸ਼ਮਾ ਤੇ ਮੈਂਬਰ ਆਦਿ ਮੌਜੂਦ ਸਨ।

# ਹਰਚੰਦ ਸਿੰਘ ਬਰਸਟ ਨੂੰ ਲਗਾਇਆ ਕੌਸਾਂਬ ਦਾ ਚੇਅਰਮੈਨ

## ਪੂਰੇ ਭਾਰਤ 'ਚ ਮੰਡੀਕਰਨ ਸਿਸਟਮ ਨੂੰ ਅੱਪਗਰੇਡ ਕਰਕੇ ਹਰ ਵਰਗ ਦੇ ਫਾਇਦੇ ਲਈ ਕਰਾਂਗੇ ਕਾਰਜ : ਬਰਸਟ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਵੱਲੋਂ ਪੰਜਾਬ ਦੇ ਮੰਡੀਕਰਣ ਸਿਸਟਮ ਲਈ ਕੀਤੇ ਜਾ ਰਹੇ ਮਿਸਾਲੀ ਕਾਰਜਾਂ ਦੇ ਚਲਦਿਆਂ ਉਨ੍ਹਾਂ ਨੂੰ ਨੈਸ਼ਨਲ ਕੌਂਸਲ ਆਫ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ (ਕੌਸਾਂਬ) ਨਵੀਂ ਦਿੱਲੀ ਦਾ ਚੇਅਰਮੈਨ ਲਗਾਇਆ ਗਿਆ ਹੈ।ਇਸ ਦਾ ਐਲਾਨ ਕੌਸਾਂਬ ਦੇ ਮੈਨੇਜਿੰਗ ਡਾਇਰੈਕਟਰ ਡਾ. ਜੇ. ਐੱਸ. ਯਾਦਵ ਵੱਲੋਂ ਕਿਸਾਨ ਭਵਨ ਵਿਖੇ ਇੱਕ ਸਮਾਗਮ ਦੌਰਾਨ ਕੀਤਾ ਗਿਆ।ਸ੍ਰ. ਹਰਚੰਦ ਸਿੰਘ ਬਰਸਟ ਕੌਸਾਂਬ ਦੇ 21ਵੇਂ ਚੇਅਰਮੈਨ ਬਣੇ ਹਨ।ਇਸ ਦੌਰਾਨ ਸ੍ਰੀ ਆਦਿਤਯ ਦੇਵੀ ਲਾਲ ਚੌਟਾਲਾ, ਵਿਧਾਇਕ ਡੱਬਵਾਲੀ, ਹਰਿਆਣਾ ਤੇ ਸਾਬਕਾ ਚੇਅਰਮੈਨ ਕੌਸਾਂਬ ਵੱਲੋਂ ਸ੍ਰ. ਹਰਚੰਦ ਸਿੰਘ ਬਰਸਟ ਨੂੰ ਰਸਮੀ ਤੌਰ 'ਤੇ ਕੌਸਾਂਬ ਦੀ ਵਾਗਡੋਰ ਸੌਂਪੀ ਗਈ।ਇਸ ਮੌਕੇ ਸ੍ਰ. ਬਰਸਟ ਨੇ ਡਾ. ਜੇ. ਐੱਸ. ਯਾਦਵ ਸਮੇਤ ਕੌਸਾਂਬ ਦੇ ਸਮੂਹ ਅਧਿਕਾਰੀਆਂ ਦਾ ਧੰਨਵਾਦ ਕੀਤਾ ਤੇ ਭਰੋਸਾ ਦਿਵਾਇਆ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ।ਬਰਸਟ ਨੇ ਕਿਹਾ ਕਿ ਕਿਸਾਨ ਵੱਖ-ਵੱਖ ਕਿਸਮਾਂ ਦੀਆਂ ਫਸਲਾਂ ਦੀ ਪੈਦਾਵਾਰ ਕਰਕੇ ਸਾਰੀਆਂ ਦਾ ਪੇਟ ਭਰਦੇ ਹਨ, ਇਸ ਲਈ ਉਨ੍ਹਾਂ ਨੂੰ ਅੰਨਦਾਤਾ ਕਿਹਾ ਜਾਂਦਾ ਹੈ।ਵੱਖ-ਵੱਖ ਪ੍ਰਕਾਰ ਦੀਆਂ ਸਬਜ਼ੀਆਂ, ਫਲਾਂ ਸਮੇਤ ਅਨਾਜ ਦੀ ਪੈਦਾਵਾਰ ਕਿਸਾਨਾਂ ਵੱਲੋਂ ਕੀਤੀ ਜਾਂਦੀ ਹੈ।ਕਿਸਾਨ ਦੀ ਉਪਜ ਤੋਂ ਲੈ ਕੇ ਫਸਲ ਦੇ ਮੰਡੀ ਵਿੱਚ ਆਉਣਾ ਤੇ ਕੰਜ਼ਿਊਮਰ ਦੇ ਘਰ ਤੱਕ ਪਹੁੰਚਾਉਣ ਦਾ ਕੰਮ ਨਰੋਏ ਢੰਗ ਨਾਲ ਹੋਣਾ ਬਹੁਤ ਜ਼ਰੂਰੀ ਹੈ।ਅੱਜ ਸਾਰਿਆਂ ਦੇ ਖਾਣ-ਪੀਣ ਦਾ ਢੰਗ ਬਦਲ ਰਿਹਾ ਹੈ, ਇਸ ਲਈ ਅਧੁਨਿਕੀਕਰਨ ਦੀ ਬੇਹੱਦ ਜ਼ਰੂਰਤ ਹੈ।

ਉਨ੍ਹਾਂ ਕਿਹਾ ਕਿ ਅੱਜ ਪੂਰੇ ਭਾਰਤ ਦੇ ਮੰਡੀ ਸਿਸਟਮ ਨੂੰ ਇੱਕ ਮਾਲਾ ਵਿੱਚ ਪਰੋਣਾ ਜ਼ਰੂਰੀ ਹੈ ਤੇ ਅਸੀਂ ਭਾਰਤ ਵਿੱਚ ਮੰਡੀਕਰਨ ਸਿਸਟਮ ਨੂੰ ਅੱਪਗਰੇਡ ਕਰਕੇ ਚੰਗੇ ਢੰਗ ਨਾਲ ਚਲਾਵਾਂਗੇ, ਤਾਂ ਜੋ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ, ਵਪਾਰੀਆਂ ਸਮੇਤ ਸਾਰੇ ਵਰਗਾਂ ਨੂੰ ਇਸ ਦਾ ਲਾਭ ਮਿਲ ਸਕੇ। ਡਾ. ਜੇ. ਐੱਸ. ਯਾਦਵ ਨੇ ਆਸ ਪ੍ਰਗਟਾਈ ਕਿ ਜਿਸ ਤਰ੍ਹਾਂ ਸ੍ਰ. ਹਰਚੰਦ ਸਿੰਘ ਬਰਸਟ ਵੱਲੋਂ ਪੰਜਾਬ ਦੇ ਮੰਡੀਕਰਨ ਸਿਸਟਮ ਨੂੰ ਅੱਪਗਰੇਡ ਕੀਤਾ ਜਾ ਰਿਹਾ ਹੈ ਅਤੇ ਆਮਦਨ ਦੇ ਨਵੇਂ ਵਸੀਲੇ ਪੈਦਾ ਕੀਤੇ ਗਏ ਹਨ, ਉਹ ਸ਼ਲਾਘਾ ਯੋਗ ਹਨ।ਉਨ੍ਹਾ ਕਿਹਾ ਕਿ ਪੰਜਾਬ ਦਾ ਮੰਡੀਕਰਨ ਸਿਸਟਮ ਭਾਰਤ ਵਿੱਚ ਬਹੁਤ ਵਧੀਆ ਹੈ ਅਤੇ ਸ੍ਰ. ਬਰਸਟ ਦੀ ਅਗਵਾਈ ਵਿੱਚ ਪੂਰੇ ਭਾਰਤ ਦੇ ਮੰਡੀ ਸਿਸਟਮ ਵਿੱਚ ਬਦਲਾਅ ਲਿਆ ਕੇ ਖੇਤੀਬਾੜੀ ਨੂੰ ਇਕ ਲਾਹੇਵੰਦ ਧੰਦਾ ਬਣਾਇਆ ਜਾਵੇਗਾ।ਇਸ ਮੌਕੇ ਕੌਸਾਂਬ ਤੇ ਪੰਜਾਬ ਮੰਡੀ ਬੋਰਡ ਦੇ ਅਧਿਕਾਰੀ ਵੀ ਮੌਜੂਦ ਰਹੇ।

# 68ਵੀਆਂ ਅੰਤਰ-ਜ਼ਿਲ੍ਹਾ ਖੇਡਾਂ 'ਚ ਪੰਜਾਬ ਕੋ-ਐਜੂਕੇਸ਼ਨ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਜ਼ਿਲ੍ਹੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ, ਜਿਸ ਦੀ ਅਗਵਾਈ ਸਕੂਲ ਦੇ ਸੰਸਥਾਪਕ ਸ੍ਰ. ਗੁਰਦੇਵ ਸਿੰਘ, ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਦੀ ਅਗਵਾਈ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਸ਼ਾਨਦਾਰ ਪ੍ਰਾਪਤੀਆਂ ਹਾਸਲ ਕਰ ਰਹੀ ਹੈ, ਪੰਜਾਬ ਕੋ-ਐਜੂਕੇਸ਼ਨ ਸਕੂਲ ਦੀਆਂ ਵਿਦਿਆਰਥਣਾਂ ਨੇ 68ਵੀਆਂ ਅੰਤਰ-ਜ਼ਿਲ੍ਹਾ ਖੇਡਾਂ ਵਿੱਚ ਮੋਗੇ ਜ਼ਿਲ੍ਹੇ ਦੀ ਅੰਡਰ-19 ਕ੍ਰਿਕਟ ਟੀਮ (ਲੜਕੀਆਂ) ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਨ੍ਹਾਂ ਖੇਡਾਂ ਦਾ ਆਗਾਜ਼ ਚੈਂਪੀਅਨ ਅਕੈਡਮੀ ਮੋਹਾਲੀ ਵਿਖੇ 26 ਤੋਂ 28 ਨਵੰਬਰ ਤੱਕ ਹੋਇਆ।ਮੋਗਾ ਜ਼ਿਲ੍ਹੇ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਕਾਂਸੀ ਤਮਗਾ ਜਿੱਤਿਆ।ਇਸ ਟੂਰਨਾਮੈਂਟ ਵਿੱਚ ਮੋਗਾ ਜ਼ਿਲ੍ਹੇ ਵੱਲੋਂ ਕੁੱਲ ਪੰਜ ਮੈਚ ਖੇਡੇ ਗਏ, ਜਿਸ ਦੌਰਾਨ ਮੋਗਾ ਜ਼ਿਲ੍ਹੇ ਦੀ ਟੀਮ ਨੇ ਮਾਨਸਾ, ਬਰਨਾਲਾ, ਫਤਿਹਗੜ੍ਹ ਸਾਹਿਬ ਤੇ ਸ੍ਰੀ ਮੁਕਤਸਰ ਸਾਹਿਬ ਦੀਆਂ ਟੀਮਾਂ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।ਰਨਰਅੱਪ ਮੈਚ ਦੌਰਾਨ ਤੀਜੀ ਪੁਜ਼ੀਸ਼ਨ ਲਈ ਮੋਗਾ ਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦਰਮਿਆਨ ਮੈਚ ਖੇਡਿਆ ਗਿਆ।ਇਸ ਵਿੱਚ ਮੁਕਤਸਰ ਦੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 67 ਰਨਾਂ ਦਾ ਟਾਰਗੇਟ ਦਿੱਤਾ ਤੇ ਮੋਗੇ ਜ਼ਿਲ੍ਹੇ ਦੀ ਟੀਮ ਨੇ 6 ਓਵਰਾਂ ਵਿੱਚ ਇਹ ਮੈਚ ਆਸਾਨੀ ਨਾਲ ਜਿੱਤ ਲਿਆ ਅਤੇ ਸਟੇਟ ਪ੍ਰਤੀਯੋਗਤਾ ਵਿੱਚ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਸ਼ਨਾਇਆ ਮਹਿਤਾ ਨੇ ਪੰਜ ਮੈਚਾਂ ਵਿੱਚ 9 ਖਿਡਾਰਨਾਂ ਨੂੰ ਆਊਟ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸੇ ਤਰ੍ਹਾਂ ਦੂਸਰੀ ਲੜਕੀ ਹਰਮਨਦੀਪ ਕੌਰ ਨੇ ਵੀ ਵਧੀਆ ਬੈਟਿੰਗ ਤੇ ਬੌਲਿੰਗ ਦਾ ਪ੍ਰਦਰਸ਼ਨ ਕੀਤਾ।ਮੋਗਾ ਜ਼ਿਲ੍ਹੇ ਦੀਆਂ ਲੜਕੀਆਂ ਦੀ ਕ੍ਰਿਕਟ ਟੀਮ ਨਾਲ ਗੌਰਮਿੰਟ ਸਕੂਲ ਰੋਡੇ ਦੇ ਇੰਚਾਰਜ ਪ੍ਰਭਦੀਪ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਪੰਜਾਬ ਕੋ-ਐਜੂਕੇਸ਼ਨ ਸਕੂਲ ਬਾਘਾ ਪੁਰਾਣਾ ਸੰਦੀਪ ਮਹਿਤਾ, ਮੈਡਮ ਸਖਵੀਰ ਕੌਰ ਤੇ ਹਰਦੀਪ ਕੌਰ ਨੇ ਤਿੰਨ ਦਿਨ ਲੜਕੀਆਂ ਨਾਲ ਰਹਿ ਕੇ ਪੂਰਾ ਸਹਿਯੋਗ ਦਿੱਤਾ।ਇਸ ਖੁਸ਼ੀ ਦੇ ਮੌਕੇ 'ਤੇ ਇਨ੍ਹਾਂ ਵਿਦਿਆਰਥਣਾਂ ਦੇ ਸਕੂਲ ਪਹੁੰਚਣ 'ਤੇ ਸੰਸਥਾ ਦੇ ਬਾਨੀ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ, ਪ੍ਰਿੰਸੀਪਲ ਮੈਡਮ ਪ੍ਰਮਿੰਦਰ ਕੌਰ, ਕੋਆਰਡੀਨੇਟਰ ਮੁਕੇਸ਼ ਅਰੋੜਾ, ਕੋਆਰਡੀਨੇਟਰ ਮੈਡਮ ਦੀਪਿਕਾ ਮਨਚੰਦਾ, ਮੈਡਮ ਖੁਸ਼ਪ੍ਰੀਤ ਵੱਲੋਂ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਇਸ ਸ਼ਾਨਦਾਰ ਪ੍ਰਾਪਤੀ ਲਈ ਕੋਚ ਲਵਪ੍ਰੀਤ ਸਿੰਘ, ਨਵਨੀਤ ਸਿੰਘ ਤੇ ਡੀ. ਪੀ. ਈ. ਬਲਰਾਜ ਸਿੰਘ ਨੂੰ ਵੀ ਵਧਾਈ ਦਿੱਤੀ ਗਈ।ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

2-Dec-PAGE---8.qxd 12/1/2024 9:00 PM Page 1



# 6 ਨਸ਼ਾ ਤਸਕਰ ਗ੍ਰਿਫ਼ਤਾਰ

## ਹੈਰੋਇਨ, ਨਸ਼ੀਲੀਆਂ ਗੋਲੀਆਂ ਤੇ ਨਕਦੀ ਬਰਾਮਦ



**ਜਲੰਧਰ ( ਇਕਬਾਲ ਸਿੰਘ ਉੱਭੀ)**

ਜ਼ਿਲ੍ਹੇ 'ਚ ਨਸ਼ਾ ਤਸਕਰੀ ਨੂੰ ਕਰਾਰਾ ਝਟਕਾ ਦਿੰਦੇ ਹੋਏ ਜਲੰਧਰ ਦਿਹਾਤੀ ਪੁਲਸ ਨੇ 24 ਘੰਟਿਆਂ ਦੇ ਅੰਦਰ ਚਲਾਏ ਗਏ ਤਿੰਨ ਅਪਰੇਸ਼ਨਾਂ ਦੌਰਾਨ 6 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਕਾਰਵਾਈ ਦੌਰਾਨ 23 ਗ੍ਰਾਮ ਹੈਰੋਇਨ, 405 ਨਸ਼ੀਲੀਆਂ ਗੋਲੀਆਂ, 10000 ਹਜ਼ਾਰ ਰੁਪਏ ਨਕਦ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਵਰਤਿਆ ਜਾਣ ਵਾਲਾ ਮੋਟਰਸਾਈਕਲ ਬਰਾਮਦ ਹੋਇਆ।ਸੀਨੀਅਰ ਪੁਲਸ ਕਪਤਾਨ (ਐਸ ਐਸ ਪੀ) ਹਰਕਮਲਪ੍ਰੀਤ ਸਿੰਘ ਖੱਖ ਨੇ ਸ਼ਨੀਵਾਰ ਨੂੰ ਜ਼ਿਲ੍ਹਾ ਪੁਲਸ ਹੈੱਡਕੁਆਰਟਰ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ, 'ਇਹ ਨਸ਼ਿਆਂ ਦੇ ਨੈੱਟਵਰਕ ਨੂੰ ਜੜ੍ਹੋਂ ਪੁੱਟਣ ਅਤੇ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਡੀ ਚੱਲ ਰਹੀ ਮੁਹਿੰਮ ਦਾ ਹਿੱਸਾ ਹੈ। ਪਹਿਲੀ ਕਾਰਵਾਈ ਵਿੱਚ ਫਿਲੌਰ ਥਾਣੇ ਦੀ ਟੀਮ ਨੇ ਪਿੰਡ ਪੰਜਢੇਰਾ ਨੇੜਿਓਂ ਕਮਲੇਸ਼ ਕੁਮਾਰ ਉਰਫ਼ ਸੋਨੂੰ ਬੱਚਾ ਅਤੇ ਆਕਾਸ਼ ਕੁਮਾਰ ਉਰਫ਼ ਬਾਬਾ ਨੂੰ ਕਾਬੂ ਕੀਤਾ। ਵਿਸ਼ੇਸ਼ ਸੂਚਨਾ 'ਤੇ ਕਾਰਵਾਈ ਕਰਦਿਆਂ ਪੁਲਸ ਨੇ 8 ਗ੍ਰਾਮ ਹੈਰੋਇਨ, 105 ਨਸ਼ੀਲੀਆਂ ਗੋਲੀਆਂ ਅਤੇ 10,000 ਰੁਪਏ ਨਕਦ ਬਰਾਮਦ ਕੀਤੇ। ਇੰਸਪੈਕਟਰ ਸੰਜੀਵ ਕਪੂਰ ਦੀ ਅਗਵਾਈ ਹੇਠ ਰਣਨੀਤਕ ਥਾਵਾਂ 'ਤੇ ਤਾਇਨਾਤ ਟੀਮਾਂ ਨਾਲ ਇਹ ਆਪ੍ਰੇਸ਼ਨ ਚਲਾਇਆ ਗਿਆ। ਇੱਕ ਹੋਰ ਅਹਿਮ ਕਾਰਵਾਈ ਵਿੱਚ ਪਤਾਰਾ ਪੁਲਸ ਸਟੇਸ਼ਨ ਦੀ ਟੀਮ ਨੇ ਪਿੰਡ ਚਾਂਦਪੁਰ ਨੇੜਿਓਂ ਰਾਜਵਿੰਦਰ ਸਿੰਘ ਉਰਫ਼ ਰਾਜਾ ਅਤੇ ਹਰਦੀਪ ਥਾਪਰ ਉਰਫ਼ ਹਨੀ ਨੂੰ ਗ੍ਰਿਫਤਾਰ ਕੀਤਾ ਹੈ। ਦੋਵਾਂ ਨੂੰ 12 ਗ੍ਰਾਮ ਹੈਰੋਇਨ ਅਤੇ 300 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਗਿਆ। ਨਸ਼ੀਲੇ ਪਦਾਰਥਾਂ ਦੀ ਢੋਆ-ਢੁਆਈ ਲਈ ਵਰਤਿਆ ਜਾਣ ਵਾਲਾ ਮੋਟਰਸਾਈਕਲ (ਪੀਬੀ-08-ਈਐਮ-5261) ਵੀ ਜ਼ਬਤ ਕੀਤਾ ਗਿਆ। ਡੀ ਐਸ ਪੀ ਕੁਲਵੰਤ ਸਿੰਘ ਨੇ ਫੋਕਸ ਗਸ਼ਤ ਟੀਮ ਨਾਲ ਇਸ ਕਾਰਵਾਈ ਦੀ ਨਿਗਰਾਨੀ ਕੀਤੀ ਹੈ। ਥਾਣਾ ਕਰਤਾਰਪੁਰ ਦੀ ਅਗਵਾਈ ਹੇਠ ਤੀਸਰੇ ਆਪ੍ਰੇਸ਼ਨ ਦੇ ਨਤੀਜੇ ਵਜੋਂ ਅਰਸ਼ਪ੍ਰੀਤ ਸਿੰਘ ਅਤੇ ਦਿਲਪ੍ਰੀਤ ਨੂੰ ਕਾਬੂ ਕੀਤਾ ਗਿਆ, ਜਿਨ੍ਹਾਂ ਨੂੰ ਅੰਬੀਆ ਪਿੰਡ ਨੇੜੇ ਰੋਕਿਆ ਗਿਆ। ਪੁਲਸ ਨੇ ਇਨ੍ਹਾਂ ਦੇ ਕਬਜ਼ੇ 'ਚੋਂ 3 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਹ ਕਾਰਵਾਈ ਡੀ ਐ ਸਪੀ ਕਰਤਾਰਪੁਰ ਸੁਰਿੰਦਰ ਪਾਲ ਦੀ ਦੇਖ-ਰੇਖ ਹੇਠ ਕੀਤੀ ਗਈ।

# ਪੰਜਾਬ ਰਾਜ ਅਧਿਆਪਕ ਯੋਗਤਾ ਪ੍ਰੀਖਿਆ ਕੇਂਦਰਾਂ ਦੇ ਨੇੜੇ ਅਣ-ਅਧਿਕਾਰਤ ਵਿਅਕਤੀਆਂ ਦੇ ਦਾਖ਼ਲੇ 'ਤੇ ਲਾਈ ਪਾਬੰਦੀ

**ਨਵਾਂਸ਼ਹਿਰ, (ਮਨੋਜ ਲਾਡੀ)**

ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਮਿਤੀ 1 ਦਸੰਬਰ 2024, ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਹੋਣ ਵਾਲੀ ਪੰਜਾਬ ਰਾਜ ਅਧਿਆਪਕ ਯੋਗਤਾ ਪ੍ਰੀਖਿਆ-2024 ਦੌਰਾਨ ਪ੍ਰੀਖਿਆ ਕੇਂਦਰਾਂ ਅਤੇ ਨੋਡਲ ਸੈਂਟਰਾਂ ਦੇ 100 ਮੀਟਰ ਦੇ ਘੇਰੇ ਵਿਚ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਵਾਸਤੇ ਕਿਸੇ ਵੀ ਅਣ-ਅਧਿਕਾਰਤ ਵਿਅਕਤੀ ਨੂੰ ਦਾਖ਼ਲ ਨਾ ਹੋਣ ਦਿੱਤਾ ਜਾਵੇ। ਇਨ੍ਹਾਂ ਹੁਕਮਾਂ ਨੂੰ ਲਾਗੂ ਕਰਵਾਉਣ ਦੇ ਸੀਨੀਅਰ ਪੁਲਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸ਼ਹੀਦ ਭਗਤ ਸਿੰਘ ਨਗਰ ਜ਼ਿੰਮੇਵਾਰ ਹੋਣਗੇ। ਇਹ ਹੁਕਮ ਮਿਤੀ 1 ਦਸੰਬਰ, 2024 ਨੂੰ ਇਕ ਦਿਨ ਲਈ ਲਾਗੂ ਰਹੇਗਾ।ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਪਣੇ ਅਰਧ ਸਰਕਾਰੀ ਪੱਤਰ ਰਾਹੀਂ ਲਿਖਿਆ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਅਧਿਆਪਕ ਯੋਗਤਾ ਪ੍ਰੀਖਿਆ-2024 ਮਿਤੀ 1 ਦਸੰਬਰ 2024 (ਐਤਵਾਰ) ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਸ਼ਹੀਦ ਭਗਤ ਸਿੰਘ ਨਗਰ ਦੇ ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿਚ ਕਰਵਾਈ ਜਾ ਰਹੀ ਹੈ, ਜਿਨ੍ਹਾਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੰਗੜੋਆ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਹਮਾ, ਦੁਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ, ਡਾ. ਆਸਾ ਨੰਦ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ ਰਾਹੋਂ ਰੋਡ ਨਵਾਂਸ਼ਹਿਰ, ਦੁਆਬਾ ਸਿੱਖ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਅਤੇ ਜੇ.ਐਸ.ਐਫ.ਐਚ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਸ਼ਾਮਿਲ ਹਨ। ਇਸ ਪ੍ਰੀਖਿਆ ਦੇ ਸਫਲ ਸੰਚਾਲਨ ਲਈ ਪ੍ਰੀਖਿਆ ਕੇਂਦਰਾਂ ਅਤੇ ਨੋਡਲ ਸੈਂਟਰਾਂ ਦੇ ਆਲੇ-ਦੁਆਲੇ ਧਾਰਾ 163 ਤਹਿਤ ਪਾਬੰਦੀ ਦੇ ਹੁਕਮ ਜਾਰੀ ਕੀਤੇ ਜਾਣੇ ਜ਼ਰੂਰੀ ਹਨ, ਤਾਂ ਜੋ ਕਿਸੇ ਵੀ ਅਣਸੁਖਾਵੀ ਘਟਨਾ ਨੂੰ ਰੋਕਿਆ ਜਾ ਸਕੇ।

# ਸੀ ਐਚ ਸੀ ਬੜਾ ਪਿੰਡ 'ਚ ਵਿਸ਼ਵ ਏਡਜ਼ ਦਿਵਸ ਮਨਾਇਆ

**ਗੁਰਾਇਆ (ਬਿੰਦਰ ਸੁਮਨ)-**




ਸਿਵਲ ਸਰਜਨ ਜਲੰਧਰ ਡਾ. ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਵਿਸ਼ਵ ਏਡਜ਼ ਦਿਵਸ ਮਨਾਇਆ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਅਮਿਤਾ ਲੂਨਾ ਨੇ ਦੱਸਿਆ ਕਿ ਵਿਸ਼ਵ ਏਡਜ਼ ਦਿਵਸ ਹਰ ਸਾਲ 1 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਦਾ ਮੁੱਖ ਉਦੇਸ਼ ਏਡਜ਼ (ਐਕੁਵਾਇਰਡ ਇਮਯੂਨੋਡੈਫੀਸ਼ੀਐਂਸੀ ਸਿੰਡਰੋਮ) ਬਾਰੇ ਜਾਗਰੂਕਤਾ ਫੈਲਾਉਣਾ ਅਤੇ ਇਸ ਬਿਮਾਰੀ ਨਾਲ ਲੜਨ ਲਈ ਲੋਕਾਂ ਨੂੰ ਪ੍ਰੇਰਿਤ ਕਰਨਾ ਹੈ।ਮੈਡੀਕਲ ਅਫ਼ਸਰ ਡਾ ਮਮਤਾ ਗੌਤਮ ਨੇ ਦੱਸਿਆ ਕਿ ਭਾਰਤ ਵਿੱਚ ਲਗਭਗ 23 ਲੱਖ ਲੋਕ ਐਚ ਆਈ ਵੀ ਤੋਂ ਪੀੜਤ ਹਨ। ਪੰਜਾਬ ਵਿੱਚ ਇਹ ਅੰਕੜਾ 75 ਹਜ਼ਾਰ ਦੇ ਕਰੀਬ ਹੈ। ਉਨ੍ਹਾ ਦੱਸਿਆ ਕਿ ਪਿਛਲੇ ਦਹਾਕੇ ਵਿੱਚ ਭਾਰਤ ਨੇ ਐਚ ਆਈ ਵੀ ਦੀ ਰੋਕਥਾਮ ਅਤੇ ਇਲਾਜ ਵਿੱਚ ਵੱਡੀ ਪ੍ਰਗਤੀ ਕੀਤੀ ਹੈ।ਹਾਲਾਂਕਿ, ਅਜੇ ਵੀ ਕਈ ਚੁਣੌਤੀਆਂ ਬਾਕੀ ਹਨ, ਜਿਵੇਂ ਸਮਾਜਿਕ ਕਲੰਕ, ਗ਼ਰੀਬੀ ਅਤੇ ਦੂਰ-ਦਰਾਜ ਇਲਾਕਿਆਂ ਵਿੱਚ ਸਿਹਤ ਸੇਵਾਵਾਂ ਦੀ ਘਾਟ।ਉਨ੍ਹਾਂ ਏਡਜ਼ ਦਿਵਸ ਦੇ ਮੌਕੇ ਇਸ ਬਿਮਾਰੀ ਤੋਂ ਬਚਣ ਲਈ ਸੁਰੱਖਿਅਤ ਜ਼ਿੰਦਗੀ ਜੀਣ ਲਈ ਕਿਹਾ ਜਿਸ ਵਿੱਚ ਸੁਰੱਖਿਅਤ ਸਰੀਰਕ ਸਬੰਧ ਅਤੇ ਸਰਿੰਜਾਂ ਸਾਂਝੀਆਂ ਨਾ ਕਰਨਾ, ਕੰਨ ਵਿੰਨ੍ਹਣ ਅਤੇ ਟੈਟੂ ਬਣਾਉਣ ਲੱਗੇ ਵਿਸ਼ੇਸ਼ ਧਿਆਨ ਦੇਣ 'ਤੇ ਜ਼ੋਰ ਦਿੱਤਾ ਗਿਆ। ਬਲਾਕ ਐਕਸਟੈਨਸ਼ਨ ਐਜੂਕੇਟਰ ਪ੍ਰੀਤਇੰਦਰ ਨੇ ਐਚ ਆਈ ਵੀ/ਏਡਜ਼ ਨਾਲ ਪੀੜਤ ਲੋਕਾਂ ਨਾਲ ਸਹਿਯੋਗ ਕਰਨ ਅਤੇ ਉਨ੍ਹਾਂ ਦਾ ਸਮਾਜਿਕ ਬਾਈਕਾਟ ਨਾ ਕਰਨ ਲਈ ਕਿਹਾ। ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਬਲਜਿੰਦਰ ਸਿੰਘ ਨੇ ਦੱਸਿਆ ਕਿ ਹੁਣ ਏਡਜ਼ ਦੇ ਮਰੀਜ਼ ਦਵਾਈਆਂ ਨਾਲ ਲੰਬਾ ਸਮਾਂ ਸਿਹਤਮੰਦ ਜ਼ਿੰਦਗੀ ਜੀ ਸਕਦੇ ਹਨ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਤਿੱਖੇ ਸੰਘਰਸ਼ ਦਾ ਐਲਾਨ



**ਨਵਾਂਸ਼ਹਿਰ (ਮਨੋਜ ਲਾਡੀ)**

ਪੇਂਡੂ ਮਜਦੂਰ ਯੂਨੀਅਨ ਨੇ ਮਾਈਕਰੋ ਫਾਇਨਾਂਸ ਦਾ ਤੰਦੂਆ ਜਾਲ ਤੋੜਨ,ਲਾਲ ਲਕੀਰ ਅੰਦਰ ਦੇ ਘਰਾਂ ਨੂੰ ਮਜਦੂਰਾਂ ਦੇ ਨਾਂਅ ਕਰਨ,ਮਗਨਰੇਗਾ ਮਜਦੂਰਾਂ ਨੂੰ ਸਾਲ ਵਿੱਚ 200 ਦਿਨ ਕੰਮ ਦੇਣ ਅਤੇ 600 ਰੁਪਏ ਦਿਹਾੜੀ ਦੇਣ, ਵਾਹੀਯੋਗ ਪੰਚਾਇਤੀ ਜਮੀਨ ਦਾ ਕਾਨੂੰਨੀ ਤੌਰ 'ਤੇ ਬਣਦਾ ਤੀਜਾ ਹਿੱਸਾ ਦਲਿਤਾਂ ਨੂੰ ਦੇਣ,ਪੇਂਡੂ ਮਜਦੂਰਾਂ ਦੀ ਦਿਹਾੜੀ ਵਿੱਚ ਵਾਧਾ ਕਰਨ ਆਦਿ ਮੰਗਾਂ ਨੂੰ ਲੈ ਕੇ ਆਉਣ ਵਾਲੇ ਸਮੇਂ ਵਿੱਚ ਤਿੱਖਾ ਸੰਘਰਸ਼ ਛੇੜਨ ਦਾ ਐਲਾਨ ਕੀਤਾ ਹੈ।ਇਸ ਸਬੰਧੀ ਜਥੇਬੰਦੀ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਜਥੇਬੰਦੀ ਦੇ ਨਵਾਂਸ਼ਹਿਰ ਦਫਤਰ ਵਿਖੇ ਹੋਈ।ਯੂਨੀਅਨ ਦੇ ਜ਼ਿਲ੍ਹਾ ਆਗੂ ਕਮਲਜੀਤ ਸਨਾਵਾ ਨੇ ਦੱਸਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡਾਂ ਦੇ ਮਜਦੂਰਾਂ ਨੂੰ ਲਾਮਬੰਦ ਕਰਕੇ ਤਿੱਖਾ ਸੰਘਰਸ਼ ਛੇੜਿਆ ਜਾਵੇਗਾ।ਭਰਾਤਰੀ ਜਥੇਬੰਦੀ ਇਫਟੂ ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ ਨੇ ਵੀ ਸੰਬੋਧਨ ਕੀਤਾ।ਮੀਟਿੰਗ ਵਿੱਚ ਕਿਰਨ ਧਰਮਕੋਟ, ਹਰੀ ਰਾਮ ਰਸੂਲਪੁਰੀ, ਸੁਰਿੰਦਰ ਮੀਰਪੁਰੀ ਅਤੇ ਸਤਨਾਮ ਲਾਡੀ ਕੋਟ ਰਾਂਝਾ ਨੇ ਵੀ ਵਿਚਾਰ ਪੇਸ਼ ਕੀਤੇ।

# ਸਰਪੰਚ ਸੰਦੀਪ ਚੀਨਾ ਦੀ ਪਹਿਲੀ ਬਰਸੀ ਮੌਕੇ ਸ਼ਰਧਾਂਜਲੀ ਸਮਾਗਮ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਪੰਜਾਬ ਵਿੱਚ ਅਮਨ ਕਾਨੂੰਨ ਦੀ ਘਟੀਆ ਵਿਵਸਥਾ ਦਾ ਸ਼ਿਕਾਰ ਹੋਏ ਬਹੁਜਨ ਯੋਧੇ ਸਰਪੰਚ ਸੰਦੀਪ ਚੀਨਾ ਦੀ ਪਹਿਲੀ ਬਰਸੀ ਮੌਕੇ ਉਨ੍ਹਾਂ ਦੇ ਪਿੰਡ ਡਡਿਆਣਾ ਕਲਾਂ ਵਿਖੇ ਸ਼ਰਧਾਂਜਲੀ ਸਮਾਗਮ ਹੋਇਆ, ਜਿਸ ਵਿੱਚ ਡਾ. ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ, ਭਗਵਾਨ ਸਿੰਘ ਚੌਹਾਨ ਸੀਨੀਅਰ ਆਗੂ ਬਸਪਾ, ਉੱਘੇ ਸਮਾਜਸੇਵੀ ਠੇਕੇਦਾਰ ਭਗਵਾਨ ਦਾਸ ਸਿੱਧੂ ਅਤੇ ਜ਼ਿਲ੍ਹੇ ਦੀ ਲੀਡਰਸ਼ਿਪ ਨੇ ਪਹੁੰਚ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ।ਇਸ ਮੌਕੇ ਅਵਤਾਰ ਸਿੰਘ ਕਰੀਮਪੁਰੀ, ਭਗਵਾਨ ਸਿੰਘ ਚੌਹਾਨ, ਠੇਕੇਦਾਰ ਭਗਵਾਨ ਦਾਸ ਸਿੱਧੂ ਨੇ ਸ਼ਰਧਾ ਸੁਮਨ ਭੇਟ ਕਰਦਿਆਂ ਕਿਹ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਸਰਪੰਚ ਸੰਦੀਪ ਚੀਨਾ ਵਰਗੇ ਅਗਾਂਹਵਧੂ, ਮਿਸ਼ਨਰੀ ਅਤੇ ਸਾਹਿਬ ਕਾਂਸ਼ੀ ਰਾਮ ਦੀ ਆਰਥਿਕ, ਸਮਾਜਿਕ ਤੇ ਰਾਜਨੀਤਕ ਪਰਿਵਤਨ ਦੀ ਲਹਿਰ ਦੇ ਯੋਧੇ ਬੇਵਕਤੇ ਹੀ ਬਹੁਜਨ ਸਮਾਜ ਨੂੰ ਵਿਛੋੜਾ ਦੇ ਗਏ, ਜਿਸ ਨਾਲ ਪਰਵਾਰਾਂ ਨੂੰ ਤਾਂ ਵੱਡਾ ਘਾਟਾ ਪਿਆ ਹੈ ਪਰ ਬਹੁਜਨ ਅੰਦੋਲਨ ਨੂੰ ਵੀ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਨ੍ਹਾਂ ਆਗੂਆਂ ਨੇ ਕਿਹਾ ਸਰਕਾਰ ਦੀਆਂ ਘਟੀਆ ਨੀਤੀਆਂ ਕਾਰਨ ਜਿਥੇ ਪੰਜਾਬ ਅੰਦਰ ਨਸ਼ਿਆਂ ਦੇ ਸੌਦਾਗਰਾਂ ਦਾ ਸਾਮਰਾਜ ਕਾਇਮ ਹੋਇਆ ਓਥੇ ਗੈਂਗਸਟਰਵਾਦ ਵੀ ਪੂਰੀ ਤਰਾਂ ਲੋਕਾਂ ਨੂੰ ਲੁੱਟਣ ਤੇ ਕੁੱਟਣ ਵਿੱਚ ਸਫਲ ਹੋਇਆ ਹੈ। ਉਨ੍ਹਾਂ ਇਸ ਮੌਕੇ ਵੱਡੀ ਪੱਧਰ 'ਤੇ ਹਾਜ਼ਰ ਨੌਜਬਾਨਾਂ ਨੂੰ ਅਪੀਲ ਕੀਤੀ ਕਿ ਆਓ ਸਾਰੇ ਬਹੁਜਨ ਸਮਾਜ ਪਾਰਟੀ ਦੇ ਪਲੇਟਫਾਰਮ 'ਤੇ ਇਕੱਠੇ ਹੋ ਕੇ ਰਹਿਬਰਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸੰਘਰਸ਼ ਵਿਚ ਸ਼ਾਮਲ ਹੋਈਏ। ਇਨ੍ਹਾਂ ਆਗੂਆਂ ਨੇ ਪਰਵਾਰ ਨੂੰ ਹਰ ਦੁੱਖ ਸੁੱਖ ਸਮੇਂ ਸਾਥ ਦੇਣ ਦਾ ਵਿਸ਼ਵਾਸ ਦਿਵਾਇਆ। ਸਟੇਜ ਸਕੱਤਰ ਦੀ ਸੇਵਾ ਮੋਹਣ ਲਾਲ ਭਟੋਆ ਨੇ ਨਿਭਾਈ।ਇਸ ਮੌਕੇ ਪਰਿਵਾਰਕ ਮੈਂਬਰ ਬੀਬੀ ਰੇਖਾ ਸਰਪੰਚ ਡਡਿਆਣਾ ਧਰਮ ਸਪੁਤਨੀ ਸਵ. ਸੰਦੀਪ ਚੀਨਾ, ਸਪੁੱਤਰ ਯੂਵੀ ਚੀਨਾ, ਯੁਵਰਾਜ ਚੀਨਾ, ਨਗਰ ਪੰਚਾਇਤ ਤੋਂ ਇਲਾਵਾ ਬਸਪਾ ਆਗੂ ਦਲਜੀਤ ਰਾਏ ਜ਼ਿਲ੍ਹਾ ਪ੍ਰਧਾਨ, ਐਡਵੋਕੇਟ ਪਲਵਿੰਦਰ ਮਾਨਾ, ਇੰਜ.ਮਹਿੰਦਰ ਸਿੰਘ ਸੰਧਰਾਂ, ਚੌਧਰੀ ਬਲਵੀਰ ਚੰਦ, ਸੁਖਦੇਵ ਬਿਟਾ, ਡਾ. ਅਜੇ ਮੱਲ, ਦਿਨੇਸ਼ ਪੱਪੂ, ਸਰਪੰਚ ਸਤਵਿੰਦਰ ਕਾਲਾ ਖਡਿਆਲਾ ਸੈਣੀਆਂ, ਗੁਰਮੁਖ ਸਿੰਘ ਸਰਪੰਚ ਪੰਡੋਰੀ ਖੰਜੂਰ, ਇੰਦਰਜੀਤ ਬੱਧਣ ਵੀ ਹਾਜ਼ਰ ਸਨ।



# ਡਾ. ਇਸ਼ਾਂਕ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਚੱਬੇਵਾਲ ਵਿਧਾਨ ਸਭਾ ਹਲਕੇ ਦੇ ਨਵੇਂ ਚੁਣੇ ਗਏ ਵਿਧਾਇਕ ਡਾ: ਇਸ਼ਾਂਕ ਕੁਮਾਰ ਨੇ ਚੋਣ ਨਤੀਜਿਆਂ ਤੋਂ ਬਾਅਦ ਹਲਕੇ ਵਿਚ ਆਪਣੇ ਦੌਰੇ ਅਤੇ ਲੋਕਾਂ ਨਾਲ ਗੱਲਬਾਤ ਜਾਰੀ ਰੱਖੀ ਹੈ । ਉਸ ਨੂੰ ਲੈ ਕੇ ਲੋਕਾਂ 'ਚ ਕਾਫੀ ਉਤਸ਼ਾਹ ਹੈ। ਹਾਲ ਹੀ ਵਿੱਚ ਜਦੋਂ ਡਾ: ਇਸ਼ਾਂਕ ਪਿੰਡ ਪੁੰਜ ਪਹੁੰਚੇ ਤਾਂ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਲੱਡੂਆਂ ਨਾਲ ਤੋਲ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਵਿਧਾਇਕ ਬਣਨ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ । ਪ੍ਰੋਗਰਾਮ ਦੌਰਾਨ ਡਾ.ਇਸ਼ਾਂਕ ਕੁਮਾਰ ਨੇ ਪਿੰਡ ਵਾਸੀਆਂ ਵੱਲੋਂ ਦਿੱਤੇ ਸਹਿਯੋਗ ਅਤੇ ਭਰੋਸੇ ਲਈ ਧੰਨਵਾਦ ਕੀਤਾ। ਉਹਨਾਂ ਨੇ ਕਿਹਾ, ਇਹ ਜਿੱਤ ਤੁਹਾਡੀ ਹੈ, ਅਤੇ ਮੈਂ ਹਰ ਸਮੇਂ ਤੁਹਾਡੀ ਸੇਵਾ ਵਿੱਚ ਰਹਾਂਗਾ। ਮੈਂ ਤੁਹਾਡੇ ਭਰੋਸੇ ਨੂੰ ਕਦੇ ਵੀ ਟੁੱਟਣ ਨਹੀਂ ਦੇਵਾਂਗਾ ਅਤੇ ਚੱਬੇਵਾਲ ਇਲਾਕੇ ਦੇ ਵਿਕਾਸ ਲਈ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਕੰਮ ਕਰਾਂਗਾ। ਡਾ.ਇਸ਼ਾਂਕ ਨੇ ਆਪਣੇ ਸੰਬੋਧਨ ਵਿੱਚ ਸਿੱਖਿਆ, ਸਿਹਤ ਅਤੇ ਬੁਨਿਆਦੀ ਸਹੂਲਤਾਂ ਨੂੰ ਪਹਿਲ ਦੇਣ ਦੀ ਗੱਲ ਕੀਤੀ। ਉਨ੍ਹਾਂ ਪੇਂਡੂ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣ ਅਤੇ ਇਲਾਕੇ ਵਿੱਚ ਵਿਕਾਸ ਕਾਰਜਾਂ ਨੂੰ ਹੁਲਾਰਾ ਦੇਣ ਦਾ ਭਰੋਸਾ ਦਿੱਤਾ। ਪਿੰਡ ਵਾਸੀਆਂ ਨੇ ਇਲਾਕੇ ਦੀਆਂ ਸਮੱਸਿਆਵਾਂ ਨੂੰ ਲੈ ਕੇ ਡਾ: ਇਸ਼ਾਂਕ ਕੁਮਾਰ ਤੋਂ ਆਸਾਂ ਪ੍ਰਗਟਾਈਆਂ। ਇਨ੍ਹਾਂ ਵਿੱਚ ਸੜਕਾਂ ਦੀ ਉਸਾਰੀ, ਜਲ ਸਪਲਾਈ ਆਦਿ ਸਮੱਸਿਆਵਾਂ ਦੇ ਹੱਲ ਦੀ ਮੰਗ ਪ੍ਰਮੁੱਖ ਸੀ।



# ਏ ਡੀ ਸੀ ਨੇ ਸਿਟੀ ਸਰਵੇਲੈਂਸ ਤੇ ਟ੍ਰੈਫਿਕ ਪ੍ਰਬੰਧਨ ਪ੍ਰਣਾਲੀ ਦੀ ਕੀਤੀ ਸਮੀਖਿਆ

**ਮੋਹਾਲੀ, (ਗੁਰਜੀਤ ਬਿੱਲਾ)**

ਵਧੀਕ ਡਿਪਟੀ ਕਮਿਸ਼ਨਰ (ਜਨਰਲ ਅਤੇ ਸ਼ਹਿਰੀ ਵਿਕਾਸ) ਵਿਰਾਜ ਐਸ ਤਿੜਕੇ ਨੇ ਨਗਰ ਨਿਗਮ ਕਮਿਸ਼ਨਰ ਟੀ ਬੈਨਿਥ ਅਤੇ ਗਮਾਡਾ ਦੇ ਏ ਸੀ ਏ ਅਮਰਿੰਦਰ ਸਿੰਘ ਟਿਵਾਣਾ ਨਾਲ ਸਿਟੀ ਸਰਵੇਲੈਂਸ ਅਤੇ ਟ੍ਰੈਫਿਕ ਮੈਨੇਜਮੈਂਟ ਸਿਸਟਮ ਤਹਿਤ ਸੀ ਸੀ ਟੀ ਵੀ ਕੈਮਰੇ ਲਗਾਉਣ ਦੀ ਪ੍ਰਗਤੀ ਦਾ ਜਾਇਜ਼ਾ ਲਿਆ।ਕਾਰਜਕਾਰੀ ਏਜੰਸੀ, ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੇ ਕਾਰਜਕਾਰੀ ਇੰਜੀਨੀਅਰ ਜਸਵਿੰਦਰ ਸਿੰਘ ਨੇ ਏ ਡੀ ਸੀ ਅਤੇ ਹੋਰ ਅਧਿਕਾਰੀਆਂ ਨੂੰ ਹੁਣ ਤੱਕ ਹੋਈ ਪ੍ਰਗਤੀ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ 11 ਪੁਆਇੰਟਾਂ ਤੇ ਕੰਮ ਪੂਰਾ ਲਿਆ ਗਿਆ ਹੈ ਅਤੇ ਟੈਸਟਿੰਗ ਮੋਡ 'ਤੇ ਰੱਖਿਆ ਗਿਆ ਹੈ ਜਦਕਿ ਬਾਕੀ ਪੰਜ ਪੁਆਇੰਟਾਂ 'ਤੇ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਗਮਾਡਾ ਵੱਲੋਂ ਗੁਰਦੁਆਰਾ ਸਿੰਘ ਸ਼ਹੀਦਾਂ ਅਤੇ ਰਾਧਾ ਸੁਆਮੀ ਚੌਕ ਗਮਾਡਾ ਵੱਲੋਂ ਪ੍ਰਸਤਾਵਿਤ ਸਿਵਲ ਵਰਕਸ ਮੁਕੰਮਲ ਹੋਣ ਉਪਰੰਤ ਦੈੜੀ ਟੀ-ਪੁਆਇੰਟ (ਲਾਂਡਰਾਂ ਬਨੂੜ ਰੋਡ) ਵਿਖੇ ਅੰਡਰ ਪਾਸ ਦੀ ਉਸਾਰੀ ਅਤੇ ਪੀ.ਸੀ.ਏ. ਸਟੇਡੀਅਮ ਕਰਾਸਿੰਗ ਨੂੰ ਚੌੜਾ ਕਰਨ ਦਾ ਕੰਮ ਹੋਣ ਕਾਰਨ ਚਾਰ ਹੋਰ ਪੁਆਇੰਟ ਬਾਅਦ ਵਿੱਚ ਸ਼ੁਰੂ ਕੀਤੇ ਜਾਣਗੇ।ਏ.ਡੀ.ਸੀ. ਵਿਰਾਜ ਐਸ ਤਿੜਕੇ ਨੇ ਗਮਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਅਮਰਿੰਦਰ ਸਿੰਘ ਟਿਵਾਣਾ ਨੂੰ ਕਿਹਾ ਕਿ ਉਹ ਇਹਨਾਂ ਪੁਆਇੰਟਾਂ 'ਤੇ ਕੰਮ ਸ਼ੁਰੂ ਕਰਨ ਲਈ ਕੰਮ ਦੇ ਸ਼ੁਰੂ ਹੋਣ ਅਤੇ ਮੁਕੰਮਲ ਹੋਣ ਵਾਲੇ ਕਾਰਜਕ੍ਰਮ ਬਾਰੇ ਜਾਣਕਾਰੀ ਦੇਣ ਤਾਂ ਜੋ ਉਸ ਮੁਤਾਬਕ ਕੰਮ ਦੁਬਾਰਾ ਸ਼ੁਰੂ ਕੀਤਾ ਜਾ ਸਕੇ। ਕਮਿਸ਼ਨਰ ਐਮ ਸੀ, ਟੀ ਬੇਨੀਥ ਨੇ ਕਾਰਜਕਾਰੀ ਏਜੰਸੀ ਨੂੰ ਜ਼ੈਬਰਾ ਕਰਾਸਿੰਗਾਂ ਤੋਂ ਪਹਿਲਾਂ ਸਟਾਪ ਲਾਈਨਾਂ ਦੀ ਨਿਸ਼ਾਨਦੇਹੀ ਅਤੇ ਸਪੀਡ ਸੀਮਾ ਸਾਈਨ ਬੋਰਡਾਂ ਦੀ ਸਥਾਪਨਾ ਸਮੇਤ ਨਿਗਰਾਨੀ ਪ੍ਰਣਾਲੀ ਦੀ ਅਸਲ ਸ਼ੁਰੂਆਤ ਤੋਂ ਪਹਿਲਾਂ ਸਾਰੀਆਂ ਤਕਨੀਕਾਂ ਨੂੰ ਪੂਰਾ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਸਟਾਪ ਲਾਈਨਾਂ ਦੀ ਨਿਸ਼ਾਨਦੇਹੀ ਕਰਨ ਅਤੇ ਸਪੀਡ ਲਿਮਟ ਬੋਰਡ ਲਗਾਉਣ ਲਈ ਨਗਰ ਨਿਗਮ ਦੇ ਅਧੀਨ ਖੇਤਰ ਨੂੰ ਐਮ ਸੀ ਸਟਾਫ ਦੁਆਰਾ ਕਵਰ ਕੀਤਾ ਜਾਵੇਗਾ ਜਦੋਂ ਕਿ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਆਪਣੇ ਅਧਿਕਾਰ ਖੇਤਰ ਦੇ ਅਧੀਨ ਖੇਤਰਾਂ ਨੂੰ ਪੂਰਾ ਕਰੇਗੀ ਤਾਂ ਜੋ ਚੁਣੌਤੀਪੂਰਨ ਪ੍ਰਣਾਲੀ ਨਿਯਮਾਂ ਅਨੁਸਾਰ ਕੰਮ ਕਰ ਸਕੇ।ਮੀਟਿੰਗ ਵਿੱਚ ਏ ਡੀ ਸੀ (ਡੀ) ਸੋਨਮ ਚੌਧਰੀ ਅਤੇ ਐਸ ਡੀ ਐਮ ਮੁਹਾਲੀ ਦਮਨਦੀਪ ਕੌਰ ਵੀ ਹਾਜ਼ਰ ਸਨ।

# ਭਾਅ ਅਸਮਾਨੀ ਚੜ੍ਹਨ ਕਾਰਨ ਲੋਕ ਸਬਜ਼ੀਆਂ ਖਰੀਦਣ ਤੋਂ ਹੋਏ ਅਸਮਰੱਥ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**

ਸਬਜ਼ੀਆਂ ਦੇ ਭਾਅ ਇੰਨੇ ਵਧ ਗਏ ਹਨ ਕਿ ਗਰੀਬ ਅਤੇ ਆਮ ਲੋਕ ਖਰੀਦਣ ਤੋਂ ਅਸਮਰੱਥ ਹਨ। ਮਹਿੰਗਾਈ ਕਾਰਨ ਜਿੱਥੇ ਲੋਕ ਨੂੰ ਪਹਿਲਾਂ ਹੀ ਬਹੁਤ ਪ੍ਰੇਸ਼ਾਨ ਹਨ, ਉੱਥੇ ਅਸਮਾਨੀ ਛੂਹ ਰਹੇ ਸਬਜ਼ੀਆਂ ਦੇ ਭਾਅ ਨੇ ਉਨ੍ਹਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ। ਬਾਜ਼ਾਰ 'ਚ ਫੁੱਲ ਗੋਭੀ 60 ਰੁਪਏ ਕਿਲੋ, ਟਮਾਟਰ 60 ਰੁਪਏ ਪ੍ਰਤੀ ਕਿਲੋ, ਘੀਆ ਕੱਦੂ 40 ਰੁਪਏ ਕਿਲੋ, ਸ਼ਿਮਲਾ ਮਿਰਚ 100 ਰੁਪਏ ਪ੍ਰਤੀ ਕਿਲੋ, ਖੀਰਾ 50 ਰੁਪਏ ਕਿਲੋ, ਮੂਲੀ 20 ਰੁਪਏ ਪ੍ਰਤੀ ਕਿਲੋ,। ਕਰੇਲਾ 50 ਰੁਪਏ ਕਿਲੋ, ਹਰੀ ਮਿਰਚ 60 ਰੁਪਏ ਪ੍ਰਤੀ ਕਿਲੋ, ਅਦਰਕ 100 ਰੁਪਏ ਪ੍ਰਤੀ ਕਿਲੋ, ਗਾਜਰ 60 ਰੁਪਏ ਪ੍ਰਤੀ ਕਿਲੋ, ਪਾਲਕ 50 ਰੁਪਏ ਪ੍ਰਤੀ ਕਿਲੋ, ਬੈਂਗਣ 50 ਰੁਪਏ ਪ੍ਰਤੀ ਕਿਲੋ, ਨਿੰਬੂ 120 ਰੁਪਏ ਕਿਲੋ, ਮਸ਼ਰੂਮ 200 ਰੁਪਏ, ਲਸਣ 400 ਰੁਪਏ ਪ੍ਰਤੀ ਕਿਲੋ, ਪਿਆਜ਼ 50 ਰੁਪਏ ਕਿਲੋ, ਆਲੂ 40 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿੱਕ ਰਿਹਾ ਹੈ। ਇਸ ਸਬੰਧੀ ਜਦੋਂ ਕੁਝ ਸਥਾਨਕ ਲੋਕਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਸਬਜ਼ੀਆਂ ਦੇ ਭਾਅ ਵਿੱਚ ਭਾਰੀ ਵਾਧਾ ਹੋਇਆ ਹੈ, ਜਿਸ ਕਾਰਨ ਰਸੋਈ ਦੇ ਖਰਚੇ ਬਹੁਤ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਲੋਕ ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੇ ਹਨ ਅਤੇ ਇਸ ਦੇ ਨਾਲ ਹੀ ਸਬਜ਼ੀਆਂ ਦੇ ਭਾਅ ਵਧਣ ਕਾਰਨ ਉਨ੍ਹਾਂ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ। ਸਬਜ਼ੀ ਵਿਕਰੇਤਾਵਾਂ ਨੇ ਦੱਸਿਆ ਕਿ ਮੰਡੀ ਵਿੱਚ ਸਬਜ਼ੀਆਂ ਦੇ ਭਾਅ ਬਹੁਤ ਜ਼ਿਆਦਾ ਹਨ, ਜਿਸ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦਾ ਕਾਰੋਬਾਰ ਵੀ ਪ੍ਰਭਾਵਿਤ ਹੋ ਰਿਹਾ ਹੈ ਅਤੇ ਮੰਡੀ ਵਿੱਚ ਮੰਦੀ ਹੈ ਅਤੇ ਬਹੁਤ ਘੱਟ ਲੋਕ ਸਬਜ਼ੀਆਂ ਖਰੀਦ ਰਹੇ ਹਨ।

# ਨਲਹੋਟੀ 'ਚ ਪਸ਼ੂਆਂ ਤੇ ਇਲਾਕੇ ਦੀ ਸੁੱਖ ਸ਼ਾਂਤੀ ਲਈ ਦਹਾਜਾ ਕਰਵਾਇਆ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**

ਪਿੰਡ ਨਲਹੋਟੀ ਵਿਖੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਇਲਾਕੇ ਦੀ ਸੁੱਖ ਸ਼ਾਂਤੀ ਲਈ ਦਹਾਜਾ ਕਰਵਾਇਆ ਗਿਆ ਜਿਸ ਵਿੱਚ ਬਿੱਲੂ ਭਗਤ ਸਮੁੰਦੜੀਆਂ ਦੀ ਪਾਰਟੀ ਨੇ ਵਧੀਆ ਕਲਾ ਨਾਲ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਪਹਿਲਾਂ ਹਵਨ ਯੱਗ ਕਰਵਾ ਕੇ ਭਗਤਾਂ ਵਲੋਂ ਪਿੰਡ ਦੀ ਹੱਦ ਤੱਕ ਫੇਰੀ ਲਗਾਈ ਗਈ ਅਤੇ ਦੇਰ ਰਾਤ ਦਹਾਜਾ ਕਰਵਾਇਆ ਗਿਆ, ਜਿਸ ਵਿੱਚ ਹਲਕਾ ਵਿਧਾਇਕ ਦਿਨੇਸ਼ ਚੱਢਾ ਦੇ ਹੁਕਮ ਅਨੁਸਾਰ ਉਨ੍ਹਾਂ ਦੇ ਦਫਤਰ ਇੰਚਾਰਜ ਨਰਿੰਦਰ ਚਾਹਲ, ਦਫਤਰ ਸਕੱਤਰ ਸਤਨਾਮ ਸਿੰਘ ਨਾਗਰਾ ਅਤੇ ਸੀਨੀਅਰ ਆਪ ਆਗੂ ਦੀਪਕ ਪੁਰੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਨਰਿੰਦਰ ਚਾਹਲ ਨੇ ਕਿਹਾ ਸਾਨੂ ਇਲਾਕੇ ਦੀ ਸੁੱਖ ਸ਼ਾਂਤੀ ਲਈ ਅਜਿਹੇ ਸਮਾਗਮ ਕਰਵਾਉਣੇ ਚਾਹੀਦੇ ਹਨ ਤਾਂ ਜੋ ਪਿੰਡਾਂ ਵਿੱਚ ਆਪਸੀ ਭਾਈਚਾਰਕ ਸਾਂਝ ਬਣੀ ਰਹੇ। ਉਨ੍ਹਾਂ ਇਹ ਵੀ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਕੁਝ ਮੰਗਾਂ ਉਨ੍ਹਾਂ ਦੇ ਧਿਆਨ ਵਿਚ ਲਿਆਂਦੀਆਂ ਹਨ ਜਿਨ੍ਹਾਂ ਨੂੰ ਹਲਕਾ ਵਿਧਾਇਕ ਦਿਨੇਸ਼ ਚੱਢਾ ਤੋਂ ਜਲਦੀ ਹੱਲ ਕਰਵਾਉਣਗੇ। ਇਸ ਮੌਕੇ ਸਰਪੰਚ ਹਰਮੇਸ਼ ਚੰਦ ਨੇ ਹਲਕਾ ਵਿਧਾਇਕ ਦਿਨੇਸ਼ ਚੱਢਾ ਦੇ ਦਫਤਰ ਇੰਚਾਰਜ ਅਤੇ ਮੁੱਖ ਮਹਿਮਾਨ ਨਰਿੰਦਰ ਚਾਹਲ ਦਾ ਪਿੰਡ ਪਹੁੰਚਣ 'ਤੇ ਧੰਨਵਾਦ ਕੀਤਾ ਅਤੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਸਿਰਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਬਾਬਾ ਸੋਨੂੰ ਗੋਚਰ, ਬਾਬਾ ਮੰਗਾ ਸਾਖਪੁਰ, ਬਾਬਾ ਦਿਲਬਾਗ ਸਮੀਰੋਵਾਲ, ਬਾਬਾ ਰਾਕੇਸ਼ ਕੁਮਾਰ, ਨੰਬਰਦਾਰ ਜਰਨੈਲ ਸਿੰਘ, ਬਖਸ਼ੀਸ਼ ਸਿੰਘ, ਅਮਰੀਕ ਸਿੰਘ ਸਰਪੰਚ, ਬਾਬਾ ਸੰਤੋਖ ਸਿੰਘ, ਹਰਮੇਸ਼ ਸਿੰਘ ਸਰਪੰਚ, ਦੌਲਤ ਸਿੰਘ ਫੌਜੀ, ਜੋਗਿੰਦਰ ਸਿੰਘ, ਰਤਨ ਚੰਦ, ਬਾਲਾ ਰਾਮ, ਕਮਲਜੀਤ ਸਿੰਘ, ਪ੍ਰਗਾਸ, ਕਮਲ ਸਿੰਘ ਆਦਿ ਹਾਜ਼ਰ ਸਨ।

# ਸਕੂਲ ਆਫ ਐਮੀਨੈਂਸ 'ਚ ਸੰਵਿਧਾਨ ਦਿਵਸ ਪ੍ਰੋਗਰਾਮ ਕਰਵਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਨਹਿਰੂ ਯੁਵਾ ਕੇਂਦਰ ਤੇ ਪੰਜਾਬ ਸਰਕਾਰ ਦੇ ਡਿਪਾਰਟਮੈਂਟ ਆਫ ਯੁਵਕ ਸੇਵਾਵਾਂ ਅਤੇ ਬਾਬਾ ਜੀਵਨ ਸਿੰਘ ਜੀ ਵੈਲਫੇਅਰ ਯੂਥ ਕਲੱਬ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਕੂਲ ਆਫ ਐਮੀਨੈਂਸ ਨਵਾਂਸ਼ਹਿਰ ਵਿਖੇ ਸੰਵਿਧਾਨ ਦਿਵਸ ਪ੍ਰੋਗਰਾਮ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿੱਚ ਸਾਬਕਾ ਸਮਾਜਿਕ ਸਿੱਖਿਆ ਅਤੇ ਪੰਚਾਇਤ ਅਫਸਰ ਤੇ ਮੌਜੂਦਾ ਨਗਰ ਕੌਂਸਲ ਦੇ ਨਵਾਂਸ਼ਹਿਰ ਸੀ.ਐਫ ਜਸਵਿੰਦਰ ਸਿੰਘ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਜਦਕਿ ਦਰਬਾਰ ਰੋਜ਼ਾ ਸ਼ਰੀਫ ਮੰਡਾਲੀ ਦੇ ਸੇਵਾਦਾਰ ਅਤੇ ਉੱਘੇ ਸਮਾਜ ਸੇਵੀ ਕੀਰਤੀ ਕਾਂਤ ਕਲਿਆਣ ਵਿਸ਼ੇਸ਼ ਮਹਿਮਾਨ ਰਹੇ। ਪ੍ਰੋਗਰਾਮ ਦੀ ਸ਼ੁਰੂਆਤ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਫੋਟੋ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਕੀਤੀ ਗਈ। ਪ੍ਰੋਗਰਾਮ ਵਿਚ ਬੱਚਿਆ ਨੂੰ ਸੰਬੋਧਨ ਕਰਦੇ ਹੋਏ ਜਸਵਿੰਦਰ ਸਿੰਘ ਨੇ ਬਾਬਾ ਸਾਹਿਬ ਦੀਆਂ ਉਪਲਬਧੀਆਂ ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ। ਇਸ ਮੌਕੇ ਸਕੂਲ ਦੀ ਵਾਈਸ ਪ੍ਰਿੰਸੀਪਲ ਪੂਜਾ ਸ਼ਰਮਾ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਕਲੱਬ ਵੱਲੋਂ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਇਸ ਮੌਕੇ ਗੋਬਿੰਦ ਅਧਿਕਾਰੀ ਪ੍ਰੋਗਰਾਮ ਕੋਆਰਡੀਨੇਟਰ, ਰਾਮ ਕ੍ਰਿਸ਼ਨ, ਸੰਜੀਵ ਦੁੱਗਲ ਅਤੇ ਸਮੂਹ ਸਟਾਫ ਹਾਜ਼ਰ ਰਿਹਾ।




# ਦੂਰਦਰਸ਼ਨ ਕੇਂਦਰ ਦੇ ਇੰਜੀਨੀਅਰ ਨਰੋਤਮ ਕਾਂਤ ਸ਼ਰਮਾ ਸੇਵਾਮੁਕਤ ਹੋਏ

**ਕਰਤਾਰਪੁਰ (ਹਰਮੇਸ਼ ਦੱਤ)**

ਦੂਰਦਰਸ਼ਨ ਕੇਂਦਰ ਜਲੰਧਰ ਦੇ ਇੰਜੀਨੀਅਰ ਨਰੋਤਮ ਕਾਂਤ ਸ਼ਰਮਾ 40 ਸਾਲ ਦੀ ਨਿਸ਼ਕਾਮ ਸੇਵਾ ਤੋਂ ਬਾਅਦ ਸੇਵਾਮੁਕਤ ਹੋ ਗਏ। ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਵਿਦਾਇਗੀ ਪਾਰਟੀ ਦਿੱਤੀ ਗਈ, ਬਾਅਦ ਵਿਚ ਬੈਂਡ ਅਤੇ ਢੋਲ ਦੀ ਗੂੰਜ ਨਾਲ ਉਨ੍ਹਾਂ ਨੂੰ ਘਰ ਲਿਜਾਇਆ ਗਿਆ।ਰਾਤ ਨੂੰ ਨਰੋਤਮ ਕਾਂਤ ਸ਼ਰਮਾ ਪਰਵਾਰ ਵੱਲੋਂ ਆਪਣੇ ਰਿਸ਼ਤੇਦਾਰਾਂ, ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਲਈ ਹੋਟਲ ਬਸੰਤ ਵਿਖੇ ਪਾਰਟੀ ਰੱਖੀ ਗਈ। ਇਸ ਮੌਕੇ ਹਾਜ਼ਰ ਸਾਰੇ ਮਹਿਮਾਨਾਂ ਨੇ ਨਰੋਤਮ ਕਾਂਤ ਸ਼ਰਮਾ ਅਤੇ ਉਨ੍ਹਾਂ ਦੀ ਧਰਮ ਪਤਨੀ ਰਜਨੀ ਸ਼ਰਮਾ ਨੂੰ ਵਧਾਈ ਦਿੱਤੀ। ਨਰੋਤਮ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਨੇ ਜਲੰਧਰ ਦੂਰਦਰਸ਼ਨ, ਸ੍ਰੀਨਗਰ ਦੂਰਦਰਸ਼ਨ ਆਦਿ ਕਈ ਥਾਵਾਂ 'ਤੇ ਆਪਣੀਆਂ ਸੇਵਾਵਾਂ ਦਿੱਤੀਆਂ। ਇਸ ਮੌਕੇ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਪ੍ਰਵੀਨ ਕੁਮਾਰ, ਰਾਜਿੰਦਰ ਪਾਲ, ਰਾਜੇਸ਼ ਕੁਮਾਰ, ਦਲਜੀਤ ਸਿੰਘ, ਅਮਰਜੀਤ ਧਮਾਈ, ਸੁਰਜੀਤ ਮਾਹੀ, ਗੁਰਮੁਖ ਸਿੰਘ, ਜਗਜੀਤ ਸਿੰਘ, ਸੋਮਰਾਜ, ਰਾਜਿੰਦਰ ਸਿੰਘ, ਹਰਪ੍ਰੀਤ ਸਿੰਘ ਤੋਂ ਇਲਾਵਾ ਵਰਿੰਦਰ ਸ਼ਰਮਾ, ਸ਼ਸ਼ੀ ਪ੍ਰਭਾ ਸ਼ਰਮਾ, ਚੰਦਰਕਾਂਤਾ ਓਝਾ, ਡਾ. ਮਨੀਸ਼ ਸ਼ਰਮਾ, ਯੋਗਿਤਾ ਸ਼ਰਮਾ, ਸੌਰਭ ਹਲਧਰ, ਕਾਮਿਨੀ ਹਲਧਰ, ਭਾਨਵ ਸ਼ਰਮਾ ਰਿੱਕੀ, ਅਮਨ ਸ਼ਰਮਾ, ਨਿਖਿਲ ਸ਼ਰਮਾ, ਸਿਲਕੀ ਸ਼ਰਮਾ, ਦੀਪਕ ਓਝਾ, ਸ਼ਵੇਤਾ ਓਝਾ, ਵਿਨੇ ਸ਼ਰਮਾ, ਅਨਾਮਿਕਾ ਸ਼ਰਮਾ, ਨੀਰਜ ਸ਼ਰਮਾ, ਅਨੂ ਸ਼ਰਮਾ, ਬਲਵਿੰਦਰ ਭਾਰਦਵਾਜ, ਰਮਨ ਭਾਰਦਵਾਜ, ਹਰਦਿਆਲ ਕੁਮਾਰ, ਰਾਕੇਸ਼ ਤਿਵਾੜੀ, ਰੇਣੂ ਤਿਵਾੜੀ, ਜਸਵੰਤ ਵਰਮਾ, ਪੁਸ਼ਪਾ ਵਰਮਾ, ਨਿਸ਼ਾਂਤ ਵਰਮਾ, ਦਿਆਲ ਸਿੰਘ ਪਵਾਰ, ਪ੍ਰੀਤਮ ਦੇਵੀ ਪਵਾਰ, ਹੇਮੰਤ ਜੋਸ਼ੀ, ਪੂਜਾ ਜੋਸ਼ੀ, ਚਰਨਜੀਤ ਕੌੜਾ ਆਦਿ ਪਤਵੰਤੇ ਹਾਜ਼ਰ ਸਨ।



# ਅੱਡਾ ਸਰਾਂ 'ਤੇ ਨਸ਼ਿਆਂ ਖਿਲਾਫ ਕੈਂਪ ਲਗਾਇਆ




**ਅੱਡਾ ਸਰਾਂ (ਜਸਵੀਰ ਕਾਜਲ)**

ਜ਼ਿਲ੍ਹਾ ਹੁਸ਼ਿਆਰਪੁਰ ਦੇ ਪੁਲਸ ਮੁਖੀ ਸੁਰਿੰਦਰ ਲਾਂਬਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਡੀ ਐਸ ਪੀ ਦਵਿੰਦਰ ਸਿੰਘ ਬਾਜਵਾ ਟਾਂਡਾ, ਥਾਣਾ ਮੁਖੀ ਐਸ ਐਚ ਓ ਗੁਰਿੰਦਰਜੀਤ ਸਿੰਘ ਨਾਗਰਾ ਦੇ ਹੁਕਮਾਂ ਤਹਿਤ ਅੱਡਾ ਸਰਾਂ ਦੇ ਚੌਂਕੀ ਇੰਚਾਰਜ ਏ ਐਸ ਆਈ ਰਾਜੇਸ਼ ਕੁਮਾਰ , ਏ ਐਸ ਆਈ ਗੁਰਮੀਤ ਸਿੰਘ, ਏ ਐਸ ਆਈ ਬੁੱਧ ਸਿੰਘ, ਪ੍ਰਗਟ ਸਿੰਘ ਪੁਲਸ ਪਾਰਟੀ ਵਲੋਂ ਅੱਡਾ ਸਰਾਂ ਵਿਖੇ ਨਸ਼ਿਆਂ ਖਿਲਾਫ ਮੀਟਿੰਗ ਕੀਤੀ ਗਈ। ਇਸ ਮੌਕੇ ਟੈਕਸੀ ਸਟੈਂਡ, ਅੱਡਾ ਸਰਾਂ ਦੇ ਸਮੂਹ ਦੁਕਾਨਦਾਰ ਇਕੱਠੇ ਹੋਏ ਅਤੇ ਟਾਂਡਾ ਪੁਲਿਸ ਵੱਲੋਂ ਨਸ਼ਿਆਂ ਸਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਹਰਜਿੰਦਰ ਸਿੰਘ ਕੰਧਾਲਾ ਜੱਟਾਂ, ਸੁਲਿੰਦਰ ਸਿੰਘ ਮਿਰਜ਼ਾਪੁਰ, ਸੁਖਦੇਵ ਸਿੰਘ, ਸੁਰਿੰਦਰ ਸਿੰਘ, ਰਵੀ ਕੁਮਾਰ, ਸਤਨਾਮ ਸਿੰਘ, ਗੁਰਬਿੰਦਰੀ ਖਡਿਆਲਾ, ਹੰਸ ਰਾਜ, ਸਰਬਜੀਤ ਸਿੰਘ, ਲਵਪ੍ਰੀਤ, ਰਾਜ ਕੁਮਾਰ, ਭੂਟੋ ਆਦਿ ਹਾਜਰ ਸਨ!

# ਮਹਿੰਦਰ ਪਾਲ ਸਿੰਘ ਬਾਜਵਾ ਦਾ ਦਿਹਾਂਤ

**ਤਲਵੰਡੀ ਚੌਧਰੀਆਂ (ਨਵਕਿਰਨ/ ਭੋਲਾ)-**



ਮਹਿੰਦਰ ਪਾਲ ਸਿੰਘ ਬਾਜਵਾ ਸਾਬਕਾ ਹੈੱਡ ਟੀਚਰ ਅਤੇ ਸਾਬਕਾ ਸਰਪੰਚ ਹੁਸੈਨਪੁਰ ਦੂਲੋਵਾਲ ਦਾ ਦਿਹਾਂਤ ਹੋ ਗਿਆ ਹੈ। ਉਹ 82 ਵਰ੍ਹਿਆਂ ਦੇ ਸਨ।ਉਹ ਜੈਲਦਾਰ ਅਜੀਤ ਪਾਲ ਸਿੰਘ ਸੋਨੂ ਬਾਜਵਾ ਦੇ ਪਿਤਾ ਸਨ। ਉਹ ਆਪਣੇ ਪਿੱਛੇ ਵਿਧਵਾ ਤੋਂ ਇਲਾਵਾ ਇੱਕ ਲੜਕਾ ਅਤੇ ਇੱਕ ਲੜਕੀ ਛੱਡ ਗਏ ਹਨ। ਉਹਨਾਂ ਦਾ ਅੰਤਿਮ ਸੰਸਕਾਰ ਉਹਨਾਂ ਦੇ ਪਿੰਡ ਹੁਸੈਨਪੁਰ ਦੂਲੋਵਾਲ ਦੇ ਸ਼ਮਸ਼ਾਨ ਘਾਟ ਵਿੱਚ ਕਰ ਦਿੱਤਾ ਗਿਆ। ਉਹਨਾਂ ਦੀ ਚਿਖਾ ਨੂੰ ਅਗਨੀ ਉਹਨਾਂ ਦੇ ਇਕਲੌਤੇ ਪੁੱਤਰ ਅਜੀਤ ਪਾਲ ਸਿੰਘ ਸੋਨੂ ਬਾਜਵਾ ਨੇ ਦਿਖਾਈ।ਉਹਨਾਂ ਦੀ ਅੰਤਿਮ ਯਾਤਰਾ 'ਚ ਨਗਰ ਨਿਵਾਸੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਾਜਵਾ ਪਰਵਾਰ, ਰਿਸ਼ਤੇਦਾਰ ਅਤੇ ਅਧਿਆਪਕ ਵਰਗ ਨੇ ਸ਼ਮੂਲੀਅਤ ਕੀਤੀ।

# ਰਾਸ਼ਟਰੀ ਸਰਵੇਖਣ: ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਲਈ ਰਾਸ਼ਟਰ ਵਿਆਪੀ ਪਹਿਲਕਦਮੀ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸਿੱਖਿਆ ਮੰਤਰਾਲਾ ਦੇਸ਼ ਭਰ ਦੇ ਵਿਦਿਆਰਥੀਆਂ ਦੇ ਗਿਆਨ ਦਾ ਮੁਲਾਂਕਣ ਕਰਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਪ੍ਰੋਜੈਕਟ, ਰਾਸ਼ਟਰੀ ਸਰਵੇਖਣ ਸ਼ੁਰੂ ਕਰਨ ਲਈ ਤਿਆਰ ਹੈ। ਇਹ ਦੇਸ਼ ਵਿਆਪੀ ਪਹਿਲਕਦਮੀ, 4 ਦਸੰਬਰ, 2024 ਨੂੰ ਹੋਣ ਵਾਲੀ ਹੈ, ਹਰ ਰਾਜ ਅਤੇ ਜ਼ਿਲ੍ਹੇ ਵਿੱਚ 3rd, 6th, ਅਤੇ 9th ਜਮਾਤਾਂ ਦੇ ਵਿਦਿਆਰਥੀਆਂ ਦਾ ਮੁਲਾਂਕਣ ਕਰੇਗੀ।ਪੰਜਾਬ ਦੇ ਐਸ.ਬੀ.ਐਸ.ਨਗਰ ਵਿੱਚ, 101 ਸਕੂਲ ਇਸ ਵਿਸ਼ਾਲ ਉੱਦਮ ਵਿੱਚ ਹਿੱਸਾ ਲੈਣਗੇ, ਗੁਰਜੀਤ ਸਿੰਘ, ਕਿਰਪਾਲ ਸਾਗਰ ਅਕੈਡਮੀ ਦੇ ਪ੍ਰਿੰਸੀਪਲ, ਸਿਟੀ ਕੋਆਰਡੀਨੇਟਰ ਵਜੋਂ ਸੇਵਾ ਨਿਭਾ ਰਹੇ ਹਨ। ਇਸ ਪ੍ਰੋਜੈਕਟ ਵਿੱਚ ਸਿੱਖਿਆ ਵਿਭਾਗ ਦੇ ਮੁਖੀ, ਡੀ.ਈ ਓ, ਜ਼ਿਲ੍ਹਾ ਸਿੱਖਿਆ ਅਫ਼ਸਰ, ਇਹਨਾਂ ਦੇ ਸਮੁੱਚੇ ਯੋਗਦਾਨ ਸ਼ਾਮਲ ਹੋਣਗੇ।ਰਾਸ਼ਟਰੀ ਸਰਵੇਖਣ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਗਿਆਨ ਦਾ ਮੁਲਾਂਕਣ ਕਰਨਾ ਅਤੇ ਸਿੱਖਿਆ ਲਈ ਭਵਿੱਖ ਦੀਆਂ ਯੋਜਨਾਵਾਂ ਤਿਆਰ ਕਰਨਾ ਹੈ। ਇਹ ਪ੍ਰੋਜੈਕਟ ਭਾਰਤ ਵਿੱਚ ਸਿੱਖਿਆ ਦੀ ਮੌਜੂਦਾ ਸਥਿਤੀ ਵਿੱਚ ਮਹੱਤਵਪੂਰਣ ਜਾਣਕਾਰੀ ਪ੍ਰਦਾਨ ਕਰੇਗਾ, ਨੀਤੀ ਨਿਰਮਾਤਾਵਾਂ ਨੂੰ ਸੂਚਿਤ ਫੈਸਲੇ ਲੈਣ ਦੇ ਯੋਗ ਬਣਾਉਂਦਾ ਹੈ।ਰਾਸ਼ਟਰੀ ਸਰਵੇਖਣ ਇੱਕ ਵਿਸ਼ਾਲ ਸਮਾਗਮ ਹੈ ਜਿਸ ਵਿੱਚ ਦੇਸ਼ ਭਰ ਦੇ ਲਗਭਗ 88,000 ਸਕੂਲਾਂ ਦੇ ਲਗਭਗ 23 ਲੱਖ ਵਿਦਿਆਰਥੀ ਸ਼ਾਮਲ ਹੋਣਗੇ। ਸਿੱਖਿਆ ਮੰਤਰਾਲੇ ਨੇ ਸਾਰੇ ਰਾਜਾਂ ਦੇ ਸਿੱਖਿਆ ਵਿਭਾਗਾਂ ਦੇ ਸਹਿਯੋਗ ਨਾਲ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ (ਸੀਬੀਐਸਈ) ਨੂੰ ਇਸ ਸਰਵੇਖਣ ਨੂੰ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ ਹੈ।ਪ੍ਰੋਜੈਕਟ ਦਾ ਘੇਰਾ ਅਤੇ ਪੈਮਾਨਾ ਭਾਰਤ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਸਰਕਾਰ ਦੀ ਵਚਨਬੱਧਤਾ ਦਾ ਪ੍ਰਮਾਣ ਹੈ। ਇਸ ਪਹਿਲਕਦਮੀ ਵਿੱਚ ਹਿੱਸਾ ਲੈ ਕੇ, ਸਕੂਲ ਅਤੇ ਵਿਦਿਆਰਥੀ ਇੱਕ ਹੋਰ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਸਿੱਖਿਆ ਪ੍ਰਣਾਲੀ ਦੀ ਸਿਰਜਣਾ ਵਿੱਚ ਯੋਗਦਾਨ ਪਾਉਣਗੇ।ਰਾਸ਼ਟਰੀ ਸਰਵੇਖਣ ਵਿਦਿਆਰਥੀਆਂ ਦੇ ਗਿਆਨ ਦੇ ਮੁਲਾਂਕਣ ਤੋਂ ਵੱਧ ਹੈ; ਇਹ ਸੰਪੂਰਨ ਵਿਕਾਸ ਦੁਆਰਾ ਉਹਨਾਂ ਨੂੰ ਸ਼ਕਤੀਕਰਨ ਵੱਲ ਇੱਕ ਕਦਮ ਹੈ। ਵੱਖ-ਵੱਖ ਵਿਸ਼ਿਆਂ ਵਿੱਚ ਵਿਦਿਆਰਥੀਆਂ ਦੇ ਪ੍ਰਦਰਸ਼ਨ ਦਾ ਮੁਲਾਂਕਣ ਕਰਕੇ, ਉਹਨਾਂ ਦੇ ਗਿਆਨ ਵਿਚ ਵਾਧਾ ਕਰਨਾ ਹੈ।



# ਨਰੂੜ ਵਿਖੇ 34 ਵਾਂ ਖ਼ੂਨਦਾਨ ਕੈਂਪ ਲਗਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ (ਰਜਿ.) ਅਜਨੋਹਾ ਵਲੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 34ਵਾਂ ਖੂਨ ਦਾਨ ਕੈਂਪ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਵਿਖੇ ਲਗਾਇਆ ਗਿਆ ।ਇਥੇ 35 ਵਿਅਕਤੀਆਂ ਨੇ ਸਵੈ-ਇਛੁਕ ਖੂਨਦਾਨ ਕੀਤਾ।ਇਸ ਮੌਕੇ ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਡਾ.ਤਰਸੇਮ ਸਿੰਘ, ਜਤਿੰਦਰ ਸਿੰਘ ਰਾਣਾ ਖਾਲਸਾ ਮੁਖੀਲਿਆਣਾ,ਲੈਬ ਟੈਕਨੀਸ਼ਨ ਗੁਰਪ੍ਰੀਤ ਸਿੰਘ, ਸੰਦੀਪ ਕੌਰ, ਲਵਪ੍ਰੀਤ ਕੌਰ, ਬਲਜੀਤ ਕੌਰ, ਸਿਮਰਨ ਕੌਰ, ਕਿਸ਼ਨ ਸਿੰਘ ਹੁਸ਼ਿਆਰਪੁਰ, ਬਰਿੰਦਰ ਸਿੰਘ ਬਿੰਦਰ ਪੰਜੋੜਾਂ, ਪ੍ਰਿੰਸੀਪਲ ਹਰਮਨੋਜ ਸਿੰਘ, ਮਾਸਟਰ ਨਰਿੰਦਰ ਸਿੰਘ ਮਖਸੂਸਪੁਰ, ਮਨਿੰਦਰ ਸਿੰਘ ਨਰੂੜ, ਪ੍ਰਧਾਨ ਜਸਵੀਰ ਸਿੰਘ ਸਾਭੀ ਪਧਿਆਣਾ, ਗੁਰਜਿੰਦਰ ਸਿੰਘ, ਅਮਨਦੀਪ ਸਿੰਘ, ਗੁਰਦੀਪ ਸਿੰਘ ਦਿਹਾਣਾ, ਜਸਕਰਣ ਸਿੰਘ, ਦਿਲਪ੍ਰੀਤ ਸਿੰਘ ਪਰਮਾਰ,ਸਾਹਿਬ ਸਿੰਘ ਪਰਮਾਰ, ਉਂਕਾਰ ਸਿੰਘ, ਬਹਾਦਰ ਸਿੰਘ ਅਜਨੋਹਾ, ਜਗਪ੍ਰੀਤ ਸਿੰਘ, ਤਰਲੋਚਨ ਸਿੰਘ ਨੀਟਾ, ਅਮਰੀਕ ਸਿੰਘ ਭਾਮ, ਬਲਵਿੰਦਰ ਸਿੰਘ ਬੂਟਾ ਪਾਸ਼ਟਾਂ ,ਪਰੇਮ ਨਾਥ, ਹਰਜਿੰਦਰ ਸਿੰਘ ਨਰੂੜ ਆਦਿ ਹਾਜ਼ਰ ਸਨ।

# ਆਰ ਬੀ ਡੀ ਸੀ ਐਚ ਵਿਖੇ ਰੈਗਿੰਗ ਵਿਰੋਧੀ ਪ੍ਰੋਗਰਾਮ ਕਰਵਾਇਆ

**ਮੋਹਾਲੀ, (ਗੁਰਜੀਤ ਬਿੱਲਾ)**

ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ (ਆਰਬੀਡੀਸੀਐਚ ) ਦੇ ਵਿਦਿਆਰਥੀਆਂ ਲਈ ਸੁਰੱਖਿਅਤ ਅਤੇ ਪੇਸ਼ੇਵਰ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧਤਾ ਦੇ ਨਾਲ ਇੱਕ ਐਂਟੀ ਰੈਗਿੰਗ ਓਰੀਐਂਟੇਸ਼ਨ, ਵਾਈਟ ਕੋਟ ਅਤੇ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਪ੍ਰਿੰਸੀਪਲ ਡਾ: ਅਕਸ਼ੈ ਕੁਮਾਰ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਡੈਂਟਲ ਕੌਂਸਲ ਆਫ਼ ਇੰਡੀਆ (ਡੀਸੀਆਈ) ਦੇ ਨਿਯਮਾਂ ਅਨੁਸਾਰ ਐਂਟੀ-ਰੈਗਿੰਗ ਓਰੀਐਂਟੇਸ਼ਨ ਨਾਲ ਹੋਈ। ਡੀ.ਸੀ.ਆਈ. ਦੀ ਉੱਘੀ ਸ਼ਖ਼ਸੀਅਤ ਅਤੇ ਸਮਾਗਮ ਦੇ ਮੁੱਖ ਮਹਿਮਾਨ ਡਾ: ਜਗਤ ਭੂਸ਼ਨ, ਨੇ ਸੰਬੋਧਨ ਕੀਤਾ ਅਤੇ ਐਂਟੀ-ਰੈਗਿੰਗ ਨੀਤੀਆਂ ਦੀ ਮਹੱਤਤਾ ਅਤੇ ਆਪਸੀ ਸਤਿਕਾਰ ਅਤੇ ਭਾਈਚਾਰਕ ਸਾਂਝ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਬਾਰੇ ਇੱਕ ਲੈਕਚਰ ਦਿੱਤਾ।ਡਾ: ਭੂਸ਼ਣ ਨੇ ਰੈਗਿੰਗ ਮੁਕਤ ਕੈਂਪਸ ਬਣਾਉਣ ਲਈ ਵਿਦਿਆਰਥੀਆਂ ਅਤੇ ਫੈਕਲਟੀ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ ਅਤੇ ਰੈਗਿੰਗ ਦੇ ਕਾਨੂੰਨੀ ਅਤੇ ਨੈਤਿਕ ਨਤੀਜਿਆਂ 'ਤੇ ਚਾਨਣਾ ਪਾਇਆ।ਪਹਿਲੇ ਸਾਲ ਦੇ ਵਿਦਿਆਰਥੀਆਂ ਦੁਆਰਾ ਇੱਕ ਸਕਿਟ ਪ੍ਰਦਰਸ਼ਨ ਨੇ ਰੈਗਿੰਗ ਦੇ ਨੁਕਸਾਨਦੇਹ ਪ੍ਰਭਾਵਾਂ ਅਤੇ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਦੇ ਮਹੱਤਵ ਨੂੰ ਉਜਾਗਰ ਕੀਤਾ।ਓਰੀਐਂਟੇਸ਼ਨ ਤੋਂ ਬਾਅਦ, ਵ੍ਹਾਈਟ ਕੋਟ ਸਮਾਰੋਹ, ਦੰਦਾਂ ਦੀ ਪੇਸ਼ੇਵਰ ਦੁਨੀਆ ਵਿੱਚ ਵਿਦਿਆਰਥੀਆਂ ਦੇ ਦਾਖ਼ਲੇ ਨੂੰ ਦਰਸਾਉਂਦਾ ਇੱਕ ਪ੍ਰਤੀਕਾਤਮਕ ਸਮਾਗਮ, ਆਯੋਜਿਤ ਕੀਤਾ ਗਿਆ।ਵਿਦਿਆਰਥੀਆਂ ਨੇ ਪੇਸ਼ੇਵਰ ਸਹੁੰ ਲਈ, ਜਿਸ ਵਿੱਚ ਉਨ੍ਹਾਂ ਨੇ ਦੰਤ ਚਿਕਿਤਸਾ ਪੇਸ਼ੇ ਦੀ ਨੈਤਿਕ ਮਿਆਰਾਂ ਅਤੇ ਜ਼ਿੰਮੇਵਾਰੀਆਂ ਨਿਭਾਉਣ ਦਾ ਵਚਨ ਦਿੱਤਾ।ਇਸ ਤੋਂ ਪਹਿਲਾਂ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ ਚਾਂਸਲਰ ਡਾ: ਪਰਵਿੰਦਰ ਸਿੰਘ ਵੱਲੋਂ ਡਾ: ਜਗਤ ਭੂਸ਼ਣ ਦਾ ਸਵਾਗਤ ਕੀਤਾ ਗਿਆ। ਇਸ ਸਮਾਗਮ ਦੀ ਸਫ਼ਲਤਾ ਪ੍ਰਿੰਸੀਪਲ ਡਾ: ਅਕਸ਼ੈ ਕੁਮਾਰ, ਵਾਈਸ ਪ੍ਰਿੰਸੀਪਲ ਡਾ. ਮਨਦੀਪ ਕੁਮਾਰ ਅਤੇ ਡੀਨ ਅਕਾਦਮਿਕ ਆਰਬੀਡੀਸੀਐਚ ਡਾ: ਨੀਨਾ ਮਹਿਤਾ ਦੀ ਮਿਹਨਤ ਸਦਕਾ ਸੰਭਵ ਹੋਈ।



# ਪਟਾਕੇ ਪਾਉਣ ਵਾਲੇ ਬਖਸ਼ੇ ਨਹੀਂ ਜਾਣਗੇ : ਥਾਣਾ ਮੁਖੀ



ਬਲਾਚੌਰ (ਜਸਵਿੰਦਰ ਬੈਂਸ)

ਬਲਾਚੌਰ ਕੰਗਨਾ ਪੁਲ 'ਤੇ ਥਾਣਾ ਮੁਖੀ ਸਤਨਾਮ ਸਿੰਘ ਵੱਲੋਂ ਵਾਹਨਾਂ ਦੀ ਚੈਕਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਕਾਨੂੰਨ ਨੂੰ ਹੱਥ ਵਿੱਚ ਲੈਣ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਬਖਸ਼ਿਆ ਜਾਵੇਗਾ। ਅੱਜ ਚੈਕਿੰਗ ਦੌਰਾਨ ਕੁਝ ਬੁਲਟ ਮੋਟਰਸਾਈਕਲਾਂ ਦੇ ਪਟਾਕੇ ਪਾਉਣ ਵਾਲਿਆਂ ਦੇ ਚਲਾਨ ਕੀਤੇ ਗਏ। ਚੈਕਿੰਗ ਦੌਰਾਨ ਬਹੁਤ ਸਾਰੇ ਵਾਹਨਾਂ ਦੇ ਕਾਗਜ਼ ਪੱਤਰ ਵਿੱਚ ਕਮੀਆਂ ਪਾਈਆਂ ਗਈਆਂ ਜਿਵੇਂ ਮੋਟਰਸਾਈਕਲ ਦੀ ਰਜਿਸਟਰੇਸ਼ਨ, ਪ੍ਰਦੂਸ਼ਣ, ਬਿਨਾਂ ਨੰਬਰ ਪਲੇਟਾਂ, ਬਿਨਾਂ ਡਰਾਈਵਿੰਗ ਲਾਈਸੈਂਸ ਆਂ ਕਮੀਆਂ ਪਾਈਆਂ ਗਈਆਂ। ਜਿਨ੍ਹਾਂ ਕੋਲ ਕੋਈ ਵੀ ਕਾਗਜ਼ ਨਹੀਂ ਸੀ ਉਨ੍ਹਾਂ ਵਾਹਨਾਂ ਨੂੰ ਬਾਊਂਡ ਕੀਤਾ ਗਿਆ। ਥਾਣਾ ਮੁਖੀ ਨੇ ਪਬਲਿਕ ਨੂੰ ਅਪੀਲ ਕੀਤੀ ਕਿ ਆਪਣੇ ਵਾਹਨਾਂ ਦੇ ਕਾਗਜ਼ ਪੱਤਰ ਦਰੁਸਤ ਰੱਖਣ। ਇਸ ਮੌਕੇ ਪੁਲਿਸ ਦੇ ਥਾਣਾ ਮੁਖੀ ਸਤਨਾਮ ਸਿੰਘ, ਏ ਐਸ ਆਈ ਲੇਖਰਾਜ, ਹੌਲਦਾਰ ਮੁਖਤਿਆਰ ਸਿੰਘ, ਮਨਕਵੀਰ ਸਿੰਘ, ਕਮਲਜੀਤ ਸਿੰਘ, ਧਰਮਵੀਰ ਸਿੰਘ ਆਦਿ ਹਾਜ਼ਰ ਸਨ।

# ਬੜਿਆਲ ਪਰਵਾਰ ਵੱਲੋਂ ਚੱਬੇਵਾਲ ਕਾਲਜ ਨੂੰ 1 ਲੱਖ 21 ਹਜ਼ਾਰ ਦੀ ਰਾਸ਼ੀ ਦਾਨ

ਮਾਹਿਲਪੁਰ, (ਸਤਰੀ)

ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਦੀ ਸਰਪ੍ਰਸਤੀ ਵਿੱਚ ਚੱਲ ਰਹੇ ਸ੍ਰੀ ਗੁਰੂ ਹਰ ਰਾਏ ਸਾਹਿਬ ਕਾਲਜ ਫਾਰ ਵਿਮੈਨ ਹਰੀਆਂ ਵੇਲਾਂ ਚੱਬੇਵਾਲ ਦੀਆਂ ਵਿਦਿਆਰਥਣਾਂ ਅਤੇ ਕਾਲਜ ਦੀ ਬਿਹਤਰੀ ਵਾਸਤੇ ਇਲਾਕੇ ਦੇ ਉੱਘੇ ਸਮਾਜ ਸੇਵਕ ਚਰਨਜੀਤ ਸਿੰਘ ਬੜਿਆਲ ਲਹਿਲੀ ਖੁਰਦ ਅਤੇ ਮਲਕੀਅਤ ਸਿੰਘ ਬੜਿਆਲ ਦੇ ਪਰਵਾਰ ਵੱਲੋਂ ਇਕ ਲੱਖ ਇੱਕੀ ਹਜ਼ਾਰ ਰੁਪਏ ਦੀ ਰਾਸ਼ੀ ਕਾਲਜ ਦੀ ਪ੍ਰਿੰਸੀਪਲ ਡਾ. ਮਨਜੀਤ ਕੌਰ ਅਤੇ ਕਾਲਜ ਕਮੇਟੀ ਦੇ ਪ੍ਰਬੰਧਕਾਂ ਨੂੰ ਭੇਟ ਕੀਤੀ ਗਈ। ਇਸ ਮੌਕੇ ਕਾਲਜ ਕੰਪਲੈਕਸ ਵਿਖੇ ਕਰਵਾਏ ਗਏ ਇੱਕ ਸਾਦੇ ਸਮਾਗਮ ਦੌਰਾਨ ਮਲਕੀਅਤ ਸਿੰਘ ਬੜਿਆਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਬੜਿਆਲ ਪਰਵਾਰ ਵੱਲੋਂ ਵਿਦਿਆਰਥਣਾਂ ਦੀ ਭਲਾਈ ਅਤੇ ਕਾਲਜ ਦੀ ਬਿਹਤਰੀ ਵਾਸਤੇ ਆਪਣੀ ਸਮਰਥਾ ਮੁਤਾਬਿਕ ਇਸੇ ਤਰ੍ਹਾਂ ਸਹਿਯੋਗ ਦਿੱਤਾ ਜਾਂਦਾ ਰਹੇਗਾ ਤਾਂ ਜੋ ਇਲਾਕੇ ਦੀਆਂ ਲੜਕੀਆਂ ਨੂੰ ਉੱਚ ਵਿੱਦਿਆ ਪ੍ਰਦਾਨ ਕਰਕੇ ਇੱਕ ਚੰਗੇ ਸਮਾਜ ਦੀ ਸਿਰਜਣਾ ਕਰਨ ਵਿੱਚ ਬਣਦਾ ਯੋਗਦਾਨ ਪਾਇਆ ਜਾ ਸਕੇ। ਉਨਾਂ ਨੇ ਕਾਲਜ ਦੇ ਸਰਪ੍ਰਸਤ ਜਥੇਦਾਰ ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਵੱਲੋਂ ਵਿਦਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਇਸ ਪਰਉਪਕਾਰੀ ਕਾਰਜ ਵਾਸਤੇ ਉਹਨਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਕਾਲਜ ਦੀ



ਪ੍ਰਿੰਸੀਪਲ ਡਾ. ਮਨਜੀਤ ਕੌਰ ਨੇ ਕਾਲਜ ਕਮੇਟੀ ਅਤੇ ਸਮੂਹ ਸਟਾਫ ਵੱਲੋਂ ਬੜਿਆਲ ਪਰਵਾਰ ਦਾ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕਾਲਜ ਦੀ ਬਿਹਤਰੀ ਵਾਸਤੇ ਸਹਿਯੋਗ ਕਰਦੇ ਰਹਿਣ ਦੀ ਬੜਿਆਲ ਪਰਵਾਰ ਨੂੰ ਅਪੀਲ ਕੀਤੀ।ਬੜਿਆਲ ਪਰਵਾਰ ਦਾ ਸਿਰੋਪਾਓ ਦੇ ਕੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਮਲਕੀਅਤ ਸਿੰਘ ਬੜਿਆਲ, ਸੁਰਜੀਤ ਕੌਰ ਬੜਿਆਲ, ਦਰਸ਼ਪ੍ਰੀਤ ਸਿੰਘ ਬੜਿਆਲ, ਗੁਰਪ੍ਰੀਤ ਸਿੰਘ ਬੜਿਆਲ, ਰਾਜਵਿੰਦਰ ਕੌਰ ਸੰਧੂ, ਰਾਜਾ ਸਿੰਘ, ਇੱਕਰੂਪ ਸਿੰਘ ਵੀ ਹਾਜ਼ਰ ਸਨ।

# ਦਾਊਂ ਪੰਚਾਇਤ ਦੀ ਪਲੇਠੀ ਮੀਟਿੰਗ 'ਚ ਖੇਡ ਸਟੇਡੀਅਮ ਬਣਾਉਣ ਤੇ ਨਸ਼ਾ ਰੋਕੂ ਮੁਹਿੰਮ ਚਲਾਉਣ 'ਤੇ ਵਿਚਾਰਾਂ

ਮੋਹਾਲੀ (ਗੁਰਜੀਤ ਬਿੱਲਾ)

ਗਰਾਮ ਪੰਚਾਇਤ ਦਾਊਂ ਦੀ ਪਲੇਠੀ ਮੀਟਿੰਗ ਵਿੱਚ ਪਿੰਡ ਦੇ ਵਿਕਾਸ, ਨਸ਼ਾ ਰੋਕ ਮੁਹਿੰਮ ਅਤੇ ਖੇਡ ਸਟੇਡੀਅਮ ਬਣਾਉਣ ਲਈ ਚਰਚਾ ਹੋਈ।ਮੀਟਿੰਗ ਸ੍ਰੀਮਤੀ ਸੁਖਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਨਵੇਂ ਚੁਣੇ ਪੰਚ ਹਰਪ੍ਰੀਤ ਸਿੰਘ ਲਾਲਾ,ਸੁਖਵਿੰਦਰ ਸਿੰਘ, ਬਲਜਿੰਦਰ ਕੌਰ, ਸਾਹਿਲ ਖਾਨ, ਮਨਪ੍ਰੀਤ ਸਿੰਘ, ਅਮਰਜੀਤ ਕੌਰ , ਚਰਨਜੀਤ ਕੌਰ ਅਤੇ ਰਾਨੂੰ ਆਦਿ ਸ਼ਾਮਲ ਹੋਏ।ਸਰਪੰਚ ਸੁਖਜੀਤ ਕੌਰ ਦੇ ਪਤੀ ਗੁਰਨਾਮ ਸਿੰਘ ਕਾਲਾ ਨੇ ਦੱਸਿਆ ਕਿ ਪੰਚਾਇਤ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪਿੰਡ ਦਾ ਵਿਕਾਸ ਬਿਨਾਂ ਕਿਸੇ ਪੱਖਪਾਤ ਤੋਂ ਕਰਵਾਇਆ ਜਾਵੇਗਾ । ਮੀਟਿੰਗ ਵਿੱਚ ਪਿੰਡ ਦੀ ਧੀ ਨੇਹਾ ਕੌਰ ਵੱਲੋਂ ਪੈਰਾ ਓਲੰਪੀਅਕ ਅੰਤਰਰਾਸ਼ਟਰੀ ਪੱਧਰ 'ਤੇ ਤਾਇਕਵਾਂਡੋ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗਾ ਜਿੱਤਣ 'ਤੇ ਖੁਸ਼ੀ ਪ੍ਰਗਟ ਕੀਤੀ ਗਈ ਅਤੇ ਫੈਸਲਾ ਕੀਤਾ ਗਿਆ ਜਲਦੀ ਹੀ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਪੰਚਾਇਤੀ ਜਮੀਨ ਵਿੱਚ ਖੇਡ ਸਟੇਡੀਅਮ ਦੀ ਉਸਾਰੀ ਕਰਵਾਈ ਜਾਵੇਗੀ। ਪਿੰਡ ਦੇ ਹਰ ਵਾਰਡ ਵਿੱਚ ਸਬੰਧਤ ਪੰਚ ਦੀ ਅਗਵਾਈ ਵਿੱਚ ਕਮੇਟੀ ਦਾ ਗਠਨ ਕਰਕੇ ਨਸ਼ੇ ਵਿਰੁੱਧ ਮੁਹਿੰਮ ਚਲਾਈ ਜਾਵੇਗੀ ਅਤੇ ਨਸ਼ਾ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਪੀਣ ਵਾਲੇ ਪਾਣੀ ਦੀ ਕਿਲਤ ਦੂਰ ਕਰਨ ਲਈ ਨਵਾਂ ਟਿਊਬਵੈੱਲ



ਚਲ ਪਿਆ ਹੈ ਜਿਸ ਦਾ ਆਉਣ ਵਾਲੇ ਦਿਨਾਂ ਵਿੱਚ ਹਲਕਾ ਵਿਧਾਇਕ ਕੁਲਵੰਤ ਸਿੰਘ ਪਾਸੋਂ ਟਾਇਮ ਲੈ ਕੇ ਇਸ ਦਾ ਉਦਘਾਟਨ ਕੀਤਾ ਜਾਵੇਗਾ। ਸ੍ਰੀਮਤੀ ਸੁਖਜੀਤ ਕੌਰ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਪਿੰਡ ਦੇ ਵਿਕਾਸ ਲਈ ਉਨ੍ਹਾਂ ਦਾ ਪੂਰਾ ਸਾਥ ਦੇਣ, ਜੇਕਰ ਉਨ੍ਹਾਂ ਨੂੰ ਕੋਈ ਮੁਸਕਲ ਪੇਸ਼ ਆਉਂਦੀ ਹੈ ਤਾਂ ਉਹ ਆਪਣੇ ਵਾਰਡ ਦੇ ਮੈਂਬਰ ਪੰਚਾਇਤ ਦੇ ਧਿਆਨ ਵਿੱਚ ਜਾਂ ਸਿੱਧੇ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ।

# ਪੁਲਸ ਨੇ ਪੰਚਾਇਤਾਂ ਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਕੀਤਾ ਜਾਗਰੂਕ

ਜਲੰਧਰ (ਮਨਜੀਤ ਮਾਨ)

ਡੀ ਜੀ ਪੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਐਸ ਐਸ ਪੀ ਹਰਕੰਵਲਪ੍ਰੀਤ ਸਿੰਘ ਖੱਖ ਦੀ ਅਗਵਾਈ ਹੇਠ ਥਾਣਾ ਸਦਰ ਨਕੋਦਰ ਅਧੀਨ ਪੈਂਦੀ ਪੁਲਸ



ਚੌਂਕੀ ਵਿਖੇ ਸੰਪਰਕ ਪੰਜਾਬ ਪੁਲਸ ਆਊਟਰੀਚ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਇਲਾਕੇ ਦੀਆਂ ਪੰਚਾਇਤਾਂ ਤੇ ਆਮ ਲੋਕਾਂ ਨੇ ਹਿੱਸਾ ਲਿਆ। ਡੀ ਐਸ ਪੀ ਵਿਜੇ ਕੰਵਰ ਪਾਲ ਤੇ ਡੀ ਐਸ ਪੀ ਸੁਖਪਾਲ ਸਿੰਘ ਨੇ ਕਿਹਾ ਕਿ ਨਸ਼ਿਆਂ ਦੇ ਸੌਦਾਗਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ ਤੇ ਉਨ੍ਹਾਂ ਦੀਆਂ ਪ੍ਰਾਪਟੀਆਂ ਨੂੰ ਸੀਲ ਕੀਤਾ ਜਾਵੇਗਾ। ਜਿਹੜੇ ਨੌਜੁਆਨ ਨਸ਼ੇ ਛੱਡਣਾ ਚਾਹੁੰਦੇ ਹਨ ਉਨ੍ਹਾਂ ਦਾ ਇਲਾਜ ਵੀ ਕਰਵਾਇਆ ਜਾਵੇਗਾ। ਇਸ ਮੌਕੇ ਐਸ ਐਚ ਓ ਥਾਣਾ ਸਦਰ ਨਕੋਦਰ ਦੇ ਮੁਖੀ ਐਸ ਐੱਚ ਓ ਬਲਜਿੰਦਰ ਸਿੰਘ, ਪੁਲਸ ਚੌਂਕੀ ਉੱਗੀ ਦੇ ਇੰਚਾਰਜ ਕਾਬਿਲ ਸਿੰਘ ਤੋਂ ਇਲਾਵਾ ਪ੍ਰਿੰਸ ਛੋਟੜਾ, ਰਜਨੀਸ਼ ਤਿਵਾੜੀ ਉੱਗੀ, ਅਵਤਾਰ ਸਿੰਘ ਭੋਲਾ ਪਹਿਲਵਾਨ ਸੇਵਾ ਮੁਕਤ ਡੀ ਐਸ ਪੀ, ਪਾਲਾ ਰਾਮ ਸਰਪੰਚ ਉੱਗੀ, ਉਮੇਸ਼ ਸੰਗਰ, ਬਲਦੇਵ ਸਿੰਘ ਔਜਲਾ, ਅਵਤਾਰ ਸਿੰਘ ਸਰਪੰਚ ਮੱਲ੍ਹੀਆਂ ਕਲਾਂ, ਸਰਬਨ ਸੰਘਾ ਕਾਲਾ ਸੰਘਿਆਂ,ਸੁਖਦੇਵ ਸਿੰਘ ਪੰਚ, ਸ਼ਿੰਗਾਰਾ ਸਿੰਘ ਕੁਲਾਰ, ਰਜਨੀਸ਼ ਗੋਤਮ ਸਾਬਕਾ ਸਰਪੰਚ, ਅੰਗਰੇਜ਼ ਸਿੰਘ ਸਾਬਕਾ ਸਰਪੰਚ, ਬਲਵੀਰ ਸਿੰਘ ਬੱਲੀ ਕੁਲਾਰ, ਕੁਲਦੀਪ ਸਿੰਘ ਸੱਭਰਵਾਲ ਸਰਪੰਚ ਰਹੀਮਪੁਰ, ਹੈਪੀ ਬਠਲਾ, ਸੁਰਿੰਦਰ ਬਠਲਾ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਕ੍ਰਿਸ਼ਨ ਲਾਲ ਬਠਲਾ, ਪੰਮਾ ਮੱਟੂ ਮੱਟੂ ਟੈਂਟ ਹਾਊਸ ਉੱਗੀ, ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ ਤੇ ਇਲਾਕੇ ਦੇ ਲੋਕ ਹਾਜ਼ਰ ਸਨ।

# ਫੂਡ ਸੇਫਟੀ ਟੀਮ ਵੱਲੋਂ ਗੜ੍ਹੀ ਬਾਈਪਾਸ ਵੇਲਣੇ ਦੀ ਚੈਕਿੰਗ, ਕੀਤਾ ਸੀਲ

ਬਲਾਚੌਰ (ਜਸਵਿੰਦਰ ਬੈਂਸ)

ਸਬ ਡਵੀਜ਼ਨ ਬਲਾਚੌਰ ਦੀਆਂ ਵੱਖ ਵੱਖ ਸੜਕਾਂ ਉਪਰ ਲੱਗੇ ਵੇਲਣਿਆਂ ਉਪਰ ਵਿਕਦੇ ਆ ਰਹੇ ਗੈਰ ਮਿਆਰੀ ਦੇਸੀ ਗੁੜ ਅਤੇ ਸ਼ੱਕਰ ਨਾਲ ਭਾਵੇਂ ਲੋਕਾਂ ਦੀ ਸਿਹਤ ਨਾਲ ਲੰਮੇ ਸਮੇਂ ਤੋਂ ਖਿਲਵਾੜ ਹੁੰਦਾ ਆ ਰਿਹਾ ਹੈ ਪਰ ਫੂਡ ਸੇਫਟੀ ਵਿਭਾਗ ਨੇ ਇਨ੍ਹਾਂ ਵੱਲ ਕਦੇ ਵੀ ਧਿਆਨ ਨਹੀਂ ਮਾਰਿਆ ।ਕਹਿੰਦੇ ਹਨ ਕਿ ਦੇਰ ਨਾਲ ਹੀ ਸਹੀ ਪਰ ਅੱਜ ਦਰੁੱਸਤ ਸਮੇਂ ਤੋਂ ਫੂਡ ਸੇਫਟੀ ਟੀਮ ਜਿਸ ਦੀ ਅਗਵਾਈ ਹਰਪ੍ਰੀਤ ਕੌਰ ਸਹਾਇਕ ਕਮਿਸ਼ਨਰ (ਫੂਡ) ਸ਼ਹੀਦ ਭਗਤ ਸਿੰਘ ਨਗਰ ਵਲੋਂ ਸਥਾਨਕ ਗੜ੍ਹੀ ਕਾਨੂੰਗੋਆ ਬਾਈਪਾਸ ਸਥਿਤ ਇੱਕ ਵੇਲਣੇ ਉਪਰ ਚੈਕਿੰਗ ਕੀਤੀ ਗਈ। ਛਾਪੇਮਾਰੀ ਇਲਾਕੇ ਅੰਦਰ ਇੱਕ ਚੰਗੇ ਕਾਰਜ ਦੀ ਸ਼ਲਾਘਾ ਦਾ ਵਿਸ਼ਾ ਬਣੀ ਹੋਈ ਹੈ । ਫੂਡ ਸੇਫਟੀ ਕਮਿਸ਼ਨਰ ਹਰਪ੍ਰੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਵੇਲਣੇ ਉਪਰ ਮਿਲਾਵਟੀ ਗੁੜ ਸ਼ੱਕਰ ਵਿਕਣ ਦੀ ਸੂਚਨਾ ਮਿਲ ਰਹੀ ਸੀ ਜਿਸ ਦੇ ਆਧਾਰ 'ਤੇ ਉਨ੍ਹਾਂ ਵਲੋਂ ਅੱਜ ਪਿੰਡ ਗੜ੍ਹੀਕਾਨੂੰਗੋਆ ਬਾਈਪਾਸ 'ਤੇ ਚੱਲ ਰਹੇ ਬੈਲਣੇ ਉਪਰ ਛਾਪੇਮਾਰੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਵੇਲਣਾ ਮਾਲਕ ਵਲੋਂ ਜੋ ਗੁੜ ਤਿਆਰ ਕੀਤਾ ਜਾ ਰਿਹਾ ਸੀ ਉਸ ਵਿੱਚ ਖੰਡ ਅਤੇ ਫੂਡ ਕਲਰ ਦੀ ਵਰਤੋਂ ਕੀਤੀ ਜਾ ਰਹੀ ਸੀ।



ਜੋ ਕਿ ਫੂਡ ਸੇਫਟੀ ਐਕਟ ਅਧੀਨ ਵਰਜਿਤ ਹੈ। ਉਨ੍ਹਾਂ ਦੱਸਿਆ ਕਿ ਜੋ ਫੂਡ ਕਲਰ ਬ੍ਰਾਮਦ ਹੋਇਆ ਹੈ, ਇਸ ਦੀ ਵਰਤੋਂ ਗੁੜ ਸ਼ੱਕਰ ਬਣਾਉਣ ਵਿੱਚ ਨਹੀਂ ਕੀਤੀ ਸਕਦੀ। ਅਜਿਹੇ ਕਲਰ ਦੀ ਵਰਤੋਂ ਵਾਲਾ ਗੁੜ ਖਾਣਾ ਮਨੁੱਖੀ ਸਿਹਤ ਲਈ ਨੁਕਸਾਨਦੇਹ ਹੈ । ਇਸ ਮੌਕੇ ਫੂਡ ਸੇਫਟੀ ਟੀਮ ਵਲੋਂ ਇਸ ਵੇਲਣੇ ਉਪਰੋਂ 474 ਕਿਲੋਗ੍ਰਾਮ ਗੁੜ ਅਤੇ 500 ਕਿਲੋਗ੍ਰਾਮ ਚੀਨੀ ਨੂੰ ਮੌਕੇ ਉਪਰ ਜ਼ਬਤ ਕੀਤਾ ਗਿਆ ਅਤੇ ਗੁੜ, ਚੀਨੀ ਅਤੇ ਸ਼ੱਕਰ ਦੇ ਤਿੰਨ ਸੈਂਪਲ ਲੈ ਕੇ ਲੈਬ ਟੈਸਟ ਲਈ ਭੇਜੇ ਜਾਣਗੇ ਅਤੇ ਇਨ੍ਹਾਂ ਦੀ ਰਿਪੋਰਟ ਆਉਣ 'ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸਾਰੇ ਗੁੜ ਬਣਾਉਣ ਵਾਲੇ ਵੇਲਣਿਆਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਕਿ ਗੁੜ ਬਣਾਉਣ ਵਾਲੇ ਸਥਾਨ ਉਪਰ ਪੂਰੀ ਸਾਫ ਸਫਾਈ ਰੱਖਣ ਅਤੇ ਗੁੜ ਬਣਾਉਣ ਵਿੱਚ ਕੋਈ ਵੀ ਰੰਗ, ਚੀਨੀ ਜਾਂ ਕਿਸੇ ਵੀ ਕੈਮੀਕਲ ਦੀ ਵਰਤੋਂ ਨਾ ਕਰਨ ਦੀਆਂ ਹਦਾਇਤਾਂ ਕੀਤੀਆਂ ਅਤੇ ਦੱਸਿਆ ਕਿ ਖਾਣ ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟਖੋਰੀ ਬਿਲਕੁੱਲ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਅਜਿਹੇ ਲੋਕਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਫੂਡ ਸੇਫਟੀ ਅਫਸਰ ਸੰਗੀਤਾ ਸਹਿਦੇਵ ਸਮੇਤ ਟੀਮ ਹਾਜ਼ਰ ਸਨ ।

# ਜਿੰਪਾ ਨੇ ਮੁਹੱਲਾ ਅਸਲਾਮਾਬਾਦ 'ਚ ਬਰਸਾਤੀ ਪਾਣੀ ਦੀ ਨਿਕਾਸੀ ਪ੍ਰੋਜੈਕਟ ਦੀ ਸ਼ੁਰੂਆਤ ਕਰਵਾਈ

ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)

ਵਾਰਡ ਨੰਬਰ 8 ਦੇ ਮੁਹੱਲਾ ਅਸਲਾਮਾਬਾਦ 'ਚ ਬਰਸਾਤੀ ਪਾਣੀ ਦੇ ਨਿਕਾਸ ਦੀ ਸਮੱਸਿਆ ਨੂੰ ਹੱਲ ਕਰਨ ਲਈ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ 600 ਮੀਟਰ ਐਮ.ਐਮ. ਡਾਇਆ ਪਾਈਪ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ। ਇਹ ਪਾਈਪ ਲਾਈਨ ਖੇਤੀ ਭਵਨ ਅਸਲਾਮਾਬਾਦ ਤੋਂ ਪੁਲ ਤੱਕ ਵਿਛਾਈ ਜਾਵੇਗੀ। ਪ੍ਰੋਜੈਕਟ ਦੀ ਕੁੱਲ ਲਾਗਤ ਕਰੀਬ 49 ਲੱਖ ਰੁਪਏ ਹੈ। ਇਸ ਦੇ ਪੂਰਾ ਹੋਣ ਤੋਂ ਬਾਅਦ ਇਲਾਕੇ ਦੇ ਵਸਨੀਕਾਂ ਨੂੰ ਬਰਸਾਤ ਦੌਰਾਨ ਆਉਣ ਵਾਲੀ ਮੁਸ਼ਕਲਾਂ ਤੋਂ ਰਾਹਤ ਮਿਲੇਗੀ।ਇਸ ਮੌਕੇ 'ਤੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਪ੍ਰੋਜੈਕਟ ਸਥਾਨਕ ਵਸਨੀਕਾਂ ਦੀ ਲੰਬੇ ਸਮੇਂ ਦੀ ਸਮੱਸਿਆ ਦਾ ਪੱਕਾ ਹੱਲ ਕਰੇਗਾ। ਬਰਸਾਤ ਦੇ ਮੌਸਮ 'ਚ ਪਾਣੀ ਖੜ੍ਹਾ ਹੋਣ ਕਰਕੇ ਇਸ ਇਲਾਕੇ ਦੇ ਲੋਕਾਂ ਨੂੰ ਬਹੁਤ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਕੰਮ ਦੇ ਪੂਰਾ ਹੋਣ ਨਾਲ ਉਨ੍ਹਾਂ ਨੂੰ ਰਾਹਤ ਮਿਲੇਗੀ ਅਤੇ ਇਲਾਕੇ ਦੇ ਜੀਵਨ ਪੱਧਰ ਵਿੱਚ ਵੀ ਸੁਧਾਰ ਆਵੇਗਾ।ਵਿਧਾਇਕ ਨੇ ਸਾਰੇ ਸੰਬੰਧਿਤ ਵਿਭਾਗਾਂ ਨੂੰ ਪ੍ਰੋਜੈਕਟ ਦੀ ਪ੍ਰਗਤੀ 'ਤੇ ਨਿਯਮਤ ਨਿਗਰਾਨੀ ਕਰਨ ਅਤੇ ਇਸਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।ਸਥਾਨਕ ਲੋਕਾਂ ਨੇ ਇਸ ਪ੍ਰੋਜੈਕਟ ਲਈ ਵਿਧਾਇਕ ਅਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਅਤੇ ਇਸਨੂੰ ਇਲਾਕੇ ਦੇ ਵਿਕਾਸ ਵੱਲ ਇਕ ਮਹੱਤਵਪੂਰਨ ਕਦਮ ਕਰਾਰ ਦਿੱਤਾ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਵਾਰਡ ਕੌਂਸਲਰ ਮੁਖੀ ਰਾਮ, ਐਕਸੀਅਨ ਪੀ.ਡਬਲਿਊ.ਡੀ. ਗੁਰਮੀਤ ਸਿੰਘ, ਸੋਹਨ ਸਿੰਘ, ਰਵਿੰਦਰ ਕੁਮਾਰ ਪੱਪੀ, ਪਰਮਜੀਤ ਸਿੰਘ,



ਨਛੱਤਰ ਸਿੰਘ, ਨਿਰਮਲ ਸਿੰਘ ਸੈਣੀ, ਜਗਜੀਵਨ ਸਿੰਘ, ਪਵਨ ਕੁਮਾਰ, ਸਤਿੰਦਰ ਧੀਮਾਨ, ਸੰਤੋਖ ਸਿੰਘ, ਪਰਮਜੀਤ ਸਿੰਘ ਫੌਜੀ, ਅਵਤਾਰ ਸਿੰਘ, ਗੁਰਦੀਪ ਸਿੰਘ, ਹੈਰੀ ਸਿੰਘ, ਕਰਤਾਰ ਸਿੰਘ, ਹਰਨਾਮ ਸਿੰਘ, ਕ੍ਰਿਸ਼ਨ ਗੋਪਾਲ, ਪੰਡਿਤ ਵਿਸ਼ਾਲ, ਰਛਪਾਲ ਸਿੰਘ, ਬਖਸ਼ੀ ਰਾਮ ਬੱਧਣ, ਪਰਗਟ ਸਿੰਘ, ਕੇਵਲ ਕ੍ਰਿਸ਼ਨ ਮਾਹੀ, ਦਿਲਬਾਗ ਸਿੰਘ, ਤਰਸੇਮ ਲਾਲ, ਕੇਸਰ ਸਿੰਘ, ਸਤਨਾਮ ਸਿੰਘ, ਅਵਤਾਰ ਚੰਦ, ਪਿੰਟੂ ਸੈਣੀ, ਤਿਰਲੋਕ ਸਿੰਘ ਏਅਰਮੈਨ, ਪਿਆਰਾ ਲਾਲ ਮੈਹਮੀ, ਅਸ਼ੋਕ ਸ਼ਰਮਾ, ਗੁਰਪਾਲ ਚੰਦ, ਹਰਬੰਸ ਲਾਲ, ਜਸਵੀਰ ਜੱਖੂ ਆਦਿ ਹਾਜ਼ਰ ਸਨ।

# ਜੀ ਐਨ ਏ ਸਕੂਲ ਜੱਲੋਵਾਲ ਖਨੂਰ 'ਚ ਸਾਲਾਨਾ ਧਾਰਮਿਕ ਸਮਾਗਮ ਕਰਵਾਏ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਜੀ ਐਨ ਏ ਸੀਨੀਅਰ ਸੈਕੰਡਰੀ ਸਕੂਲ ਜੱਲੋਵਾਲ ਖਨੂਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਲਾਨਾ ਧਾਰਮਿਕ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਸਕੂਲ ਦੇ ਡਾਇਰੈਕਟਰ ਗੁਰਦੀਪ ਸਿੰਘ ਜੱਲੋਵਾਲ ਖਨੂਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਲਾਨਾ ਧਾਰਮਿਕ ਸਮਾਗਮ ਸਬੰਧੀ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਭਾਈ ਲਖਵੀਰ ਸਿੰਘ ਨਰੂੜ, ਸਕੂਲੀ ਬੱਚੇ ਗੁਰਬਾਣੀ, ਗੁਰਇਤਿਹਾਸ, ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਸਮਾਗਮ ਦੌਰਾਨ ਮੁੱਖ ਮਹਿਮਾਨ ਸਰਪੰਚ ਬਲਜੀਤ ਸਿੰਘ, ਨਵਦੀਪ ਕੌਰ ਸਰਪੰਚ ਬਡਿਆਲਾ, ਬਿੱਟੂ ਭਿੰਡਰ ਬੱਡਲਾ ਵੱਲੋਂ ਸਾਂਝੇ ਤੌਰ 'ਤੇ ਅੱਵਲ ਆਏ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਇਰੈਕਟਰ ਗੁਰਦੀਪ ਸਿੰਘ, ਰਵਿੰਦਰ ਸਿੰਘ, ਬਲਵਿੰਦਰ ਕੌਰ, ਗੀਤਾ, ਜਸਪਾਲ ਸਿੰਘ, ਪੂਜਾ, ਰਜਨੀ, ਅਮਾਨਤ, ਕੌਮਲ ਮੱਟੂ, ਬਲਵੀਰ ਕੌਰ, ਬਲਜੀਤ ਕੌਰ, ਸ਼ਰਨਜੀਤ, ਸੁਸ਼ਮਾ,



ਸਿਮਰਨ, ਨੇਹਾ, ਮਨਪ੍ਰੀਤ, ਹਰਪ੍ਰੀਤ, ਪ੍ਰਿੰਅਕਾ, ਖੁਸ਼ਬੂ, ਨਰਿੰਦਰ ਕੌਰ, ਸੁਰਿੰਦਰ ਰਾਜਵੰਤ ਏਅਰ ਫੋਰਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਿਦਿਆਰਥੀ ਅਤੇ ਉਨ੍ਹਾਂ ਮਾਤਾ ਪਿਤਾ ਹਾਜ਼ਰ ਸਨ। ਸਮਾਗਮ ਦੇ ਅੰਤ ਵਿੱਚ ਸਕੂਲ ਦੇ ਮੁੱਖ ਪ੍ਰਬੰਧਕ ਗੁਰਦੀਪ ਸਿੰਘ ਜੱਲੋਵਾਲ ਖਨੂਰ ਨੇ ਸਮਾਗਮ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ। ਸਮਾਗਮ ਦੌਰਾਨ ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

# 'ਸਰਬੱਤ ਦਾ ਭਲਾ ਰੇਲ ਗੱਡੀ ਪਟਨਾ ਸਾਹਿਬ ਤੱਕ ਚਲਾਈ ਜਾਵੇ'

ਤਲਵੰਡੀ ਚੌਧਰੀਆਂ (ਨਵਕਿਰਨ/ ਭੋਲਾ)

ਸੰਤ ਬਾਬਾ ਲੀਡਰ ਸਿੰਘ ਗੁਰਸਰ ਸਾਹਿਬ ਸੈਫਲਾਬਾਦ ਵਾਲੇ, ਸੰਤ ਬਾਬਾ ਹਰਜੀਤ ਸਿੰਘ ਦਮਦਮਾ ਸਾਹਿਬ ਠੱਟਾ ਵਾਲੇ , ਬਾਬਾ ਜੈ ਸਿੰਘ ਡੇਰਾ ਬਾਬਾ ਸ੍ਰੀ ਚੰਦ ਮਹਿਮਦਵਾਲ ਵਾਲੇ , ਬਾਬਾ ਦਲਬੀਰ ਸਿੰਘ ਸੋਨੀ ਬੂੜੇਵਾਲ ਵਾਲਿਆਂ ਨੇ ਭਾਰਤ ਸਰਕਾਰ, ਰੇਲਵੇ ਮੰਤਰੀ ਅਤੇ ਰੇਲਵੇ ਦੇ ਉੱਚ ਅਧਿਕਾਰੀਆਂ ਪਾਸੋਂ ਮੰਗ ਕੀਤੀ ਕਿ ਸਰਬੱਤ ਦਾ ਭਲਾ ਰੇਲ ਗੱਡੀ, ਜੋ ਕਿ ਲੋਹੀਆਂ ਤੋਂ ਦਿੱਲੀ ਤੱਕ ਜਾਂਦੀ ਹੈ, ਦਾ ਰੂਟ ਵਧਾ ਕੇ ਪਟਨਾ ਸਾਹਿਬ ਤੱਕ ਕੀਤਾ ਜਾਵੇ ਤਾਂ ਜੋ ਪਾਵਨ ਨਗਰੀ ਸੁਲਤਾਨਪੁਰ ਲੋਧੀ ਅਤੇ ਪਾਵਨ ਅਸਥਾਨ ਪਟਨਾ ਸਾਹਿਬ ਦੇ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਲਈ ਸੰਗਤਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਲ ਪੇਸ਼ ਨਾ ਆਵੇ। ਇਸ ਤੋਂ ਇਲਾਵਾ ਗੁਰੂ ਨਾਨਕ ਸੇਵਕ ਜਥਾ ਬਾਹਰਾ ਦੇ ਪ੍ਰਧਾਨ ਸੰਤੋਖ ਸਿੰਘ ਬਿਧੀਪੁਰ ਅਤੇ ਸਮੂਹ ਸੇਵਾਦਾਰਾਂ ਨੇ ਇਸ ਮੰਗ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਪਾਵਨ ਨਗਰੀ ਸੁਲਤਾਨਪੁਰ ਲੋਧੀ ਅਤੇ ਡੱਲਾ ਸਾਹਿਬ ਦੇ ਸਮੂਹ ਗੁਰਧਾਮਾਂ ਤੋਂ ਇਲਾਵਾ ਹੋਰ ਵੱਖ ਵੱਖ ਗੁਰਧਾਮਾਂ ਦੇ ਦਰਸ਼ਨਾਂ ਲਈ ਪਟਨਾ ਸਾਹਿਬ ਇਲਾਕੇ ਤੋਂ ਵੀ ਇੱਥੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਸੰਗਤਾਂ ਆਉਂਦੀਆਂ ਹਨ। ਪਟਨਾ ਸਾਹਿਬ ਤੋਂ ਸੁਲਤਾਨਪੁਰ ਲੋਧੀ ਤੱਕ ਸਿੱਧੀ ਰੇਲ ਗੱਡੀ ਨਾ ਹੋਣ ਕਾਰਨ ਉਹਨਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨਾਂ ਮੰਗ ਕੀਤੀ ਕਿ ਪਟਨਾ ਸਾਹਿਬ ਤੋਂ ਸੁਲਤਾਨਪੁਰ ਲੋਧੀ ਤੱਕ ਸਰਬੱਤ ਦਾ ਭਲਾ ਰੇਲ ਗੱਡੀ ਦਾ ਰੂਟ ਵਧਾਇਆ ਜਾਵੇ। ਉਹਨਾਂ ਇਹ ਵੀ ਕਿਹਾ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਨੇੜੇ ਆ ਰਿਹਾ ਹੈ, ਇਸ ਲਈ ਬੰਦ ਕੀਤੀਆਂ ਗਈਆਂ ਰੇਲ ਗੱਡੀਆਂ ਦੇ ਨਾਲ ਹੋਰ ਵੀ ਨਵੀਆਂ ਰੇਲ ਗੱਡੀਆਂ ਚਲਾਈਆਂ ਜਾਣ ਤਾਂ ਜੋ ਸ਼ਰਧਾਲੂ ਸੰਗਤਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਸੰਤੋਖ ਸਿੰਘ ਬਿਧੀਪੁਰ,ਬਲਜਿੰਦਰ ਸਿੰਘ ਦਰੀਏਵਾਲ, ਚਰਨ ਸਿੰਘ ਦਰੀਏਵਾਲ, ਬਲਵੀਰ ਸਿੰਘ, ਦਿਲਬਾਗ ਸਿੰਘ, ਸੁਰਿੰਦਰ ਸਿੰਘ, ਸਤਿੰਦਰਪਾਲ ਸਿੰਘ ਹਜ਼ੂਰੀ ਰਾਗੀ, ਜਗਜੀਤ ਸਿੰਘ, ਨਿਰਮਲ ਸਿੰਘ, ਸਵਰਨ ਸਿੰਘ, ਦਰਸ਼ਨ ਸਿੰਘ, ਨਿਰੰਜਨ ਸਿੰਘ, ਜਗੀਰ ਸਿੰਘ, ਅਮਰਜੀਤ ਸਿੰਘ, ਨਿੰਦਰ ਸਿੰਘ, ਅਮਰਜੀਤ ਸਿੰਘ, ਜਸਵਿੰਦਰ ਸਿੰਘ, ਜੀਤ ਸਿੰਘ, ਗੁਰਦੀਪ ਸਿੰਘ, ਬਲਵਿੰਦਰ ਸਿੰਘ, ਗੁਰਮੇਲ ਸਿੰਘ, ਹਰਜਿੰਦਰ ਸਿੰਘ, ਭਜਨ ਸਿੰਘ, ਰਣਜੀਤ ਸਿੰਘ, ਸਵਰਨ ਸਿੰਘ, ਗੁਰਨਾਮ ਸਿੰਘ, ਗੁਰਦੀਪ ਸਿੰਘ, ਮਲਕੀਤ ਸਿੰਘ, ਬਲਵਿੰਦਰ ਸਿੰਘ, ਜਗੀਰ ਸਿੰਘ, ਕਾਹਲੋਂ, ਸੂਬਾ ਸਿੰਘ, ਜਰਨੈਲ ਸਿੰਘ ਆਦਿ ਵੀ ਸ਼ਾਮਲ ਸਨ।



# ਕੈਬਨਿਟ ਮੰਤਰੀ ਨੇ ਸੜਕ ਦਾ ਰੱਖਿਆ ਨੀਂਹ ਪੱਥਰ

ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮਹਿੰਦਰ ਭਗਤ ਨੇ ਬਸਤੀ ਦਾਨਿਸ਼ਮੰਦਾਂ ਦੇ ਕੜੀਵਾਲਾ ਚੌਕ ਤੋਂ ਲੈ ਕੇ ਗਾਖਲਾਂ ਪੁਲੀ ਤੱਕ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਮਹਿੰਦਰ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਦੇ ਹਰੇਕ ਸ਼ਹਿਰ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸੂਬੇ ਦੇ ਹਰ ਪਿੰਡ, ਕਸਬੇ ਅਤੇ ਸ਼ਹਿਰ ਵਿੱਚ ਪਿਛਲੇ ਢਾਈ ਸਾਲਾਂ ਤੋਂ ਵਿਕਾਸ ਕਾਰਜ ਚਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਅਧੀਨ ਆਉਂਦੇ ਹਰ ਖੇਤਰ ਦੀ ਦਿੱਖ ਨੂੰ ਸੁਧਾਰਨ ਲਈ ਜੀਅ ਤੋੜ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਨ ਵਾਲੀਆਂ ਸੜਕਾਂ ਨੂੰ ਪਹਿਲ ਦੇ ਅਧਾਰ ਉੱਤੇ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੜੀਵਾਲਾ ਚੌਕ ਤੋਂ ਲੈ ਕੇ ਗਾਖਲਾਂ ਪੁਲੀ ਤੱਕ ਸੜਕ ਦੇ ਨਿਰਮਾਣ 'ਤੇ ਲਗਭਗ 1 ਕਰੋੜ 17 ਲੱਖ ਰੁਪਏ ਦੀ ਲਾਗਤ



ਆਵੇਗੀ। ਇਸ ਮੌਕੇ ਸਾਬਕਾ ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ, ਸਾਬਕਾ ਡਿਪਟੀ ਮੇਅਰ ਹਰਸਿਮਰਨ ਜੀਤ ਸਿੰਘ ਬੰਟੀ, ਮੁਕੇਸ਼ ਸੇਠੀ, ਡਾ. ਮੁਨੀਸ਼ ਕਾਰਲਪੁਰਿਆ, ਬੰਸੀ ਲਾਲ, ਕਮਲ ਲੋਚ, ਸੰਦੀਪ ਸੰਧੂ, ਹਰਚਰਨ ਸਿੰਘ ਸੰਧੂ, ਭਾਰਤ ਭੂਸ਼ਨ ਜੈਰਥ, ਵਾਈਸ ਚੇਅਰਮੈਨ ਪਵਨ ਹੰਸ, ਪ੍ਰਦੀਪ ਖੁੱਲਰ, ਗੁਰਨਾਮ ਸਿੰਘ, ਸੰਜੀਵ ਭਗਤ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਡੀ ਐੱਸ ਪੀ ਸਹਿਬਾਜ਼ ਨੇ ਵੱਖ-ਵੱਖ ਪਿੰਡਾਂ 'ਚ ਕੀਤੀਆਂ ਪਬਲਿਕ ਮੀਟਿੰਗਾਂ

ਬਲਾਚੌਰ (ਜਸਵਿੰਦਰ ਬੈਂਸ)

ਡੀ.ਐੱਸ.ਪੀ. ਨਵਾਂਸ਼ਹਿਰ ਸਹਿਬਾਜ਼ ਨੇ ਬਲਾਚੌਰ ਦੇ ਵੱਖ-ਵੱਖ ਪਿੰਡਾਂ ਰਾਣੇਵਾਲ ਟੱਪਰੀਆਂ, ਮਜਾਰੀ ਵਿਖੇ ਪਬਲਿਕ ਮੀਟਿੰਗਾਂ ਕੀਤੀਆਂ।ਇਸ ਮੌਕੇ



ਡੀ.ਐੱਸ.ਪੀ. ਸਹਿਬਾਜ਼ ਤੇ ਜ਼ਿਲ੍ਹਾ ਸਾਂਝ ਕੇਂਦਰ ਇੰਚਾਰਜ ਸਤਪਾਲ ਮੀਲੂ ਨੇ ਮੀਟਿੰਗ ਦੌਰਾਨ ਪਿੰਡਾਂ ਦੇ ਸਰਪੰਚਾਂ, ਪੰਚਾਂ ਤੇ ਪਿੰਡ ਵਾਸੀਆਂ ਨੂੰ ਸੰਬੋਧਨ 'ਚ ਕਿਹਾ ਕਿ ਨਸ਼ਾ ਸਮੱਗਲਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਆਪ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਜੇ ਕੋਈ ਨਸ਼ਾ ਵੇਚਦਾ ਹੈ ਤਾਂ ਉਸ ਦੀ ਇਤਲਾਹ ਪੁਲਸ ਨੂੰ ਦਿਓ, ਸੂਚਨਾ ਦੇਣ ਵਾਲੇ ਦਾ ਨਾਂ ਗੁਪਤ ਰੱਖਿਆ ਜਾਵੇਗਾ। ਆਪਣੇ ਬੱਚਿਆਂ ਦਾ ਧਿਆਨ ਰੱਖ ਕੇ ਉਸ ਨੂੰ ਦੇਖੋ ਕਿ ਉਹ ਕਿਸੇ ਮਾੜੇ ਅਨਸਰ ਨਾਲ ਤਾਂ ਨਹੀਂ ਜਾਂਦਾ। ਜੇ ਕੋਈ ਕਿਸੇ ਨਸ਼ੇ ਦਾ ਆਦੀ ਹੈ ਉਹ ਨਸ਼ਾ ਛੱਡਣਾ ਚਾਹੁੰਦਾ ਹੈ ਤਾਂ ਉਸ ਨੂੰ ਨਸ਼ਾ ਕੇਂਦਰਾਂ ਜਾਂ ਹਸਪਤਾਲ ਵਿਚ ਦਾਖਲ ਕਰਵਾ ਕੇ ਉਸ ਦਾ ਇਲਾਜ ਕਰਵਾ ਦਿੱਤਾ ਜਾਵੇਗਾ। ਬਾਕੀ ਪਿੰਡਾਂ 'ਚ ਆਪਸ 'ਚ ਭਾਈਚਾਰਾ ਕਾਇਮ ਰੱਖੋ ਤੇ ਪੁਲਸ ਦਾ ਸਹਿਯੋਗ ਦਿਓ। ਇਸ ਮੌਕੇ ਬਲਾਚੌਰ ਸਾਂਝ ਕੇਂਦਰ ਇੰਚਾਰਜ ਮਨੋਹਰ ਲਾਲ, ਨਿਰਮਲ, ਬੁੱਧਨਾਥ ਪ੍ਰਵੀਨ ਕੁਮਾਰ, ਰਾਹੁਲ ਕੁਮਾਰ ਅਤੇ ਪਿੰਡਾਂ ਦੇ ਸਰਪੰਚ ਪੰਚ ਤੇ ਪਿੰਡ ਵਾਸੀ ਹਾਜ਼ਰ ਸਨ।

# ਨਸ਼ਿਆਂ ਖਿਲਾਫ ਲਗਾਇਆ ਜਾਗਰੂਕਤਾ ਕੈਂਪ




ਅੱਡਾ ਸਰਾਂ (ਜਸਵੀਰ ਕਾਜਲ)

ਅੱਡਾ ਸਰਾਂ ਨਜ਼ਦੀਕ ਪਿੰਡ ਚੋਟਾਲਾ ਵਿਖੇ ਡੀ ਐਸ ਪੀ ਟਾਂਡਾ ਦਵਿੰਦਰ ਸਿੰਘ ਬਾਜਵਾ ਦੀ ਅਗਵਾਈ ਵਿੱਚ ਪਿੰਡ ਦੀ ਗ੍ਰਾਮ ਪੰਚਾਇਤ ਅਤੇ ਨਗਰ ਵਾਸੀਆਂ ਦੇ ਸਹਿਯੋਗ ਨਾਲ ਨਸ਼ਿਆਂ ਖਿਲਾਫ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ ਗਿਆ। ਐਸ ਐਸ ਪੀ ਹੁਸ਼ਿਆਰਪੁਰ ਸੁਰਿੰਦਰ ਲਾਂਬਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਕਰਵਾਏ ਇਸ ਕੈਂਪ ਵਿੱਚ ਡੀ ਐਸ ਪੀ ਬਾਜਵਾ ਨੇ ਨਸ਼ਿਆਂ ਖਿਲਾਫ ਲੋਕਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਨਸ਼ਾ ਇੱਕ ਬਹੁਤ ਘਾਤਕ ਬਿਮਾਰੀ ਹੈ ਜੋ ਮਨੁੱਖ ਨੂੰ ਸਰੀਰਕ, ਮਾਨਸਿਕ ਅਤੇ ਆਰਥਿਕ ਰੂਪ ਤੋਂ ਕਮਜ਼ੋਰ ਕਰ ਦਿੰਦਾ ਹੈ। ਨਸ਼ੇ ਦੇ ਮਾੜੇ ਪ੍ਰਭਾਵ ਸਮਾਜਿਕ ਕੁਰੀਤੀਆਂ ਦਾ ਮੁੱਖ ਕਾਰਨ ਹੁੰਦੇ ਹਨ। ਇਸ ਲਈ ਮਾਪਿਆਂ ਨੂੰ ਬੱਚਿਆਂ ਦੀ ਪੜ੍ਹਾਈ ਦੇ ਨਾਲ ਨਾਲ ਖੇਡਾਂ ਪ੍ਰਤੀ ਉਤਸ਼ਾਹਿਤ ਕਰਨਾ ਚਾਹੀਦਾ ਹੈ । ਸਾਨੂੰ ਇਹ ਜਾਣ ਕੇ ਵੀ ਖੁਸ਼ੀ ਹੈ ਕਿ ਪਿੰਡ ਦੀ ਨਵੀਂ ਬਣੀ ਪੰਚਾਇਤ ਦੇ ਸਰਪੰਚ ਗੁਰਨਾਮ ਸਿੰਘ ਜੋ ਸਾਬਕਾ ਸੈਨਿਕ ਹਨ ਅਤੇ ਅਥਲੀਟ ਵੀ ਰਹਿ ਚੁੱਕੇ ਹਨ, ਗ੍ਰਾਮ ਪੰਚਾਇਤ ਅਤੇ ਪੁਲਸ ਪ੍ਰਸ਼ਾਸਨ ਦੀ ਮਦਦ ਨਾਲ ਪਿੰਡ ਦੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਬੱਚਿਆਂ ਨੂੰ ਖੇਡਾਂ ਪ੍ਰਤੀ ਜਾਗਰੂਤ ਕੀਤਾ ਜਾਵੇਗਾ।ਇਸ ਮੌਕੇ ਥਾਣਾ ਟਾਂਡਾ ਦੇ ਐਸ ਐਚ ਓ ਗੁਰਿੰਦਰਜੀਤ ਸਿੰਘ ਨਾਗਰਾ, ਅੱਡਾ ਸਰਾਂ ਚੌਂਕੀ ਇੰਚਾਰਜ ਏ ਐਸ ਆਈ ਰਾਜੇਸ਼ ਕੁਮਾਰ ਨੇ ਕਿਹਾ ਕਿ ਅਸੀਂ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਰ ਹਾਂ, ਉਨਾਂ ਨੇ ਆਪਣਾ ਮੋਬਾਇਲ ਨੰਬਰ ਵੀ ਸ਼ੇਅਰ ਕਰਦਿਆਂ ਕਿਹਾ ਨਸ਼ਿਆਂ ਖਿਲਾਫ ਕਿਸੇ ਪ੍ਰਕਾਰ ਦੀ ਜਾਣਕਾਰੀ ਲਈ ਤੁਸੀਂ ਬੇਫਿਕਰ ਹੋ ਕੇ ਫੋਨ ਕਰ ਸਕਦੇ ਹੋ।ਇਸ ਮੌਕੇ ਸਰਪੰਚ ਗੁਰਨਾਮ ਸਿੰਘ, ਪੰਚ ਤਾਰਾ ਚੰਦ, ਪੰਚ ਹਰਦੇਵ ਸਿੰਘ, ਪੰਚ ਬਲਰਾਜ ਸਿੰਘ, ਪੰਚ ਰਾਜ ਕੁਮਾਰ, ਪੰਚ ਜਸਵੀਰ ਕੌਰ, ਪੰਚ ਕਮਲਜੀਤ ਕੌਰ, ਪੰਚ ਮਲਕੀਤ ਸਿੰਘ, ਸਾਬਕ ਸਰਪੰਚ ਅਮਰੀਕ ਸਿੰਘ, ਨੰਬਰਦਾਰ ਰੇਸ਼ਮ ਸਿੰਘ, ਮਾਸਟਰ ਤਰਸੇਮ ਸਿੰਘ, ਐਕਸ ਏ ਐਸ ਆਈ ਲਖਬੀਰ ਸਿੰਘ, ਸਾਬਕਾ ਪੰਚ ਗੁਰਭੇਜ ਸਿੰਘ, ਕਾਨ ਚੰਦ, ਸੁਰਿੰਦਰ ਸਿੰਘ, ਜਸਵਿੰਦਰ ਸਿੰਘ, ਡਾਕਟਰ ਗੁਰਦੇਵ ਸਿੰਘ, ਨਿਰਮਲ ਸਿੰਘ, ਅਰੀਆਨ ਤੋਂ ਇਲਾਵਾ ਸਰਾਂ ਅੱਡਾ ਦੀ ਪੁਲਸ ਪਾਰਟੀ, ਏ ਐਸ ਆਈ ਗੁਰਮੀਤ ਸਿੰਘ ਆਦਿ ਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

# ਡਾ. ਸੁੱਖੀ ਵੱਲੋਂ ਡਾ. ਅੰਬੇਡਕਰ ਚੌਕ ਦਾ ਉਦਘਾਟਨ



ਬੰਗਾ (ਅਵਤਾਰ ਕਲੇਰ)

ਵਿਧਾਨ ਸਭਾ ਹਲਕਾ ਬੰਗਾ ਅੰਦਰ ਪੈਂਦੇ ਕਸਬਾ ਔੜ ਵਿਖੇ ਸੰਵਿਧਾਨ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ।ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਬੀ ਆਰ ਅੰਬੇਡਕਰ ਦਾ ਬੁੱਤ ਲਗਾਇਆ ਗਿਆ। ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਵੱਲੋਂ ਪਰਦਾ ਹਟਾਇਆ ਗਿਆ ਅਤੇ ਹਾਰ ਪਹਿਨਾ ਕੇ ਡਾ. ਬੀ ਆਰ ਅੰਬੇਡਕਰ ਨੂੰ ਨਮਨ ਕੀਤਾ। ਡਾ. ਸੁੱਖੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਾ. ਅੰਬੇਡਕਰ ਦੀ ਬਦੌਲਤ ਅਸੀਂ ਸੰਵਿਧਾਨਕ ਹੱਕ ਲੈ ਰਹੇ ਹਾਂ ਅਤੇ ਅਸੀਂ ਉੱਚੇ ਅਹੁਦਿਆਂ 'ਤੇ ਬੈਠੇ ਹਾਂ। ਸਾਡੇ ਵੀਰ ਅਤੇ ਭੈਣਾਂ ਵੱਡੀਆਂ ਵੱਡੀਆਂ ਨੌਕਰੀਆਂ ਕਰ ਰਹੇ ਹਨ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਈਏ ਤਾਂ ਜੋ ਬੱਚੇ ਤਰੱਕੀ ਕਰ ਸਕਣ। ਇਸ ਮੌਕੇ ਉਨਾਂ ਨਾਲ ਸੋਹਣ ਲਾਲ ਢੰਡਾ, ਨਾਨਕ ਦਾਸ, ਸਰਪੰਚ ਕਮਲਜੀਤ ਦੁੱਗਲ, ਮੇਜਰ ਬੀਸਲਾ, ਰਾਮ ਲਾਲ, ਰੇਸ਼ਮ ਸਿੰਘ, ਸਰਪੰਚ ਬਹਾਦਰ ਸਿੰਘ ਗੜ੍ਹੀ ਅਜੀਤ ਸਿੰਘ, ਸਰਪੰਚ ਸਤਵਿੰਦਰ ਸਿੰਘ ਗੁੜੱਪੜ, ਸਰਪੰਚ ਸੁਰਿੰਦਰ ਪਾਲ ਸੁੰਡਾ ਭਰੋਮਜਾਰਾ, ਜਸਵੀਰ ਸਿੰਘ ਟਾਂਕ, ਆਪ ਆਗੂ ਨਛੱਤਰ ਸੁਮਨ, ਲਛਮਣ ਸੁਮਨ, ਅਮਰੀਕ ਸਿੰਘ ਗੜ੍ਹੀ ਅਜੀਤ ਸਿੰਘ, ਕੇਸਰ ਸਿੰਘ ਮਹਿਮੂਦਪੁਰ, ਡਾ. ਵਕੀਲ ਕਪਲਾ, ਹਰਬੰਸ ਸਿੰਘ ਨਾਮਧਾਰੀ, ਰੇਸ਼ਮ ਸਿੰਘ ਖਾਲਸਾ, ਸਮਿੰਦਰ ਸਿੰਘ, ਕਮਲਜੀਤ ਰਾਣਾ, ਡਾ. ਰਕੇਸ਼, ਰਾਵਲ ਔੜ, ਗੁਰਵਿੰਦਰ ਸਿੰਘ ਔੜ, ਬਿੰਦਰ ਬੁਹਾਰਾ, ਤਰਸੇਮ ਬਿੱਟੂ ਮੀਰਪੁਰ ਲੱਖਾ ਆਦਿ ਹਾਜ਼ਰ ਸਨ।

# ਪੇਟ ਦੇ ਕੀੜਿਆਂ ਕਾਰਨ ਬੱਚਿਆਂ ਨੂੰ ਹੁੰਦੀ ਖ਼ੂਨ ਦੀ ਕਮੀ ਤੇ ਥਕਾਵਟ : ਡਾ. ਬੈਂਸ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪੇਟ ਦੇ ਕੀੜਿਆਂ ਕਾਰਨ ਬੱਚਿਆਂ ਵਿੱਚ ਕੁਪੋਸ਼ਨ ਅਤੇ ਖੂਨ ਦੀ ਕਮੀ ਅਤੇ ਥਕਾਵਟ ਰਹਿੰਦੀ ਹੈ ਜਿਸ ਕਾਰਨ ਸਿਹਤਮੰਦ ਸਰੀਰਕ ਅਤੇ ਮਨਾਸਿਕ ਵਿਕਾਸ ਨਹੀ ਹੁੰਦਾ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਸਿਵਲ ਸਰਜਨ ਡਾ.ਪਵਨ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿਖੇ ਮਨਾਏ ਗਏ 'ਪੇਟ ਦੇ ਕੀੜਿਆਂ ਤੋਂ ਰਾਸ਼ਟਰੀ ਦਿਵਸ' ਮੌਕੇ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਹਾਰਟਾ ਬੱਡਲਾ ਡਾ. ਮਨਪ੍ਰੀਤ ਸਿੰਘ ਬੈਂਸ ਨੇ ਕੀਤਾ। ਇੱਥੇ ਬੱਚਿਆਂ ਨੂੰ ਪੇਟ ਦੇ ਕੀੜੇ ਮਾਰਨ ਵਾਲੀ ਐਲਬੈਂਡਾਜੋਲ ਦੀ ਗੋਲੀ ਖਿਲਾਉਣ ਤੋਂ ਬਾਅਦ ਉਨਾਂ ਕਿਹਾ ਕਿ 01 ਤੋਂ 19 ਸਾਲ ਤੱਕ ਦੇ ਬੱਚੇ ਪੇਟ ਦੇ ਕੀੜਿਆਂ ਦੀ ਬੀਮਾਰੀ ਦੇ ਜਿਆਦਾ ਸ਼ਿਕਾਰ ਹੁੰਦੇ ਹਨ। ਇਸ ਬੀਮਾਰੀ ਨਾਲ ਬੱਚਿਆਂ 'ਚ ਭੁੱਖ ਨਾ ਲੱਗਣਾ, ਕੁਪੋਸ਼ਣ ਅਤੇ ਖੂਨ ਦੀ ਕਮੀ, ਸੰਪੂਰਨ ਮਾਨਸਿਕ ਤੇ ਸਰੀਰਕ ਵਿਕਾਸ ਵਿੱਚ ਰੁਕਾਵਟ, ਖੂਨ ਦੀ ਕਮੀ ਕਾਰਨ ਥਕਾਵਟ ਰਹਿਣੀ, ਪੜਾਈ 'ਚ ਮਨ ਨਾ ਲੱਗਣਾ ਆਦਿ ਵਰਗੀਆਂ ਕਮੀਆਂ ਆ ਜਾਂਦੀਆਂ ਹਨ। ਇਸ ਲਈ ਅੱਜ ਇਨ੍ਹਾਂ ਤੋਂ ਬਚਾਓ ਲਈ ਬੱਚਿਆਂ ਨੂੰ ਇਹ ਦਵਾਈ ਖਵਾਈ ਜਾ ਰਹੀ ਹੈ। ਜਿਸ ਨਾਲ ਬੱਚਿਆਂ ਨੂੰ ਪੇਟ ਦੀਆਂ ਬੀਮਾਰੀਆਂ ਤੋਂ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਬਲਾਕ ਦੇ ਬਾਕੀ ਸਕੂਲਾਂ ਅਤੇ ਆਂਗਵਾੜੀ ਕੇਂਦਰਾਂ ਵਿੱਚ ਇਹ ਗੋਲੀ ਬੱਚਿਆਂ ਨੂੰ ਮੀਡ-ਡੇ ਮੀਲ ਤੋਂ ਬਾਅਦ ਅਧਿਆਪਕਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਆਂਗਣਵਾੜੀ ਵਰਕਰਾਂ ਦੀ ਨਿਗਰਾਨੀ ਹੇਠ ਖਵਾਈ ਜਾਣੀ ਹੈ ਅਤੇ ਜਿਹੜੇ ਬੱਚੇ ਅੱਜ ਕਿਸੇ ਵੀ ਕਾਰਨ ਕਰਕੇ ਦਵਾਈ ਲੈਣ ਤੋਂ ਵਾਂਝੇ ਰਹਿ ਜਾਣਗੇ ਉਨਾਂ ਬੱਚਿਆਂ ਨੂੰ 05 ਦਸੰਬਰ 2024 ਨੂੰ ਮੋਪ-ਅਪ ਦਿਵਸ 'ਤੇ ਦੁਬਾਰਾ ਖੁਆਈ ਜਾਵੇਗੀ। ਉਨਾਂ ਕਿਹਾ ਕਿ ਐਲਬੈਂਡਾਜੋਲ ਦੀ ਗੋਲੀ ਨਾਲ ਦੋ ਤਰ੍ਹਾਂ ਨਾਲ ਲਾਭ



ਹੁੰਦਾ ਹੈ। ਪਹਿਲਾਂ ਸਿੱਧਾ ਜਿਨ੍ਹਾਂ 'ਚ ਅਨੀਮੀਆ ਤੋਂ ਬਚਾਅ, ਪੌਸ਼ਟਿਕ ਭੋਜਨ ਦੀ ਜ਼ਿਆਦਾ ਪਾਚਣ ਸ਼ਕਤੀ, ਸਰੀਰ ਦਾ ਖੁਰਾਕ ਲੈਣ ਤੇ ਪਾਚਣ ਸ਼ਕਤੀ 'ਚ ਸੁਧਾਰ ਆਉਂਦਾ ਹੈ ਅਤੇ ਦੂਜਾ ਅਸਿੱਧਾ ਲਾਭ ਜਿਵੇਂ ਸਰੀਰਕ ਸ਼ਕਤੀ ਵਿੱਚ ਵਾਧਾ, ਸਿੱਖਣ ਅਤੇ ਧਿਆਨ ਦੇਣ ਦੀ ਸਮਰੱਥਾ ਵਿੱਚ ਸੁਧਾਰ ਅਤੇ ਬੱਚਿਆਂ ਵਿੱਚ ਪੇਟ ਦੇ ਕੀੜਿਆਂ ਦੇ ਫੈਲਣ ਦੇ ਘੇਰੇ ਦਾ ਘੱਟ ਹੋਣਾ ਆਦਿ ਵਰਗੇ ਲਾਭ ਹੁੰਦੇ ਹਨ।ਇਸ ਮੌਕੇ ਏ. ਐਮ. ਉ ਡਾ.ਬਲਜੀਤ ਕੌਰ ਨੇ ਦੱਸਿਆ ਕਿ ਜਿਨ੍ਹਾਂ ਬੱਚਿਆਂ ਦੇ ਪੇਟ ਵਿੱਚ ਕੀੜੇ ਹੁੰਦੇ ਹਨ। ਉਨ੍ਹਾਂ ਨੂੰ ਦਵਾਈ ਖਾਣ ਤੋਂ ਬਾਅਦ ਮਾਮੂਲੀ ਲੱਛਣ-ਜਿਵੇਂ ਜੀਅ ਕੱਚਾ ਹੋਣਾ,ਢਿੱਡ ਵਿੱਚ ਹਲਕਾ ਦਰਦ, ਉਲਟੀ,ਦਸਤ ਅਤੇ ਥਕਾਵਟ ਮਹਿਸਸ ਹੋ ਸਕਦੀ ਹੈ,ਪਰ ਘਬਰਾਉਣ ਦੀ ਕੋਈ ਲੋੜ ਨਹੀ। ਉਨਾਂ ਦੱਸਿਆ ਕਿ ਇਸ ਗੋਲੀ ਦਾ ਕੋਈ ਮਾੜਾ ਪ੍ਰਭਾਵ ਨਹੀ ਹੈ ਅਤੇ ਇਹ ਪੂਰੀ ਤਰ੍ਹਾਂ ਨਾਲ ਬੱਚਿਆਂ ਅਤੇ ਵੱਡਿਆਂ ਲਈ ਸੁਰੱਖਿਅਤ ਹੈ। ਉਨਾਂ ਬੱਚਿਆਂ ਨੂੰ ਪੇਟ ਦੇ ਕੀੜਿਆਂ ਤੋਂ ਬਚਾਅ ਅਤੇ ਰੋਕਥਾਮ ਲਈ ਦਵਾਈ ਖਾਣ ਦੇ ਨਾਲ ਨਾਲ ਹੋਰ ਮਹੱਤਵਪੂਰਨ ਕੰਮਾਂ ਵੱਲ ਵੀ ਧਿਆਨ ਦੇਣ ਲਈ ਵੀ ਕਿਹਾ ਜਿਵੇਂ ਕਿ ਹੱਥਾਂ ਦੇ ਨਹੁੰ ਸਾਫ ਤੇ ਛੋਟੇ ਰੱਖਣੇ, ਖਾਣ-ਪੀਣ ਦੇ ਸਮਾਨ ਨੂੰ ਢੱਕ ਕੇ ਰੱਖਣਾ, ਆਸ-ਪਾਸ ਦੀ ਸਫਾਈ ਰੱਖਣੀ, ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥ ਸਾਬਣ ਨਾਲ ਧੋਣੇ, ਜੁੱਤੀਆਂ ਪਾ ਕੇ ਰੱਖਣਾ, ਨੰਗੇ ਪੈਰ ਨਾ ਚੱਲਣਾ, ਸਾਫ ਪਾਣੀ ਪੀਣਾ, ਫਲਾਂ ਅਤੇ ਸਬਜ਼ੀਆਂ ਨੂੰ ਸਾਫ ਪਾਣੀ ਵਿੱਚ ਧੋਣਾ, ਖੁੱਲੇ ਥਾਂ ਦੀ ਬਜਾਏ ਹਮੇਸ਼ਾਂ ਪਖਾਨੇ ਦੀ ਵਰਤੋਂ ਕਰਨਾ ਆਦਿ ਸ਼ਾਮਿਲ ਹਨ। ਉਨਾਂ ਕਿਹਾ ਕਿ ਅਸੀ ਆਪਣੇ-ਆਪ ਦੀ ਸਫਾਈ ਅਤੇ ਆਪਣੇ ਆਲੇ-ਦੁਆਲੇ ਨੂੰ ਸਾਫ ਸੁਥਰਾ ਰੱਖ ਕੇ ਕਾਫੀ ਹੱਦ ਤੱਕ ਪੇਟ ਦੇ ਕੀੜਿਆਂ ਦੀ ਬੀਮਾਰੀ ਤੋਂ ਬਚ ਸਕਦੇ ਹਾਂ। ਇਸ ਦੌਰਾਨ ਬੱਚਿਆਂ ਨੂੰ ਹੱਥਾਂ ਨੂੰ ਧੋਣ (ਹੈਂਡ ਵਾਸ਼ਿੰਗ) ਕਰਨ ਦੀ ਸਹੀ ਵਿਧੀ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਮੌਕੇ ਬੀ.ਈ.ਈ ਅਮਨਦੀਪ ਸਿੰਘ ਤੋਂ ਇਲਾਵਾ ਸਟਾਫ ਨਰਸ ਸ਼੍ਰੀਮਤੀ ਕਾਂਤਾ ਰਾਣੀ, ਮਲਟੀਪਰਪਜ਼ ਹੈਲਥ ਵਰਕਰ ਨਵਦੀਪ ਸਿੰਘ, ਗੁਰਮੇਲ ਸਿੰਘ ,ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰੰਜੂ ਦੁੱਗਲ ਅਤੇ ਸਕੂਲ ਅਧਿਆਪਕ ਹਾਜ਼ਰ ਸਨ।

# ਮਿਰਗੀ ਦੇ ਮਰੀਜ਼ਾਂ ਨੂੰ ਬਿਹਤਰ ਇਲਾਜ ਹੋਵੇਗਾ ਮੁਹੱਈਆ : ਸਿਹਤ ਮੰਤਰੀ

ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)

ਪੰਜਾਬ ਸਰਕਾਰ ਦੇ ਸਹਿਯੋਗ ਨਾਲ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ (ਡੀ.ਐੱਮ.ਸੀ.) ਲੁਧਿਆਣਾ ਵੱਲੋਂ ਡੀ.ਬੀ.ਟੀ. ਵੈਲਕਮ ਟਰੱਸਟ ਇੰਡੀਆ ਐਲਾਇੰਸ ਦੀ ਫੰਡਿਗ ਨਾਲ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ 'ਸਟੋਪ-ਐਪੀਲੈਪਸੀ ਪ੍ਰੋਜੈਕਟ' ਦੀ ਸ਼ੁਰੂਆਤ ਕੀਤੀ ਹੈ।ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ 'ਸਟੋਪ-ਐਪੀਲੈਪਸੀ ਪ੍ਰੋਜੈਕਟ' ਦਾ ਰਸਮੀ ਉਦਘਾਟਨ ਕੀਤਾ। ਇਸ ਪ੍ਰੋਜੈਕਟ ਦਾ ਮੁੱਖ ਉਦੇਸ਼ ਮਿਰਗੀ ਦੇ ਇਲਾਜ ਪ੍ਰਬੰਧਨ ਲਈ ਪ੍ਰਾਇਮਰੀ ਕੇਅਰ ਵਿੱਚ ਮੈਡੀਕਲ ਸਟਾਫ ਦੀ ਸਮਰੱਥਾ ਵਿਚ ਸੁਧਾਰ ਕਰਨਾ ਹੈ। ਇਹ ਪ੍ਰੋਜੈਕਟ ਮਿਰਗੀ ਤੋਂ ਪੀੜਤ ਲੋਕਾਂ ਦੀ ਦੇਖਭਾਲ ਨੂੰ ਮਿਆਰੀ ਬਣਾਉਣ 'ਤੇ ਧਿਆਨ ਕੇਂਦਰਿਤ ਕਰੇਗਾ।ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਦੇਸ਼ ਦੇ ਤਿੰਨ ਜ਼ਿਲ੍ਹਿਆਂ ਵਿੱਚ ਇਸ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ, ਜਿਨ੍ਹਾਂ ਵਿੱਚ ਪੰਜਾਬ ਦੇ ਨਵਾਂਸ਼ਹਿਰ, ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਅਤੇ ਆਂਧਰਾ ਪ੍ਰਦੇਸ਼ ਦੇ ਗੋਦਾਵਰੀ ਭੀਮਾਵਰਮ ਸ਼ਾਮਲ ਹਨ।ਉਨ੍ਹਾਂ ਨੇ ਦੱਸਿਆ ਕਿ ਮਿਰਗੀ (ਐਪੀਲੈਪਸੀ) ਆਪਣੇ-ਆਪ ਵਿੱਚ ਕੋਈ ਰੋਗ ਨਹੀਂ, ਸਗੋਂ ਦਿਮਾਗ ਨਾਲ ਸਬੰਧਿਤ ਤੰਤੂ ਪ੍ਰਣਾਲੀ ਦਾ ਇੱਕ ਵਿਗਾੜ ਹੈ, ਜਿਸ ਵਿੱਚ ਦੌਰੇ ਪੈਂਦੇ ਹਨ। ਮਿਰਗੀ ਦੀ ਬਿਮਾਰੀ ਕਿਸੇ ਵੀ ਉਮਰ ਦੇ ਵਿਅਕਤੀ ਨੂੰ ਹੋ ਸਕਦੀ ਹੈ। ਪੰਜਾਬ ਦੇ 3 ਲੱਖ ਲੋਕਾਂ ਸਮੇਤ ਦੇਸ਼ ਦੇ ਤਕਰੀਬਨ ਇੱਕ ਕਰੋੜ ਲੋਕਾਂ ਨੂੰ ਇਹ ਰੋਗ ਪ੍ਰਭਾਵਿਤ ਕਰਦਾ ਹੈ। ਸਾਧਾਰਨ, ਸਸਤੀਆਂ ਦਵਾਈਆਂ ਨਾਲ ਇਲਾਜ ਸੰਭਵ ਹੋਣ ਦੇ ਬਾਵਜੂਦ ਇਲਾਜ ਦੇ ਇੱਕ ਵੱਡਾ ਪਾੜਾ ਹੈ। ਇਸ ਰੋਗ ਦੇ 70 ਫੀਸਦੀ ਲੋਕ ਇਲਾਜ ਤੋਂ ਵਾਂਝੇ ਰਹਿ ਜਾਂਦੇ ਹਨ। ਹਾਲਾਂਕਿ, ਸਹੀ ਇਲਾਜ ਨਾਲ, ਮਿਰਗੀ ਵਾਲੇ ਮਰੀਜ਼ ਸਿਹਤਮੰਦ ਜੀਵਨ ਜੀਅ ਸਕਦੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬੰਗਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਸੁਖਵਿੰਦਰ ਕੁਮਾਰ ਸੁੱਖੀ, ਆਮ ਆਦਮੀ ਪਾਰਟੀ ਦੇ ਹਲਕਾ ਨਵਾਂਸ਼ਹਿਰ ਦੇ ਇੰਚਾਰਜ ਲਲਿਤ ਮੋਹਨ ਪਾਠਕ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਜੀਵ ਵਰਮਾ, ਬਲਾਚੌਰ ਦੇ ਐੱਸ.ਡੀ.ਐੱਮ. ਪ੍ਰੀਤਇੰਦਰ ਸਿੰਘ, ਮੈਨੇਜਿੰਗ ਸਕੱਤਰ ਬਿਪਿਨ ਗੁਪਤਾ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਜ਼ਿਲ੍ਹਾ ਸਿਹਤ ਅਫਸਰ ਡਾ. ਰੇਨੂ ਮਿੱਤਲ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਮਨਦੀਪ ਕਮਲ, ਸੀ.ਐੱਚ.ਸੀ. ਮੁਕੰਦਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਜਤਿੰਦਰ ਸਿੰਘ, ਪੀ.ਐੱਚ.ਸੀ. ਸੁੱਜੋਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਚਰਨਜੀਤ ਕੁਮਾਰ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਦਲਜੀਤ ਸਿੰਘ, ਬਲਾਕ ਐਕਸਟੈਂਸ਼ਨ ਐਜੂਕੇਟਰ ਵਿਕਾਸ ਵਿਰਦੀ, ਹਰਪ੍ਰੀਤ ਸਿੰਘ, ਰਾਜ ਕੁਮਾਰ, ਗੁਰਕਿਰਪਾਲ ਸਿੰਘ ਸੰਧੂ, ਮਨਿੰਦਰ ਸਿੰਘ, ਨਰਸਿੰਗ ਸਿਸਟਰ ਸਤਵਿੰਦਰ ਕੌਰ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ, ਕਰਮਚਾਰੀ ਅਤੇ ਸਟੋਪ ਐਪੀਲੈਪਸੀ ਪ੍ਰੋਜੈਕਟ ਦੇ ਸਮੂਹ ਮੈਂਬਰ ਮੌਜੂਦ ਸਨ।



2-DEC-PAGE-10.qxd 12/1/2024 8:52 PM Page 1



## ਪੈਰਾਡਾਈਜ਼ ਇੰਟਰਨੈਸ਼ਨਲ ਦਾ 22ਵਾਂ ਇਨਾਮ ਵੰਡ ਸਮਾਗਮ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਵੱਲੋਂ 22ਵਾਂ ਇਨਾਮ ਵੰਡ ਸਮਾਰੋਹ ਸਕੂਲ ਦੇ ਵਿਹੜੇ ਵਿੱਚ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਦੀ ਅਗਵਾਈ ਵਿੱਚ ਕਰਵਾਇਆ ਗਿਆ। ਸਮਾਗਮ ਵਿੱਚ 900 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਵੱਖ-ਵੱਖ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਜਿਸ ਵਿੱਚ ਹਰਿਆਣਵੀ ਡਾਂਸ, ਭੰਗੜਾ ਡਾਂਸ, ਰੈਟਰੋ ਮੈਟਰੋ, ਭੰਗੜਾ, ਰਾਇਮ, ਲਾਵਨੀ ਆਦਿ ਪ੍ਰਮੁੱਖ ਰਹੇ।ਪੰਜਾਬ ਤੋਂ ਹੋ ਰਹੇ ਪ੍ਰਵਾਸ ਨੂੰ ਦਰਸਾਉਂਦੀ ਸਕਿੱਟ ਵਤਨ ਵਾਪਸੀ, ਲੁੱਡੀ ਅਤੇ ਝੂੰਮਰ ਦੀ ਪੇਸ਼ਕਾਰੀ ਕੀਤੀ ਗਈ। ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਦੱਸਿਆ ਕਿ ਸਕੂਲ ਨੇ ਸਿਲਵਰ ਜੁਬਲੀ ਵਰ੍ਹੇ ਦੀ ਸ਼ੁਰੂਆਤ ਕੀਤੀ ਹੈ।ਅਗਲੇ ਵਰ੍ਹੇ ਸੰਸਥਾ 25 ਸਾਲ ਪੂਰੇ ਕਰਨ ਜਾ ਰਹੀ ਹੈ। ਪੰਜਾਬੀ ਫਿਲਮ ਇੰਡਸਟਰੀ ਦੀ ਪ੍ਰਮੁੱਖ ਸ਼ਖਸੀਅਤ ਹੌਬੀ ਧਾਲੀਵਾਲ ਤੇ ਪ੍ਰੋ. ਦੇਵਿੰਦਰ ਸਿੰਘ ਸਿੱਧੂ ਪ੍ਰੋ-ਵਾਇਸ ਚਾਂਸਲਰ ਚੰਡੀਗੜ੍ਹ ਯੂਨੀਵਰਸਿਟੀ ਨੇ ਮੁੱਖ ਮਹਿਮਾਨਾਂ ਦੇ ਤੌਰ 'ਤੇ ਸ਼ਮੂਲੀਅਤ ਕੀਤੀ। ਐਸ.ਡੀ.ਐਮ.ਪਾਤੜਾਂ ਅਸ਼ੋਕ ਕੁਮਾਰ ਅਤੇ ਐਸ.ਡੀ.ਐਮ.ਲਹਿਰਾਗਾਗਾ ਸੂਬਾ ਸਿੰਘ ਨੇ ਵਿਸ਼ੇਸ਼ ਮਹਿਮਾਨਾਂ ਦੇ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਸਕੂਲ ਦੀਆਂ ਅਕਾਦਮਿਕ ਅਤੇ ਖੇਡਾਂ ਵਿਚ ਪ੍ਰਾਪਤੀਆਂ ਅਤੇ ਸਲਾਨਾ ਗਤੀਵਿਧੀਆਂ ਨੂੰ ਦਰਸਾਉਂਦੀ ਇਕ ਪ੍ਰਭਾਵਸ਼ਾਲੀ ਰਿਪੋਰਟ ਪੇਸ਼ ਕੀਤੀ।ਸਲਾਨਾ ਗਤੀਵਿਧੀਆਂ ਦੇ ਆਧਾਰ 'ਤੇ ਬੈਸਟ ਹਾਊਸ ਦੀ ਟਰਾਫੀ ਸਤਲੁਜ ਹਾਊਸ ਦੇ ਹਿੱਸੇ ਆਈ। ਉਨ੍ਹਾਂ ਸੀ ਬੀ ਐਸ ਈ ਦੇ ਦਸਵੀਂ ਅਤੇ ਬਾਰ੍ਹਵੀਂ ਦੇ ਸਲਾਨਾ ਨਤੀਜਿਆਂ ਵਿੱਚੋਂ ਮੋਹਰੀ ਰਹੇ ਵਿਦਿਆਰਥੀਆਂ, ਪੁਰਾਣੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਐਮ ਬੀ ਬੀ ਐਸ, ਬੀ.ਟੈਕ, ਬੀ.ਫ਼ਾਰਮੇਸੀ ਅਤੇ ਲਾਅ ਕਰ ਰਹੇ ਵਿਦਿਆਰਥੀਆਂ ਭੂਮਿਸ਼ ਗਰਗ, ਪਾਰੁਲ, ਹਰਸ਼ਿਤ ਸਿੰਗਲਾ, ਨਕੁਲ ਸ਼ਰਮਾ, ਕ੍ਰਿਸ਼ ਗੋਇਲ, ਅਨਮੋਲ ਸ਼ਰਮਾ ਅਤੇ ਲਵਪ੍ਰੀਤ ਸਿੰਘ ਅਤੇ ਹੋਰਨਾਂ ਨੂੰ ਸਨਮਾਨਿਤ ਕੀਤਾ।

## ਕੌਮੀ ਇਨਸਾਫ ਮੋਰਚਾ ਮੋਹਾਲੀ ਵੱਲੋਂ 7 ਜਨਵਰੀ ਦੇ ਪ੍ਰੋਗਰਾਮ ਲਈ ਮੀਟਿੰਗਾਂ ਦਾ ਆਗਾਜ਼



**ਮੋਗਾ (ਇਕਬਾਲ ਸਿੰਘ ਖਹਿਰਾ)**- ਤਾਲਮੇਲ ਕਮੇਟੀ ਕੌਮੀ ਇਨਸਾਫ ਮੋਰਚਾ ਦੀ ਮੀਟਿੰਗ ਕਿਸਾਨ ਭਵਨ ਚੰਡੀਗੜ੍ਹ ਵਿਖੇ ਹੋਈ, ਜਿਸ ਵਿੱਚ ਸਰਪ੍ਰਸਤ ਕੌਮੀ ਇਨਸਾਫ ਮੋਰਚਾ ਬਾਪੂ ਗੁਰਚਰਨ ਸਿੰਘ, ਜਥੇਦਾਰ ਗੁਰਦਿੱਤ ਸਿੰਘ ਬਠਿੰਡਾ, ਗੁਰਨਾਮ ਸਿੰਘ ਚੰਡੀਗੜ੍ਹ, ਬਲਜੀਤ ਸਿੰਘ ਭਾਊ, ਜਥੇਦਾਰ ਬਲਵੀਰ ਸਿੰਘ ਬੈਰੋਪੁਰ, ਪਾਲ ਸਿੰਘ ਘੜੂੰਆਂ, ਗੁਰਮੀਤ ਸਿੰਘ ਟੋਨੀ, ਬਲਵਿੰਦਰ ਸਿੰਘ ਕਾਲਾ ਝਾੜ ਸਾਹਿਬ, ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਨੇ ਬੋਲਦਿਆਂ ਕਿਹਾ ਕੇ ਆਉਣ ਵਾਲੀ 7 ਜਨਵਰੀ ਨੂੰ ਕੌਮੀ ਇਨਸਾਫ ਮੋਰਚਾ ਮੋਹਾਲੀ ਵੱਲੋਂ ਲੱਖਾਂ ਸੰਗਤਾਂ ਦਾ ਇਕੱਠ ਹੋਵੇਗਾ ਅਤੇ ਉਸ ਉਪਰੰਤ ਮੁੱਖ ਮੰਤਰੀ ਦੀ ਚੰਡੀਗੜ੍ਹ ਰਹਾਇਸ਼ ਵੱਲ ਕੂਚ ਕੀਤਾ ਜਾਵੇਗਾ, ਆਗੂਆਂ ਨੇ ਮੀਡੀਆ ਦੇ ਮੁਖਾਤਬ ਹੁੰਦਿਆਂ ਕਿਹਾ ਕੇ ਤਾਲ-ਮੇਲ ਕਮੇਟੀ ਕੌਮੀ ਇਨਸਾਫ ਮੋਰਚਾ ਨੇ ਅੱਜ ਤੋਂ ਹੀ ਪਿੰਡਾਂ-ਸ਼ਹਿਰਾਂ ਵਿੱਚ 7 ਜਨਵਰੀ ਦੇ ਪ੍ਰੋਗਰਾਮ ਸਬੰਧੀ ਤਿਆਰੀਆਂ ਵਿੱਢ ਦਿੱਤੀਆਂ ਹਨ ਅਤੇ ਹਰ ਜ਼ਿਲ੍ਹੇ ਵਿੱਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰਨ ਦੀਆਂ ਡਿਊਟੀਆਂ ਵੀ ਲਾਈਆਂ ਗਈਆਂ ਹਨ। ਇਸ ਮੌਕੇ ਆਗੂਆਂ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ 'ਤੇ ਪੁਲਸ ਕਾਰਵਾਈ ਦੀ ਨਿਖੇਧੀ ਕੀਤੀ ਅਤੇ ਕਿਸਾਨਾਂ ਦੇ ਹੱਕ ਵਿੱਚ 1 ਦਸੰਬਰ ਨੂੰ ਕਿਸਾਨਾਂ ਵੱਲੋਂ ਮੁੱਖ ਮੰਤਰੀ ਖਿਲਾਫ ਮੋਰਚੇ 'ਚ ਡੱਟਣ ਦਾ ਐਲਾਨ ਵੀ ਕੀਤਾ। ਇਸ ਮੌਕੇ ਕਿਸਾਨ ਆਗੂ ਸੁੱਖ ਗਿੱਲ ਮੋਗਾ ਨੇ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਦੇ ਅੱਠ ਜ਼ਿਲ੍ਹਿਆਂ ਵਿੱਚ ਮੀਟਿੰਗਾਂ ਕਰਵਾਉਣ ਦੀ ਜ਼ਿੰਮੇਵਾਰੀ ਉਹ ਆਪ ਨਿਭਾਉਣਗੇ।ਆਗੂਆਂ ਨੇ ਕਿਹਾ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬ ਦਾ ਮੁੱਖ ਮੰਤਰੀ ਸੰਵਿਧਾਨਹੀਣ ਤੇ ਗੁਲਾਮ ਬਿਰਤੀ ਕਾਰਨ ਇੱਕ ਚੰਗੇ ਰਾਜੇ ਵਾਂਗ ਆਪਣੀ ਪ੍ਰਜਾ ਨੂੰ ਸਹੀ ਰਾਹ ਤੇ ਇਨਸਾਫ ਨਹੀਂ ਦੇ ਸਕਦਾ, ਇਹ ਪੰਜਾਬ ਦੀ ਅਣਖ ਨੂੰ ਵੰਗਾਰ ਹੈ। ਆਗੂਆਂ ਨੇ ਕਿਹਾ ਕੇ ਕੌਮੀ ਇਨਸਾਫ ਮੋਰਚਾ ਤਿੰਨ ਮੁੱਦਿਆਂ ਬੇ-ਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ, ਬੰਦੀ ਸਿੰਘਾਂ ਦੀ ਰਿਹਾਈ, ਬਹਿਬਲ ਕੋਟਕਪੂਰਾ ਗੋਲੀਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਪਿਛਲੇ 22 ਮਹੀਨਿਆਂ ਤੋਂ ਮੋਹਾਲੀ ਚੰਡੀਗੜ੍ਹ ਬਾਰਡਰ 'ਤੇ ਲੱਗਿਆ ਹੈ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ। ਇਸ ਲਈ ਆਉਣ ਵਾਲੇ ਦਿਨਾਂ ਵਿੱਚ ਵੱਡੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਸ ਮੌਕੇ ਪੱਤਰਕਾਰ ਭਾਈਚਾਰੇ ਨਾਲ ਵੀ ਬੈਠ ਕੇ ਵਿਚਾਰ ਵਟਾਂਦਰੇ ਕੀਤੇ ਗਏ। ਹੋਰਨਾਂ ਤੋਂ ਇਲਾਵਾ ਕਰਮ ਸਿੰਘ ਚਿੱਲਾ, ਹਰਦੀਪ ਸਿੰਘ ਬਾਕਰਪੁਰ, ਪਰਵਿੰਦਰ ਸਿੰਘ ਗਿੱਲ, ਸੁਖਵਿੰਦਰ ਸਿੰਘ ਘੜੂੰਆਂ, ਹਰਿੰਦਰ ਸਿੰਘ ਘੜੂੰਆਂ, ਪਰਮਜੀਤ ਸਿੰਘ ਘੜੂੰਆਂ, ਇਕਬਾਲ ਸਿੰਘ ਘੜੂੰਆ, ਪਰਮਿੰਦਰ ਸਿੰਘ ਮਲੋਆਂ, ਚਰਨਜੀਤ ਸਿੰਘ ਚੰਨੀ, ਜੀਤ ਸਿੰਘ ਔਲਖ, ਸਾਹਬੀ ਆਈ ਟੀ ਸੈੱਲ ਤੇ ਦਾਊਦ ਤੋਤੇਵਾਲ ਹਾਜ਼ਰ ਸਨ।

## ਸਰਹਿੰਦ ਵਿਖੇ ਪਸ਼ੂ ਹੱਤਿਆ ਦੇ ਮਾਮਲੇ 'ਚ 3 ਮੁਲਜ਼ਮ ਗ੍ਰਿਫਤਾਰ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸਰਹਿੰਦ-ਪਟਿਆਲਾ ਰੋਡ 'ਤੇ ਪੈਂਦੇ ਪਿੰਡ ਆਦਮਪੁਰ ਨੇੜੇ ਭਾਖੜਾ ਨਹਿਰ ਦੇ ਕਿਨਾਰੇ ਪਸ਼ੂਆਂ ਦੀਆਂ ਲਾਸ਼ਾਂ ਮਿਲਣ ਦੇ ਮਾਮਲੇ ਸਬੰਧੀ ਜ਼ਿਲ੍ਹਾ ਪੁਲਸ ਨੇ 3 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ।ਆਪਣੇ ਦਫਤਰ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਸਾਂਝੀ ਕਰਦਿਆਂ ਸ੍ਰੀ ਰਾਕੇਸ਼ ਯਾਦਵ ਪੀ.ਪੀ.ਐੱਸ., ਕਪਤਾਨ ਪੁਲਸ (ਡੀ) ਫਤਹਿਗੜ੍ਹ ਨੇ ਦੱਸਿਆ ਕਿ ਡਾ. ਰਵਜੋਤ ਕੌਰ ਗਰੇਵਾਲ, ਆਈ.ਪੀ.ਐੱਸ., ਸੀਨੀਅਰ ਕਪਤਾਨ ਪੁਲਸ, ਫਤਹਿਗੜ੍ਹ ਸਾਹਿਬ ਦੀ ਰਹਿਨੁਮਾਈ ਹੇਠ ਸ੍ਰੀ ਸੁਖਨਾਜ ਸਿੰਘ, ਪੀ.ਪੀ.ਐੱਸ., ਉਪ ਕਪਤਾਨ ਪੁਲਸ, ਫਤਹਿਗੜ੍ਹ ਸਾਹਿਬ ਦੇ ਨਿਰਦੇਸ਼ਾਂ 'ਤੇ ਇੰਸਪੈਕਟਰ ਦਵਿੰਦਰ ਸਿੰਘ, ਮੁੱਖ ਅਫਸਰ ਥਾਣਾ ਸਰਹਿੰਦ ਵੱਲੋਂ ਵੱਖ ਵੱਖ ਪੱਖਾਂ ਤੋਂ ਜਾਂਚ ਕਰ ਕੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਇਸ ਸਬੰਧੀ ਮੁਕੱਦਮਾ ਥਾਣਾ ਸਰਹਿੰਦ ਵਿਖੇ ਨਿਕਸ਼ਨ ਕੁਮਾਰ ਵਾਸੀ ਪੱਕਾ ਬਾਗ ਰੋਪੜ, ਥਾਣਾ ਸਿਟੀ ਰੋਪੜ ਜ਼ਿਲ੍ਹਾ ਰੋਪੜ ਤੇ ਗੱਡੀ ਬਰੈਜ਼ਾ ਨੰਬਰ ਡੀ ਐੱਲ 9 ਸੀਏ ਡਬਲਿਊ 3278 ਸਵਾਰ ਨਾ-ਮਾਲੂਮ ਵਿਅਕਤੀਆਂ ਖਿਲਾਫ ਦਰਜ ਕੀਤਾ ਗਿਆ ਸੀ।ਤਫਤੀਸ਼ ਦੌਰਾਨ ਮੁਹੰਮਦ ਰਫੀ ਵਾਸੀ ਗਜਗੜ੍ਹ ਥਾਣਾ ਸਮਰਾਲਾ ਹਾਲ ਵਾਸੀ ਡੇਰਾ ਭੱਟਮਾਜਰਾ ਥਾਣਾ ਸਰਹਿੰਦ ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਬਾਗ ਅਲੀ ਵਾਸੀ ਤਲਵਾੜਾ ਥਾਣਾ ਮੰਡੀ ਗੋਬਿੰਦਗੜ੍ਹ ਹਾਲ ਵਾਸੀ ਡੇਰਾ ਭੱਟਮਾਜਰਾ ਥਾਣਾ ਸਰਹਿੰਦ, ਰਹਿਮ ਅਲੀ ਵਾਸੀ ਤਲਵਾੜਾ, ਥਾਣਾ ਮੰਡੀ ਗੋਬਿੰਦਗੜ੍ਹ, ਸਤਾਰ ਅਲੀ ਵਾਸੀ ਤਲਵਾੜਾ, ਥਾਣਾ ਮੰਡੀ ਗੋਬਿੰਦਗੜ੍ਹ ਹਾਲ ਵਾਸੀ ਡੇਰਾ ਭੱਟਮਾਜਰਾ ਥਾਣਾ ਸਰਹਿੰਦ ਅਤੇ ਫੁਰਕਾਨ ਨੂੰ ਨਾਮਜ਼ਦ ਕਰ ਕੇ ਮੁਲਜ਼ਮ ਮੁਹੰਮਦ ਰਫੀ, ਬਾਗ ਅਲੀ ਤੇ ਰਹਿਮ ਅਲੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਮੁਲਜ਼ਮਾਂ ਪਾਸੋਂ ਵਾਰਦਾਤ ਵਿੱਚ ਵਰਤੇ ਗਏ 3 ਮੋਟਰਸਾਈਕਲ, 1 ਛੋਟਾ ਹਾਥੀ ਤੇ 2 ਛੁਰੀਆਂ ਬ੍ਰਾਮਦ ਕੀਤੇ ਗਏ ਹਨ ਤੇ ਤਫਤੀਸ਼ ਦੌਰਾਨ ਹੋਰ ਖੁਲਾਸੇ ਹੋਣ ਦੀ ਉਮੀਦ ਹੈ।

## ਕੈਂਪ 'ਚ 30 ਵਿਅਕਤੀਆਂ ਵੱਲੋਂ ਖ਼ੂਨ ਦਾਨ



**ਜਗਰਾਓਂ (ਅਮਿਤ ਖੰਨਾ)**-ਲੋਕ ਸੇਵਾ ਸੋਸਾਇਟੀ ਜਗਰਾਓਂ ਵੱਲੋਂ ਸਵਰਗੀ ਰਾਮੇਸ਼ ਚੰਦਰ ਅਗਰਵਾਲ ਦੇ 80ਵੇਂ ਜਨਮ ਦਿਵਸ ਮੌਕੇ ਖ਼ੂਨਦਾਨ ਕੈਂਪ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਜਗਰਾਓਂ ਵਿਖੇ ਲਗਾਇਆ ਗਿਆ।ਇਸ ਮੌਕੇ ਸੋਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਕਿਹਾ ਕਿ ਸੋਸਾਇਟੀ ਦਾ ਮਕਸਦ ਹੀ ਲੋਕਾਂ ਦੀ ਸੇਵਾ ਕਰਨਾ ਹੈ ਤੇ ਇਸ ਸੇਵਾ ਲਈ ਉਨ੍ਹਾਂ ਦੀ ਪੂਰੀ ਟੀਮ ਹਮੇਸ਼ਾ ਤਿਆਰ ਰਹਿੰਦੀ ਹੈ।ਉਨ੍ਹਾ ਕਿਹਾ ਕਿ ਅੱਜ ਦੇ ਖ਼ੂਨਦਾਨ ਕੈਂਪ ਵਿੱਚ ਇਕੱਠੇ ਹੋਏ ਯੂਨਿਟਾਂ ਨੂੰ ਬਲੱਡ ਬੈਂਕ ਵਿੱਚ ਰੱਖਿਆ ਜਾਵੇਗਾ ਤੇ ਉੱਥੋਂ ਕੋਈ ਵੀ ਜ਼ਰੂਰਤਮੰਦ ਲੋੜ ਪੈਣ 'ਤੇ ਲੋੜੀਂਦਾ ਬਲੱਡ ਗਰੁੱਪ ਲੈ ਸਕਦਾ ਹੈ।ਉਨਾ ਕਿਹਾ ਕਿ ਜੇਕਰ ਕਿਸੇ ਨੂੰ ਲੋੜ ਪੈਣ 'ਤੇ ਖ਼ੂਨ ਮਿਲਣ ਵਿੱਚ ਕੋਈ ਸਮੱਸਿਆ ਆਵੇ ਤਾਂ ਉਹ ਲੋਕ ਸੇਵਾ ਸੋਸਾਇਟੀ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰ ਸਕਦਾ ਹੈ।ਜਗਰਾਓਂ ਨਿਊ ਕੋਕਿਲਾ ਬਲੱਡ ਬੈਂਕ ਹਸਪਤਾਲ ਦੀ ਟੀਮ ਨੇ ਕੈਂਪ ਵਿੱਚ ਆਪਣੀਆਂ ਸੇਵਾਵਾਂ ਦਿੱਤੀਆਂ।ਕੈਂਪ ਵਿੱਚ 30 ਵਿਅਕਤੀਆਂ ਨੇ ਆਪਣੀ ਸਵੈ-ਇੱਛਾ ਨਾਲ ਖ਼ੂਨ ਦਾਨ ਕੀਤਾ।ਕੈਂਪ ਵਿੱਚ ਜਿੱਥੇ ਆਮ ਲੋਕਾਂ ਨੇ ਖ਼ੂਨ ਦਾਨ ਕੀਤਾ, ਉੱਥੇ ਹੀ ਕਈ ਪੱਤਰਕਾਰਾਂ ਨੇ ਵੀ ਖ਼ੂਨ ਦਾਨ ਕਰਕੇ ਕੈਂਪ 'ਚ ਆਪਣਾ ਯੋਗਦਾਨ ਪਾਇਆ।ਇਸ ਮੌਕੇ ਜਤਿੰਦਰ ਬਾਂਸਲ, ਜਸਬੀਰ ਸ਼ੇਤਰਾ, ਸੁਖਦੇਵ ਗਰਗ, ਰਜਨੀਸ਼ ਬਾਂਸਲ, ਚਰਨਜੀਤ ਸਿੰਘ ਸਰਨਾ, ਸੰਜੀਵ ਗੁਪਤਾ, ਗੁਰਦੀਪ ਮਲਕ, ਕਾਲਾ ਮਲਹੋਤਰਾ, ਰਾਜੇਸ਼ ਜੈਨ, ਹੇਮ ਰਾਜ ਬੱਬਰ, ਭੁਪਿੰਦਰ ਸਿੰਘ ਮੁਰਲੀ, ਕਪਿਲ ਸ਼ਰਮਾ, ਸਰਪ੍ਰਸਤ ਰਾਜਿੰਦਰ ਜੈਨ, ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਸੀਨੀਅਰ ਵਾਈਸ ਪ੍ਰਧਾਨ ਰਾਜਿੰਦਰ ਜੈਨ ਕਾਕਾ, ਪ੍ਰੋਜੈਕਟ ਚੇਅਰਮੈਨ ਕੰਵਲ ਕੱਕੜ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਪ੍ਰਸ਼ੋਤਮ ਅਗਰਵਾਲ, ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਲਾਕੇਸ਼ ਟੰਡਨ, ਕੈਪਟਨ ਨਰੇਸ਼ ਵਰਮਾ, ਪੀ ਆਰ ਓ ਸੁਖਦੇਵ ਗਰਗ, ਗੋਪਾਲ ਗੁਪਤਾ, ਮੁਕੇਸ਼ ਗੁਪਤਾ, ਅਨਿਲ ਮਲਹੋਤਰਾ, ਰੋਹਿਤ ਗੋਇਲ, ਆਰ ਕੇ ਗੋਇਲ ਆਦਿ ਹਾਜ਼ਰ ਸਨ।

## ਕਲੱਬ ਨੇ ਮੇਨ ਚੌਕ 'ਚ ਰੋਡ ਸੇਫਟੀ ਰਿਫਲੈਕਟਰ ਲਗਾਏ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਈਫ ਲਾਈਨ ਵੈੱਲਫੇਅਰ ਕਲੱਬ ਨੇ ਬਾਘਾ ਪੁਰਾਣਾ ਮੇਨ ਚੌਕ ਵਿੱਚ ਰੋਡ ਸੇਫਟੀ ਰਿਫਲੈਕਟਰ ਲਗਾਏ, ਕਿਉਂਕਿ ਸਰਦੀ ਦੀ ਰੁੱਤ 'ਚ ਧੁੰਦ ਪੈਣੀ ਸ਼ੁਰੂ ਹੋ ਚੁੱਕੀ ਹੈ ਤੇ ਡਿਵਾਈਡਰਾਂ 'ਤੇ ਰੋਡ ਸੇਫਟੀ ਰਿਫਲੈਕਟਰ ਨਾ ਹੋਣ ਕਰ ਕੇ ਕੋਈ ਨਾ ਕੋਈ ਦੁਰਘਟਨਾ ਵਾਪਰ ਜਾਂਦੀ ਸੀ, ਜਿਸ ਨੂੰ ਲੈ ਕੇ ਲਾਈਫ ਲਾਈਨ ਵੈੱਲਵੇਅਰ ਕਲੱਬ ਨੇ ਪਹਿਲ ਦੇ ਅਧਾਰ 'ਤੇ ਇਸ ਨੂੰ ਦੇਖਦੇ ਹੋਏ ਰੋਡ ਸੇਫਟੀ ਰਿਫਲੈਕਟਰ ਲਗਾਏ ਤਾਂ ਕਿ ਰਾਤ ਵੇਲੇ ਧੁੰਦਾਂ ਵਿੱਚ ਕੋਈ ਵੀ ਘਟਨਾ ਨਾ ਵਾਪਰੇ।ਇਸ ਮੌਕੇ ਰਮਨਦੀਪ ਅਰੋੜਾ, ਦਵਿੰਦਰ ਬੱਲੂ, ਤੀਰਥ ਬਾਂਸਲ, ਵਿਜੇ ਮਿੱਤਲ ਮੂੰਨਾ, ਪ੍ਰਵੀਨ ਸੇਤੀਆ, ਲੱਕੀ ਕੁਕਰੇਜਾ, ਬੀਰਬਲ ਸ਼ਰਮਾ, ਅਮਨ ਤਨੇਜਾ, ਕਮਲ ਗਰਗ, ਅੰਕੁਸ਼ ਨੇ ਕਿਹਾ ਕਿ ਲਾਈਫ ਲਾਈਨ ਵੈੱਲਫੇਅਰ ਕਲੱਬ ਇਕ ਅਜਿਹਾ ਕਲੱਬ ਜੋ ਕਿ ਹਮੇਸ਼ਾ ਗਰੀਬਾਂ ਦੀ ਮਦਦ, ਹਰ ਮਹੀਨੇ ਰਾਸ਼ਨ ਦੇਣਾ, ਅੰਗਹੀਣਾ ਨੂੰ ਟਰਾਈਸਾਈਕਲ ਦੇਣਾ, ਨੌਜਵਾਨਾਂ ਦੀਆਂ ਖੇਡਾਂ ਕਰਵਾਉਣੀਆਂ, ਖ਼ੂਨਦਾਨ ਕੈਂਪ ਲਗਾਉਣੇ, ਬਾਘਾ ਪੁਰਾਣਾ ਮੇਨ ਚੌਣ ਵਿੱਚ ਸ਼ਹੀਦ ਭਗਤ ਸਿੰਘ ਦਾ ਬੁੱਤ ਨਵੇਂ ਸਿਰਿਓਂ ਤਿਆਰ ਕਰਵਾਇਆ, ਜੋ ਕਿ ਬਾਘਾ ਪੁਰਾਣਾ ਮੇਨ ਦੀ ਅਦਿੱਖ ਬਣ ਸਕੇ ਤੇ ਹੋਰ ਵੀ ਕਈ ਸਮਾਜ ਭਲਾਈ ਦੇ ਕੰਮ ਵਿੱਚ ਹਮੇਸ਼ਾ ਹੀ ਮੂਹਰਲੀ ਕਤਾਰ ਵਿੱਚ ਰਹਿੰਦੀ ਹੈ।ਇਸ ਮੌਕੇ ਟ੍ਰੈਫਿਕ ਪੁਲਸ ਵੀ ਮੌਜੂਦ ਸੀ।

## ਐਸੋਸੀਏਸ਼ਨ ਵੱਲੋਂ ਐਡੀਸ਼ਨਲ ਚੀਫ ਆਡੀਟਰ ਦਾ ਸਨਮਾਨ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**-ਆਡਿਟ ਸਟਾਫ ਐਸੋਸੀਏਸ਼ਨ ਪੰਜਾਬ ਨੇ ਮੈਡਮ ਮਨੀਲਾ ਭਾਂਬਰੀ ਨੂੰ ਬਤੌਰ ਐਡੀਸ਼ਨਲ ਚੀਫ ਆਡੀਟਰ ਸਹਿਕਾਰਤਾ ਆਡਿਟ ਵਿਭਾਗ ਪੰਜਾਬ ਦੀ ਅਸਾਮੀ 'ਤੇ ਪੱਦਉਨਤ ਹੋਣ ਉਪਰੰਤ ਸਨਮਾਨਤ ਕੀਤਾ।ਮੈਡਮ ਮਨੀਲਾ ਭਾਂਬਰੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣਾ ਕੰਮ ਇਮਾਨਦਾਰੀ ਤੇ ਤਨਦੇਹੀ ਨਾਲ ਕਰਨਾ ਚਾਹੀਦਾ ਹੈ।ਉਨ੍ਹਾ ਸਮੁੱਚੀ ਐਸੋਸੀਏਸ਼ਨ ਤੇ ਚੀਫ ਆਡੀਟਰ ਪੰਜਾਬ ਸ੍ਰ: ਸਰਬਜੀਤ ਸਿੰਘ ਦਾ ਧੰਨਵਾਦ ਕੀਤਾ।ਆਡਿਟ ਸਟਾਫ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਬਜਲੀਤ ਸਿੰਘ ਨੇ ਕਿਹਾ ਕਿ ਮੈਡਮ ਮਨੀਲਾ ਭਾਂਬਰੀ ਇੱਕ ਇਮਾਨਦਾਰ ਤੇ ਯੋਗ ਆਫਿਸਰ ਹਨ।ਇਸ ਮੌਕੇ ਅਮਲਾ ਅਫਸਰ ਬਲਜਿੰਦਰ ਕੌਰ, ਅਮਰਜੀਤ ਸਿੰਘ ਪੀ.ਏ. ਟੂ ਚੀਫ ਆਡੀਟਰ, ਡਿਪਟੀ ਚੀਫ ਆਡੀਟਰ ਨਰਦੀਪ ਸਿੰਘ, ਡਿਪਟੀ ਚੀਫ ਆਡੀਟਰ ਵਿਜੈ ਸਿੰਗਲਾ ਤੋਂ ਇਲਾਵਾ ਐਸੋਸੀਏਸ਼ਨ ਦੇ ਸਰਪ੍ਰਸਤ ਡਾ: ਕੰਵਰਦੀਪ ਸਿੰਘ ਤੇ ਪੰਕਜ ਸ਼ਰਮਾ ਸੀਨੀਅਰ ਆਡੀਟਰ ਗੁਰਦਾਸਪੁਰ, ਜਨਰਲ ਸਕੱਤਰ ਰਵਿੰਦਰ ਸਿੰਘ ਸ੍ਰੀ ਫਤਿਹਗੜ੍ਹ ਸਾਹਿਬ, ਵਿੱਤ ਸਕੱਤਰ ਹਰਚਰਨ ਸਿੰਘ ਪਟਿਆਲਾ, ਗੁਰਪ੍ਰੀਤ ਸਿੰਘ ਸੀਨੀਅਰ ਆਡੀਟਰ ਸ੍ਰੀ ਅਮ੍ਰਿਤਸਰ, ਦਰਸ਼ਨ ਕੁਮਾਰ ਸੀਨੀਅਰ ਆਡੀਟਰ ਸ੍ਰੀ ਮੁਕਤਸਰ ਸਾਹਿਬ ਤੇ ਸੁਪਰਿੰਟੈਡੈਂਟ ਤੇਜਿੰਦਰ ਸਿੰਘ ਮੁੱਖ ਦਫਤਰ ਆਦਿ ਹਾਜ਼ਰ ਸਨ।

## ਗਾਰਡਨ ਵੈਲੀ ਸਕੂਲ 'ਚ ਰੰਗੋਲੀ ਮੁਕਾਬਲੇ ਕਰਾਏ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਹੋਦਿਆ ਈਸਟ ਜ਼ੋਨ (ਖੰਨਾ) ਵੱਲੋਂ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਭੱਟੀਆਂ ਵਿਖੇ ਰੰਗੋਲੀ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਵੱਧ ਚੜ੍ਹ ਕੇ ਭਾਗ ਲਿਆ ਅਤੇ ਉਨ੍ਹਾਂ ਅਲੱਗ-ਅਲੱਗ ਵਿਸ਼ੇ 'ਤੇ ਰੰਗੋਲੀ ਬਣਾਈ। ਸਕੂਲ ਦੇ ਮੁੱਖ ਅਧਿਆਪਕ ਡਾ. ਹਰਪ੍ਰੀਤ ਕੌਰ ਤੇ ਹੈੱਡ ਮਿਸਟ੍ਰੈੱਸ ਹਰਜੀਤ ਕੌਰ ਨੇ ਪ੍ਰੋਗਰਾਮ ਦੀ ਸ਼ੁਰੂਆਤ ਜੋਤ ਜਗਾ ਕੇ ਕਰਵਾਈ ਉਪਰੰਤ ਬੱਚਿਆਂ ਵੱਲੋਂ ਵੈਲਕਮ ਗੀਤ ਗਾ ਕੇ ਸਾਰਿਆਂ ਦਾ ਸਵਾਗਤ ਕੀਤਾ। ਸਾਰੇ ਵਿਦਿਆਰਥੀਆਂ ਨੇ 2 ਘੰਟੇ ਦੇ ਸਮੇਂ ਵਿੱਚ ਬਹੁਤ ਵਧੀਆ ਢੰਗ ਨਾਲ ਰੰਗੋਲੀ ਬਣਾਈ ਤੇ ਜੱਜਾਂ ਨੂੰ ਨਤੀਜਾ ਘੋਸ਼ਿਤ ਕਰਨਾ ਔਖਾ ਹੋ ਗਿਆ। ਪ੍ਰੋਗਰਾਮ ਵਿੱਚ ਪਹਿਲੀ ਪੁਜ਼ੀਸ਼ਨ ਐੱਮ.ਏ.ਐੱਮ. ਸਕੂਲ ਸਮਰਾਲਾ, ਦੂਸਰੀ ਪੁਜ਼ੀਸ਼ਨ ਸੁਪੀਰੀਅਰ ਵਰਲਡ ਸਕੂਲ ਗੜ੍ਹੀ ਤਰਖਾਣਾ, ਤੀਸਰੀ ਪੁਜ਼ੀਸ਼ਨ ਔਕਸਫੋਰਡ ਸੀਨੀਅਰ ਸੈਕੰਡਰੀ ਸਕੂਲ ਪਾਇਲ ਨੇ ਹਾਸਲ ਕੀਤੀ। ਇਸ ਮੌਕੇ ਕੰਸੋਲੇਸ਼ਨ ਇਨਾਮ ਸੈਕਰਡ ਹਾਰਟ ਸਕੂਲ ਖੰਨਾ ਨੇ ਪ੍ਰਾਪਤ ਕੀਤਾ। ਇਸ ਮੌਕੇ ਡਾ. ਹਰਪ੍ਰੀਤ ਕੌਰ ਤੇ ਹੈੱਡ ਮਿਸਟ੍ਰੈੱਸ ਹਰਜੀਤ ਕੌਰ ਨੇ ਬੱਚਿਆਂ ਨੂੰ ਇਨਾਮ ਦੇ ਕੇ ਅੱਗੇ ਤੋਂ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਐੱਸ ਕੇ ਏਜੰਸੀ ਵੱਲੋਂ ਗੈਸ ਸੇਫਟੀ ਸੰਬੰਧੀ ਜਾਗਰੂਕਤਾ ਸੈਮੀਨਾਰ



**ਕੋਟ ਈਸੇ ਖਾਂ (ਅਰੋੜਾ)**-ਐੱਸ ਕੇ ਐੱਚ ਪੀ ਗੈਸ ਏਜੰਸੀ ਕੋਟ ਈਸੇ ਖਾਂ ਵੱਲੋਂ ਜ਼ੀਰਾ ਰੋਡ 'ਤੇ ਸਥਿਤ ਜੀ ਐੱਮ ਫੈਮਿਲੀ ਹਾਲ ਵਿਖੇ ਇੰਦਰਜੀਤ ਸਿੰਘ ਐੱਸ ਕੇ ਗੈਸ ਏਜੰਸੀ ਦੀ ਹਾਜ਼ਰੀ ਵਿੱਚ ਗੈਸ ਸੇਫਟੀ ਸਬੰਧੀ ਜਾਗਰੂਤਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਜ਼ਿਲ੍ਹਾ ਨੋਡਲ ਅਫਸਰ ਅਭੀਮਨਿਊ ਝਾਂਹ ਨੇ ਪਹੁੰਚ ਕੇ ਆਏ ਹੋਏ ਲੋਕਾਂ ਨੂੰ ਘਰੇਲੂ ਗੈਸ ਦੀ ਸੁਰੱਖਿਆ ਸਬੰਧੀ ਜਾਣਕਾਰੀ ਦਿੱਤੀ।ਇਸ ਮੌਕੇ ਐੱਚ ਪੀ ਗੈਸ ਏਜੰਸੀ ਵੱਲੋਂ ਕੂਕਿੰਗ ਕੰਪੀਟੀਸ਼ਨ ਵੀ ਕਰਾਇਆ ਗਿਆ, ਜਿਸ ਵਿੱਚ ਔਰਤਾਂ ਨੇ ਹਿੱਸਾ ਲਿਆ। ਇਸ ਸੈਮੀਨਾਰ ਵਿੱਚ ਪਹੁੰਚੇ ਹੋਏ ਜ਼ਿਲ੍ਹਾ ਨੋਡਲ ਅਫਸਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਵੱਲੋਂ ਗੈਸ ਉਜਵਲਾ ਸਕੀਮ ਤਹਿਤ ਘਰ ਘਰ ਗੈਸ ਸਿਲੰਡਰ ਪਹੁੰਚਾਇਆ ਹੈ ਤੇ ਬਹੁਤ ਲੋਕਾਂ ਨੇ ਇਸ ਸਕੀਮ ਦਾ ਲਾਭ ਲਿਆ ਹੈ।ਉਨ੍ਹਾ ਆਏ ਲੋਕਾਂ ਨੂੰ ਘਰੇਲੂ ਗੈਸ ਸਿਲੰਡਰ ਵਰਤਣ ਸਮੇਂ ਕੁੱਝ ਸਾਵਧਾਨੀਆਂ ਤੇ ਸੁਰੱਖਿਆ ਨੁਕਤਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਾਨੂੰ ਚੁੱਲ੍ਹੇ ਨੂੰ ਹਮੇਸ਼ਾ ਗੈਸ ਸਿਲੰਡਰ ਤੋਂ ਉੱਚਾ ਸਲੈਬ ਦੇ ਉਪਰ ਰੱਖਣਾ ਚਾਹੀਦਾ ਹੈ, ਗੈਸ ਸਿਲੰਡਰ ਦੀ ਵਰਤੋਂ ਕਰਨ ਤੋ ਬਾਅਦ ਰੈਗੂਲੇਟਰ ਨੂੰ ਹਮੇਸ਼ਾ ਬੰਦ ਕਰੋ, ਗੈਸ ਪਾਈਪ ਨੂੰ ਸਮੇਂ ਸਮੇਂ ਤੇ ਬਦਲਣਾ ਚਾਹੀਦਾ ਹੈ, ਸਿਲੰਡਰ ਨੂੰ ਕਦੇ ਵੀ ਜ਼ਮੀਨ 'ਤੇ ਟੇਡਾ ਨਹੀਂ ਕਰਨਾ ਚਾਹੀਦਾ ਅਤੇ ਜੇਕਰ ਕਿਤੇ ਗੈਸ ਸਿਲੰਡਰ ਵਿੱਚੋਂ ਗੈਸ ਲੀਕੇਜ ਹੁੰਦੀ ਹੈ ਜਾਂ ਗੈਸ ਨਾਲ ਸਬੰਧਤ ਕੋਈ ਦਿੱਕਤ ਆਉਂਦੀ ਹੈ ਤਾਂ ਸਾਨੂੰ ਹੈਲਪ ਲਾਈਨ ਨੰਬਰ 1906 'ਤੇ ਕਾਲ ਕਰਨੀ ਚਾਹੀਦੀ ਹੈ ਤਾਂ ਜੋ ਉਸ ਦਾ ਹੱਲ ਕੀਤਾ ਜਾ ਸਕੇ।ਇਸ ਤੋਂ ਇਲਾਵਾ ਉਨ੍ਹਾ ਦੱਸਿਆ ਕਿ ਗੈਸ ਏਜੰਸੀ ਵੱਲੋਂ ਡਲਿਵਰੀ ਮੈਨ ਵੀ ਸਮੇਂ ਸਮੇਂ 'ਤੇ ਇਨ੍ਹਾ ਸਾਵਧਾਨੀਆਂ ਨੂੰ ਚੈੱਕ ਕਰਦੇ ਰਹਿੰਦੇ ਹਨ।ਉਨ੍ਹਾਂ ਲੋਕਾਂ ਨੂੰ ਗੈਸ ਸਿਲੰਡਰ ਦੀ ਵਰਤੋਂ ਸਾਵਧਾਨੀਆਂ ਨਾਲ ਕਰਨ ਲਈ ਪ੍ਰੇਰਿਤ ਕੀਤਾ।

## ਡੀ ਏ ਵੀ ਪਬਲਿਕ ਸਕੂਲ ਦਾ ਸਾਲਾਨਾ ਸਮਾਗਮ ਸ਼ਾਨੋ-ਸ਼ੌਕਤ ਨਾਲ ਮਨਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਡੀ.ਏ.ਵੀ. ਪਬਲਿਕ ਸਕੂਲ ਸ੍ਰੀ ਮੁਕਤਸਰ ਸਾਹਿਬ ਦਾ ਸਾਲਾਨਾ ਸਮਾਗਮ (ਵਿਵਰਤਨਾ ਟਰਾਂਸਫੋਰਮੇਸ਼ਨ ਜਸ਼ਨ-ਏ-31) ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ।ਇਸ ਮੌਕੇ ਬਤੌਰ ਮੁੱਖ ਮਹਿਮਾਨ ਵਜੋਂ ਸ੍ਰੀ ਐੱਸ. ਐੱਸ. ਮਾਰਵਾਹ ਐਡਵਾਈਜ਼ਰ ਆਫ ਚਾਂਸਲਰ ਚੰਡੀਗੜ੍ਹ ਯੂਨੀਵਰਸਿਟੀ ਪਹੁੰਚੇ।ਇਸ ਤੋਂ ਇਲਾਵਾ ਡੀ.ਏ.ਵੀ ਐਜੂਕੇਸ਼ਨਲ ਇੰਸਟੀਟਿਊਸ਼ਨਜ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਡਾ. ਅਜੇ ਸੇਤੀਆ, ਸੈਕਟਰੀ ਰਜਿੰਦਰ ਭੰਡਾਰੀ, ਅਸ਼ਵਨੀ ਜੁਨੇਜਾ ਨੇ ਪਹੁੰਚ ਕੇ ਪ੍ਰੋਗਰਾਮ ਦੀ ਰੌਣਕ ਵਧਾਈ। ਸਕੂਲ ਪ੍ਰਿੰਸੀਪਲ ਤੇ ਸਕੂਲ ਕੈਬਨਿਟ ਨੇ ਆਏ ਹੋਏ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ।ਪ੍ਰੋਗਰਾਮ ਦੀ ਸ਼ੁਰੂਆਤ ਲੈਂਪ ਲਾਈਟਨਿੰਗ ਕਰਕੇ ਗਣਪਤੀ ਵੰਦਨਾ ਨਾਲ ਕੀਤੀ ਗਈ।ਇਸ ਤੋਂ ਤੁਰੰਤ ਬਾਅਦ ਸ਼ਬਦ ਕੀਰਤਨ ਹੋਇਆ ਤੇ ਮੁੱਖ ਮਹਿਮਾਨਾਂ ਦੇ ਸਵਾਗਤ ਲਈ ਵੈਲਕਮ ਡਾਂਸ ਪੇਸ਼ ਕੀਤਾ ਗਿਆ।ਬੱਚਿਆਂ ਨੇ ਕਲਾਸੀਕਲ ਡਾਂਸ, ਹਿਪੋਪ ਡਾਂਸ, ਰੋਬੋਟਿਕ ਡਾਂਸ, ਜੋਕਰ ਡਾਂਸ, ਰੈਟਰੋ ਮੈਟਰੋ, ਸੂਫੀ ਡਾਂਸ ਤੇ ਗਰਬਾ ਆਦਿ ਪੇਸ਼ ਕਰਕੇ ਦਰਸ਼ਕਾਂ ਨੂੰ ਕੀਲਿਆ।ਅੰਗਰੇਜ਼ੀ ਨਾਟਕ ਨੇ ਸਮਾਜ ਦੀ ਬਜ਼ੁਰਗਾਂ ਪ੍ਰਤੀ ਸੋਚ ਨੂੰ ਉਜਾਗਰ ਕੀਤਾ।ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨਾਲ ਸਬੰਧਤ ਨਾਟਕ ਪੇਸ਼ ਕਰਕੇ ਪੰਜਾਬ ਦੇ ਗੌਰਵਮਈ ਇਤਿਹਾਸ ਨੂੰ ਦਰਸਾਇਆ ਗਿਆ।ਸਮਾਜਿਕ ਸਮੱਸਿਆਵਾਂ ਜਿਵੇਂ ਮੋਬਾਈਲ ਫੋਨਾਂ ਦੀ ਦੁਰਵਰਤੋਂ, ਔਰਤਾਂ ਪ੍ਰਤੀ ਹੋ ਰਹੇ ਅਪਰਾਧ, ਨਸ਼ਿਆਂ ਦੀ ਲੱਤ ਆਦਿ ਨਾਲ ਸੰਬੰਧਤ ਕੋਰਿਓਗ੍ਰਾਫੀਆਂ ਨਾਲ ਸਕੂਲੀ ਬੱਚਿਆਂ ਨੇ ਦਰਸ਼ਕਾਂ ਨੂੰ ਬਹੁਤ ਹੀ ਵਧੀਆ ਸੰਦੇਸ਼ ਦਿੱਤਾ।ਸਕੂਲ ਦੇ ਬੱਚਿਆਂ ਦੇ ਨਾਲ ਨਾਲ ਉਨ੍ਹਾਂ ਦੇ ਮਾਪਿਆਂ ਨੇ ਵੀ ਪ੍ਰੋਗਰਾਮ ਵਿੱਚ ਹਿੱਸਾ ਪਾ ਕੇ ਆਪਣੀ ਨਾਚ ਕਲਾ ਦਾ ਪ੍ਰਦਰਸ਼ਨ ਕੀਤਾ। ਪੰਜਾਬੀ ਵਿਰਾਸਤ ਨੂੰ ਪੇਸ਼ ਕਰਦੇ ਗਿੱਧੇ ਤੇ ਗੱਭਰੂਆਂ ਦੇ ਜੋਸ਼ ਭਰਪੂਰ ਭੰਗੜੇ ਨੇ ਪ੍ਰੋਗਰਾਮ ਦੀ ਸ਼ਾਨ ਨੂੰ ਚਾਰ ਚੰਨ ਲਾ ਦਿੱਤੇ।ਮੁੱਖ ਮਹਿਮਾਨ ਨੇ ਸਕੂਲ ਦੇ ਸਕੋਲਰ ਵਿਦਿਆਰਥੀਆਂ ਨੂੰ ਤੇ ਨੈਸ਼ਨਲ ਖੇਡਾਂ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ।ਅੰਤ ਵਿੱਚ ਸਕੂਲ ਪ੍ਰਿੰਸੀਪਲ ਸ੍ਰੀਮਤੀ ਵਰਸ਼ਾ ਸਚਦੇਵਾ ਨੇ ਆਏ ਹੋਏ ਮਹਿਮਾਨਾਂ ਨੂੰ ਧੰਨਵਾਦ ਕਿਹਾ।ਸਾਰੇ ਵਿਦਿਆਰਥੀਆਂ ਨੇ ਮਿਲ ਕੇ ਪ੍ਰੋਗਰਾਮ ਦਾ ਖੁਸ਼ੀਆਂ ਭਰਪੂਰ ਅੰਤ ਕੀਤਾ।

## ਸਪਰਿੰਗ ਫੀਲਡ ਸਕੂਲ ਵਿਖੇ ਦੋ ਰੋਜ਼ਾ ਐਥਲੈਟਿਕਸ ਮੀਟ ਸ਼ੁਰੂ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਾਰ ਸੰਸਥਾ ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਸਾਲਾਨਾ ਦੋ ਦਿਨਾ ਐਥਲੈਟਿਕਸ ਮੀਟ ਸ਼ੁਰੂ ਹੋਈ।ਸਕੂਲ ਦੀ ਪ੍ਰੋਗਰਾਮ ਪ੍ਰਬੰਧਕ ਕਮੇਟੀ ਨੇ ਬਹੁਤ ਹੀ ਸੁੰਦਰ ਢੰਗ ਨਾਲ ਪ੍ਰੋਗਰਾਮ ਦਾ ਪ੍ਰਬੰਧ ਕੀਤਾ।ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਓਂਕਾਰ ਸਿੰਘ ਬਰਾੜ ਡੀ ਐੱਸ ਪੀ ਸਨ, ਜਿਨ੍ਹਾਂ ਨੂੰ ਬੱਚੇ ਬੈਂਡ ਵਾਜਿਆਂ ਨਾਲ ਸਟੇਜ ਤੱਕ ਲੈ ਕੇ ਆਏ ਤੇ ਫੁੱਲਾਂ ਦੀ ਵਰਖਾ ਕੀਤੀ।ਸਕੂਲ ਪ੍ਰਿੰਸੀਪਲ ਤੇ ਸਟਾਫ ਨੇ ਮੁੱਖ ਮਹਿਮਾਨ ਦਾ ਸਨਮਾਨ ਕਰਦੇ ਹੋਏ ਬੁੱਕੇ ਦਿੱਤੇ ਗਏ।ਪ੍ਰਿੰਸੀਪਲ ਬਾਇਜੂ ਵਿਜੇ ਨੇ ਸਕੂਲ ਦੀ ਸਾਲਾਨਾ ਰਿਪੋਰਟ ਤੇ ਸਕੂਲ ਦੀ ਤਰੱਕੀ ਬਾਰੇ ਰੌਸ਼ਨੀ ਪਾਈ, ਜਿਨ੍ਹਾਂ ਬੱਚਿਆਂ ਨੇ ਪੰਜਾਬ ਲੈਵਲ ਦੀਆਂ ਖੇਡਾਂ ਵਿੱਚ ਹਿੱਸਾ ਲਿਆ ਸੀ, ਉਹ ਬੱਚਿਆਂ ਨੇ ਮਿਸਾਲ ਜਗਾਈ।ਸਟੇਜ ਦਾ ਸੰਚਾਲਨ ਗੁਰਜੋਤ ਸਿੰਘ, ਜੈਸਮੀਨ ਕੌਰ ਗਿੱਲ ਤੇ ਹਰਸਿਤਾ ਸੇਠੀ ਨੇ ਬਾਖੂਬੀ ਨਾਲ ਨਿਭਾਈ।ਨਰਸਰੀ ਕਲਾਸ ਤੋਂ ਪੰਜਵੀਂ ਕਲਾਸ ਦੇ ਬੱਚਿਆਂ ਨੇ ਮਾਰਚ ਪਾਸਟ ਕਰਦੇ ਹੋਏ ਸਟੇਜ ਸਾਹਮਣੇ ਬਹੁਤ ਸੁੰਦਰ ਦੇਸ਼ ਭਗਤੀ ਦੇ ਗੀਤ, ਗਿੱਧਾ, ਭੰਗੜਾ ਪਾਉਂਦੇ ਹੋਏ ਗੁਜ਼ਰੇ ਤੇ ਵੱਖ-ਵੱਖ ਰਾਜਾਂ ਦੇ ਸੱਭਿਆਚਾਰ ਉੱਪਰ ਤੇ ਉਸ ਰਾਜ ਦਾ ਪਹਿਰਾਵਾ ਪਾ ਕੇ ਗੀਤ ਗਾਏ।ਜੱਜਾਂ ਦੀ ਟੀਮ ਨੇ ਇਸ ਹਾਊਸ ਮੁਕਾਬਲੇ ਵਿੱਚ ਇਮਰਾਲਡ ਹਾਊਸ ਪਹਿਲੇ, ਡਾਇਮੰਡ ਹਾਊਸ ਦੂਸਰੇ ਤੇ ਸਫਾਇਰ ਹਾਊਸ ਤੀਸਰੇ ਨੰਬਰ 'ਤੇ ਆਏ।ਸਕੂਲ ਹੈੱਡ-ਬੁਆਏ ਰਣਜੋਤ ਸਿੰਘ ਹੈੱਡ ਗਰਲ ਸ਼ਰੇਆ ਅਰੋੜਾ, ਸਕੂਲ ਕੈਪਟਨ ਅਭੀ ਅਰੋੜਾ, ਵਾਈਸ ਕੈਪਟਨ ਜਸਮੀਨ ਕੌਰ ਨੇ ਆਪਣੀਆਂ ਜ਼ਿੰਮੇਵਾਰੀਆਂ ਵਧੀਆ ਢੰਗ ਨਾਲ ਨਿਭਾਈਆਂ। ਮੁੱਖ ਮਹਿਮਾਨ ਓਂਕਾਰ ਸਿੰਘ ਨੇ ਝੰਡਾ ਲਹਿਰਾ ਕੇ ਖੇਡਾਂ ਸ਼ੁਰੂ ਕਰਨ ਦਾ ਐਲਾਨ ਕੀਤਾ।ਇਨ੍ਹਾਂ ਖੇਡਾਂ ਵਿੱਚ ਦੌੜਾਂ-50 ਮੀਟਰ, 100 ਮੀਟਰ, 200 ਮੀਟਰ, 600 ਮੀਟਰ, ਰਿਲੇਅ ਦੌੜਾਂ, ਲੌਂਗ ਜੰਪ, ਸ਼ਾਟਪੁੱਟ, ਟਰਿਪਲ ਜੰਪ, ਟੈਗ ਆਫ ਵਰ ਵਗੈਰਾ ਖੇਡਾਂ ਵਿੱਚ ਵੱਖ-ਵੱਖ ਹਾਊਸਾਂ ਦਾ ਮੁਕਾਬਲਾ ਕਰਵਾਇਆ ਜਾਵੇਗਾ।ਇਸ ਮੌਕੇ ਲੈਕਚਰਾਰ ਸੁਖਮੰਦਰ ਸਿੰਘ, ਸਤੀਸ਼ ਅਰੋੜਾ, ਐਮ.ਸੀ. ਪਵਨ ਢੰਡ ਪ੍ਰਧਾਨ ਸੁਹਿਰੀ ਅਕਾਲੀ ਦਲ, ਗੁਰਦੀਪ ਸਿੰਘ ਸਾਬਕਾ ਯੂਥ ਪ੍ਰਧਾਨ ਕਾਂਗਰਸ, ਸ੍ਰੀ ਨਰੇਸ਼ ਜੈਦਕਾ, ਬਾਬੂ ਅਮਰਿਤ ਲਾਲ ਅਨੇਜਾ, ਗੁਰਮੁੱਖ ਸਿੰਘ ਸਾਬਕਾ ਐਮ.ਸੀ. ਨਰੇਸ਼ ਕੁਮਾਰ ਖੁਰਾਣਾ ਵਿੱਕੀ ਖੁਰਾਣਾ ਹਾਜ਼ਰ ਸਨ।

## ਸੇਲਬਰਾਹ ਦੇ ਅਕਾਲੀ ਦਲ ਦੇ ਥੰਮ੍ਹ ਆਗੂ ਕਾਂਗਰਸ 'ਚ ਸ਼ਾਮਲ

■ ਸਾਰੇ ਆਗੂਆਂ ਨੂੰ ਪਾਰਟੀ 'ਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ : ਕਾਂਗੜ



**ਬਠਿੰਡਾ (ਰਾਜੀਵ ਗੋਇਲ)** : ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੇ ਨੇੜਲੇ ਪਿੰਡ ਸੇਲਬਰਾਹ ਦੇ ਸਿਕੰਦਰ ਸਿੰਘ ਮਲੂਕਾ ਦੇ ਖੱਬੀ ਬਾਂਹ ਮੰਨੇ ਜਾਂਦੇ ਤੇ ਪਿੰਡ ਦੇ ਥੰਮ ਕਹਾਉਣ ਵਾਲੇ ਆਗੂ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਦੀ ਅਗਵਾਈ ਹੇਠ ਕਾਂਗਰਸ ਵਿੱਚ ਸ਼ਾਮਲ ਹੋ ਗਏ।ਜੱਗਾ ਸਿੰਘ ਝੁਰੜ ਦੇ ਗ੍ਰਹਿ ਵਿਖੇ ਹੋਏ ਇਸ ਸਮਾਗਮ ਵਿੱਚ ਸੈਂਕੜੇ ਪਰਵਾਰਾਂ ਵੱਲੋਂ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਆਖ ਕਾਂਗਰਸ ਦਾ ਪੱਲਾ ਫੜਿਆ ਗਿਆ, ਜਿਨ੍ਹਾਂ ਨੂੰ ਕਾਂਗੜ ਵੱਲੋਂ ਸਿਰੋਪਾਓ ਭੇਟ ਕਰਕੇ ਪਾਰਟੀ 'ਚ ਸ਼ਾਮਲ ਕੀਤਾ ਗਿਆ ਤੇ ਕਿਹਾ ਗਿਆ ਕਿ ਇਨ੍ਹਾਂ ਸਾਰੇ ਹੀ ਆਗੂਆਂ ਨੂੰ ਪਾਰਟੀ 'ਚ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ ਅਤੇ ਸਮਾਂ ਆਉਣ 'ਤੇ ਸੇਲਬਰਾਹ ਪਿੰਡ ਨੂੰ ਗਰਾਂਟਾਂ ਦੇ ਗੱਫੇ ਦਿੱਤੇ ਜਾਣਗੇ।ਭਗਤਾ ਭਾਈ ਕਾ ਦੇ ਸਿਵਲ ਹਸਪਤਾਲ ਵਿਖੇ ਡਾਕਟਰਾਂ ਤੇ ਮਸ਼ੀਨਾਂ ਦੀ ਘਾਟ ਨੂੰ ਲੈ ਕੇ ਮੌਜੂਦਾ ਸਰਕਾਰ 'ਤੇ ਤੰਜ ਕਸਦੇ ਹੋਏ ਉਨ੍ਹਾਂ ਕਿਹਾ ਕਿ ਇਹ ਗੂੰਗੀ ਬੋਲੀ ਸਰਕਾਰ ਹੈ ਤੇ ਆਮ ਲੋਕਾਂ ਵੱਲੋਂ ਅਨਜਾਣ ਹੱਥਾਂ ਵਿੱਚ ਸੂਬੇ ਦੀ ਵਾਗਡੋਰ ਸੌਂਪ ਦਿੱਤੀ ਹੈ ਅਤੇ ਸਾਡਾ ਹਲਕਾ ਵਿਧਾਇਕ ਢੋਲਕੀ ਛੈਣਿਆਂ 'ਤੇ ਨੱਚਣ ਵਿੱਚ ਹੀ ਵਿਅਸਥ ਹੈ ਅਤੇ ਹਲਕੇ ਦੇ ਕੰਮਾਂ ਨੂੰ ਰੱਬ ਆਸਰੇ ਛੱਡ ਦਿੱਤਾ ਹੈ।ਉਨ੍ਹਾਂ ਹਲਕਾ ਵਿਧਾਇਕ 'ਤੇ ਵੀ ਤੰਜ ਕਸਦੇ ਹੋਏ ਕਿਹਾ ਕਿ ਇਹ ਰਾਜਨੀਤੀ ਬਲਕਾਰ ਸਿੱਧੂ ਦੇ ਵੱਸ ਦੀ ਗੱਲ ਨਹੀਂ ਹੈ, ਉਨ੍ਹਾਂ ਨੂੰ ਆਪਣਾ ਗਾਇਕੀ ਵਾਲਾ ਕਿੱਤਾ ਹੀ ਕਰਨਾ ਚਾਹੀਦਾ ਹੈ, ਕਿਉਂਕਿ ਸਿਆਣਿਆਂ ਦੀ ਕਹੀ ਕਹਾਵਤ ਅਨੁਸਾਰ 'ਜਿਸਦਾ ਕਾਮ, ਉਸੀ ਕੋ ਸਾਜੈ' ਤਹਿਤ ਜਿਹੜਾ ਕੰਮ ਜਿਸ ਦੇ ਵੱਸ ਦਾ ਹੁੰਦਾ, ਉਹੀ ਕਰ ਸਕਦੈ ਹੁੰਦੇ।

## ਰੂਪ ਵਾਟਿਕਾ ਸਕੂਲ ਨੇ ਜੂਨੀਅਰ ਐਥਲੈਟਿਕ ਮੀਟ 'ਚ ਜਿੱਤੇ ਇਨਾਮ



**ਜਗਰਾਓਂ (ਅਮਿਤ ਖੰਨਾ)**-ਰੂਪ ਵਾਟਿਕਾ ਸਕੂਲ ਜਗਰਾਓਂ ਦੇ ਬੱਚੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਹਮੇਸ਼ਾ ਅੱਗੇ ਰਹਿੰਦੇ ਹਨ।ਰੂਪ ਵਾਟਿਕਾ ਸਕੂਲ, ਜਗਰਾਓਂ ਦੇ ਬੱਚਿਆਂ ਨੇ ਵਿੱਦਿਆ ਇੰਟਰਨੈਸ਼ਨਲ ਸਕੂਲ ਵੱਲੋਂ ਲੁਧਿਆਣਾ ਸਹੋਦਿਆ ਸਕੂਲ ਕੰਪਲੈਕਸ (ਨੌਰਥ) ਵਿੱਚ ਜੂਨੀਅਰ ਐਥਲੈਟਿਕ ਮੀਟ ਕਰਵਾਈ ਗਈ, ਜਿਸ ਵਿੱਚ ਅੰਡਰ 10, ਅੰਡਰ 12 ਦਰਜੇ ਦੇ ਮੁੰਡੇ ਤੇ ਕੁੜੀਆਂ ਨੇ ਭਾਗ ਲੈ ਕੇ ਵਿਦਿਆਰਥੀਆਂ ਨੇ ਸ਼ਾਨਦਾਰ ਇਨਾਮ ਹਾਸਲ ਕੀਤੇ।ਸਭ ਤੋਂ ਪਹਿਲਾਂ ਪੰਜਵੀਂ ਜਮਾਤ ਦੀ ਪੁਨੀਤ ਕੌਰ ਨੇ 200 ਮੀਟਰ ਦੀ ਰੇਸ ਵਿੱਚ ਪਹਿਲਾ ਸਥਾਨ ਹਾਸਲ ਕੀਤਾ, ਉੱਥੇ ਹੀ ਸਨਾ ਪ੍ਰਵੀਨ ਤੀਜੀ ਜਮਾਤ ਦੀ ਵਿਦਿਆਰਥਣ ਨੇ 80 ਮੀਟਰ ਰੇਸ ਵਿੱਚ ਦੂਜਾ ਸਥਾਨ ਹਾਸਲ ਕੀਤਾ।ਤੀਜੀ ਜਮਾਤ ਦੀ ਜਸਪ੍ਰੀਤ ਨੇ 100 ਮੀਟਰ ਰੇਸ ਵਿੱਚ ਦੂਜਾ ਸਥਾਨ ਹਾਸਲ ਕੀਤਾ।ਪੰਜਵੀਂ ਜਮਾਤ ਦੀ ਵੈਸ਼ਨਵੀ ਯਾਦਵ ਨੇ 200 ਮੀਟਰ ਰੇਸ ਤੇ ਲੌਂਗ ਜੰਪ ਵਿੱਚ ਦੂਜਾ ਸਥਾਨ ਹਾਸਲ ਕੀਤਾ।ਤੀਜੀ ਜਮਾਤ ਦੇ ਦਿਲਜੋਤ ਸਿੰਘ ਨੇ 100 ਮੀਟਰ ਰੇਸ 'ਚ ਤੀਜਾ ਸਥਾਨ ਹਾਸਲ ਕੀਤਾ।ਪੰਜਵੀਂ ਜਮਾਤ ਦੇ ਕਾਰਤਿਕ ਚੋਪੜਾ ਨੇ 200 ਮੀਟਰ ਰੇਸ 'ਚ ਤੀਜਾ ਸਥਾਨ ਹਾਸਲ ਕੀਤਾ।ਪੰਜਵੀਂ ਜਮਾਤ ਦੀ ਤਾਨਿਆ ਸ਼ਰਮਾ ਨੇ ਤੀਜਾ ਸਥਾਨ ਹਾਸਲ ਕੀਤਾ।ਅੰਡਰ 10 ਕੁੜੀਆਂ ਦੀ ਟੀਮ ਨੇ ਰੀਲੇਅ ਰੇਸ ਵਿੱਚ ਤੀਜਾ ਸਥਾਨ ਹਾਸਲ ਕੀਤਾ।ਸਕੂਲ ਦੇ ਪ੍ਰਬੰਧਕਾਂ ਤੇ ਮੁੱਖ ਅਧਿਆਪਕ ਸ੍ਰੀਮਤੀ ਵਿੰਮੀ ਠਾਕੁਰ ਨੇ ਡੀ. ਪੀ. ਅਧਿਆਪਕਾਂ, ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਅੱਗੇ ਵਧਣ ਲਈ ਪ੍ਰੇਰਨਾ ਦਿੱਤੀ।

## ਮੋਟਰਸਾਈਕਲ ਸਵਾਰ ਦੀ ਕੁੱਟਮਾਰ ਕਰਕੇ ਮੋਬਾਇਲ ਤੇ ਨਕਦੀ ਖੋਹੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਤਿੰਨ ਜ਼ਿਲ੍ਹਿਆਂ ਦੀ ਹੱਦ 'ਤੇ ਪੈਂਦੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਅਖੀਰਲੇ ਪਿੰਡ ਤੱਧਾ ਬੱਧਾ ਨਜ਼ਦੀਕ ਤਿੰਨ ਨੌਜਵਾਨਾਂ ਵੱਲੋਂ ਰਾਤ ਨੂੰ ਇੱਕ ਰਾਹਗੀਰ ਦੀ ਕੁੱਟਮਾਰ ਕਰਕੇ ਉਸ ਤੋਂ ਨਕਦੀ ਤੇ ਮੋਬਾਈਲ ਫ਼ੋਨ ਖੋਹ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਬਰਿੰਦਰ ਸਿੰਘ ਵਾਸੀ ਪਿੰਡ ਜੱਬੋਮਾਜਰਾ (ਮਲੇਰਕੋਟਲਾ) ਨੇ ਪੁਲਸ ਨੂੰ ਦੱਸਿਆ ਕਿ ਰੋਜ਼ਾਨਾ ਦੀ ਤਰ੍ਹਾਂ ਉਹ ਚਹਿਲ ਤੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਪਿੰਡ ਨੂੰ ਜਾ ਰਿਹਾ ਸੀ ਤਾਂ ਰਾਤ ਕਰੀਬ ਪੌਣੇ ਨੌਂ ਵਜੇ ਉਹ ਜਦੋਂ ਪਿੰਡ ਤੰਦਾ ਬੱਧਾ ਦੇ ਨਹਿਰ ਦੇ ਪੁਲ ਕੋਲ ਪਹੁੰਚਿਆ ਤਾਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਤਿੰਨ ਨੌਜਵਾਨਾਂ ਨੇ ਉਸ ਨੂੰ ਘੇਰ ਲਿਆ, ਜਿਨ੍ਹਾਂ 'ਚੋਂ ਦੋ ਨੇ ਉਸ ਦੀ ਕੁੱਟਮਾਰ ਕਰਦਿਆਂ ਉਸ ਦਾ ਮੋਬਾਈਲ ਫੋਨ ਅਤੇ ਬੈਗ, ਜਿਸ ਵਿੱਚ 21 ਹਜ਼ਾਰ ਰੁਪਏ ਸਨ, ਖੋਹ ਲਿਆ। ਉਪਰੰਤ ਉਕਤ ਦੋਵੇਂ ਨੌਜਵਾਨ ਮੋਟਰਸਾਈਕਲ 'ਤੇ ਇੰਤਜ਼ਾਰ ਕਰ ਰਹੇ ਆਪਣੇ ਤੀਸਰੇ ਸਾਥੀ ਨਾਲ ਬੈਠ ਕੇ ਨਹਿਰ ਵੱਲ ਨੂੰ ਭੱਜ ਗਏ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਅਮਲੋਹ ਵਿਖੇ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਵਾ ਕੇ ਬੁੱਗਾ ਕਲਾਂ ਚੌਕੀ ਦੇ ਇੰਚਾਰਜ ਥਾਣੇਦਾਰ ਤਰਨਜੀਤ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

## ਪੰਜਾਬ ਪਬਲਿਕ ਸਕੂਲ ਦੇ ਐੱਨ ਸੀ ਸੀ ਕੈਡਿਟਾਂ ਵਿਸ਼ਵ ਏਡਜ਼ ਜਾਗਰੂਕਤਾ ਦਿਵਸ ਮਨਾਇਆ




**ਨਾਭਾ (ਵਰਿੰਦਰ ਵਰਮਾ)**

ਵਿਸ਼ਵ ਏਡਜ਼ ਦਿਵਸ ਹਰ ਸਾਲ 1 ਦਸੰਬਰ ਨੂੰ ਮਨਾਇਆ ਜਾਂਦਾ ਹੈ, ਜਿਸ ਦਾ ਮੁੱਖ ਉਦੇਸ਼ ਏਡਜ਼ ਬਾਰੇ ਜਾਗਰੂਕਤਾ ਫੈਲਾਉਣਾ ਤੇ ਇਸ ਤੋਂ ਬਚਾਅ ਦੇ ਮਹੱਤਵ ਨੂੰ ਉਜਾਗਰ ਕਰਨਾ ਹੈ।ਇਸ ਲੜੀ ਤਹਿਤ ਪੰਜਾਬ ਪਬਲਿਕ ਸਕੂਲ, ਨਾਭਾ ਐੱਨਸੀਸੀ ਏਅਰ ਵਿੰਗ ਦੇ ਕੈਡਿਟਾਂ ਨੇ ਗਰੁੱਪ ਹੈੱਡਕੁਆਰਟਰ ਐੱਨ.ਸੀ.ਸੀ., ਪਟਿਆਲਾ ਤੇ ਯੂਨਿਟ 3 ਪੰਜਾਬ ਏਅਰ ਸਕੁਐਡਰਨ ਐੱਨ.ਸੀ.ਸੀ., ਪਟਿਆਲਾ ਦੀ ਅਗਵਾਈ ਹੇਠ ਵਿਸ਼ਵ ਏਡਜ਼ ਦਿਵਸ ਮਨਾਇਆ।ਇਸ ਮੌਕੇ ਐੱਨ.ਸੀ.ਸੀ. ਏਅਰ ਵਿੰਗ ਦੇ ਕੈਡਿਟਾਂ ਨੇ ਸਕੂਲ ਦੇ ਵਿਹੜੇ ਤੋਂ ਇੱਕ ਰੈਲੀ ਕੱਢੀ, ਜਿਸ ਦਾ ਉਦੇਸ਼ ਆਮ ਲੋਕਾਂ ਵਿੱਚ ਏਡਜ਼ ਪ੍ਰਤੀ ਜਾਗਰੂਕਤਾ ਫੈਲਾਉਣਾ, ਏਡਜ਼ ਤੋਂ ਬਚਾਅ ਦੀ ਮਹੱਤਤਾ ਨੂੰ ਉਜਾਗਰ ਕਰਨਾ, ਏਡਜ਼ ਪੀੜਤਾਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਸੀ।ਇਸ ਮੌਕੇ ਪੰਜਾਬ ਪਬਲਿਕ ਸਕੂਲ ਦੇ ਹੈੱਡਮਾਸਟਰ ਡਾ. ਡੀ ਸੀ ਸ਼ਰਮਾ ਨੇ ਐੱਨ.ਸੀ.ਸੀ. ਕੈਡਿਟਾਂ ਨੂੰ ਏਡਜ਼ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ।ਸਮੁੱਚੀ ਰੈਲੀ ਦੌਰਾਨ ਪੀ.ਪੀ.ਐੱਸ. ਨਾਭਾ ਦੇ ਐੱਨ.ਸੀ.ਸੀ. ਏਅਰ ਵਿੰਗ ਇੰਚਾਰਜ ਚੀਫ ਅਫਸਰ ਸ਼ਾਹਿਦ ਅਹਿਮਦ ਹਾਜ਼ਰ ਸਨ।

## ਸਰਪੰਚਾਂ ਲਈ ਗ੍ਰਾਮ ਸਭਾਵਾਂ ਸਭ ਤੋਂ ਵੱਡੀ ਸ਼ਕਤੀ : ਹਮੀਰ ਸਿੰਘ

■ ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਤੇ ਮੈਂਬਰਾਂ ਨੂੰ ਕੀਤਾ ਸਨਮਾਨਤ



**ਮਾਨਸਾ/ਬਰੇਟਾ (ਆਤਮਾ ਸਿੰਘ ਪਮਾਰ/ ਰੀਤਵਾਲ)**-ਸਰਪੰਚਾਂ ਲਈ ਗ੍ਰਾਮ ਸਭਾਵਾਂ ਹਊਆ ਬਣਨ ਦੀ ਬਜਾਏ ਸਭ ਤੋਂ ਵੱਡੀ ਸ਼ਕਤੀ ਬਣ ਸਕਦੀਆਂ ਹਨ ਅਤੇ ਪੰਚਾਇਤਾਂ ਗ੍ਰਾਮ ਸਭਾਵਾਂ ਦੇ ਸੁਚੱਜੇ ਸਹਿਯੋਗ ਨਾਲ ਆਪਣੀ ਹੋਣੀ ਦੀਆਂ ਆਪ ਮਾਲਕ ਬਣ ਸਕਦੀਆਂ ਹਨ, ਲੋੜ ਕੇਵਲ ਸਹੀ ਗਿਆਨ ਪ੍ਰਾਪਤ ਕਰਕੇ ਆਪਣੇ ਹੱਕ ਤੇ ਫਰਜ਼ ਪਛਾਣਨ ਦੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰਸਿੱਧ ਪੱਤਰਕਾਰ ਹਮੀਰ ਸਿੰਘ ਨੇ ਬਰੇਟਾ ਨੇੜਲੇ ਪਿੰਡ ਬਹਾਦਰਪੁਰ ਵਿਖੇ ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਤੇ ਮੈਂਬਰਾਂ ਨੂੰ ਸਨਮਾਨਤ ਕਰਨ ਲਈ ਇਲਾਕਾ ਵਿਕਾਸ ਕਮੇਟੀ ਬਰੇਟਾ ਵੱਲੋਂ ਕਰਵਾਏ ਇੱਕ ਸਮਾਗਮ ਦੌਰਾਨ ਕੀਤਾ। ਹਮੀਰ ਸਿੰਘ ਨੇ ਕਿਹਾ ਕਿ ਸਰਪੰਚ ਤੇ ਮੈਂਬਰ ਜੇਕਰ ਆਪਣੇ ਆਪ ਨੂੰ ਕਿਸੇ ਧੜੇ ਜਾਂ ਪਾਰਟੀ ਦਾ ਸਰਪੰਚ ਜਾਂ ਮੈਂਬਰ ਸਮਝਣ ਦੀ ਬਜਾਏ ਆਪਣੇ ਕੰਮ ਤੇ ਵਿਹਾਰ ਨਾਲ ਸਾਰੇ ਪਿੰਡ ਦਾ ਸਰਪੰਚ ਬਣਾ ਲਵੇ ਤਾਂ ਉਸ ਪਿੰਡ ਦੀ ਤਰੱਕੀ ਦੇ ਯਕੀਨੀ ਹੋਣ ਨੂੰ ਕੋਈ ਨਹੀਂ ਰੋਕ ਸਕਦਾ।ਉਨ੍ਹਾਂ ਨਵੇਂ ਚੁਣੇ ਪੰਚਾਂ ਤੇ ਸਰਪੰਚਾਂ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਪੰਚਾਇਤੀ ਰਾਜ ਐਕਟ ਨੂੰ ਬਣਨਾ ਯਕੀਨੀ ਬਣਾਉਣ ਦੇ ਨਾਲ ਨਾਲ ਗ੍ਰਾਮ ਸਭਾ ਦੀ ਮੀਟਿੰਗ ਨੂੰ ਵੀ ਹਕੀਕੀ ਰੂਪ 'ਚ ਬੁਲਾਉਣ ਤੇ ਮਨਰੇਗਾ ਦਾ ਅਜਲਾਸ ਅਗਸਤ ਮਹੀਨੇ ਬੁਲਾ ਕੇ ਪ੍ਰੋਜੈਕਟ ਰਿਪੋਰਟ ਤਿਆਰ ਕਰਨ ਅਤੇ ਸਾਰੇ ਜੌਬ ਕਾਰਡ ਧਾਰਕਾਂ ਲਈ 100 ਦਿਨ ਦਾ ਕੰਮ ਵੀ ਯਕੀਨੀ ਬਣਾਉਣ।ਰਣਸ਼ੀਹ ਕਲਾਂ ਜ਼ਿਲ੍ਹਾ ਮੋਗਾ ਦੇ ਸਟੇਟ ਐਵਾਰਡੀ ਸਰਪੰਚ ਸ੍ਰ. ਪ੍ਰੀਤ ਇੰਦਰ ਪਾਲ ਸਿੰਘ ਮੰਟੀ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਸਿਰਫ ਗਲੀਆਂ ਨਾਲੀਆਂ ਬਣਾਉਣ ਨਾਲ ਪਿੰਡ ਵਿਕਸਤ ਨਹੀਂ ਹੋ ਸਕਦਾ, ਸਗੋਂ ਇਮਾਨਦਾਰੀ ਨਾਲ ਨਿਰਪੱਖ ਵਿਹਾਰ ਕਰਦੇ ਹੋਏ ਗ੍ਰਾਮ ਸਭਾ ਦੀ ਤਾਕਤ ਨਾਲ਼ ਸਰਵਪੱਖੀ ਵਿਕਾਸ ਕਰਨ ਦੀ ਲੋੜ ਹੈ।ਉਨ੍ਹਾ ਕਿਹਾ ਕਿ ਉਨ੍ਹਾ ਦੇ ਪਿੰਡ ਦਾ ਕੋਈ ਕਿਸਾਨ ਪਰਾਲੀ ਨੂੰ ਅੱਗ ਨਹੀਂ ਲਗਾਉਂਦਾ।ਸੀਵਰੇਜ ਦਾ ਪਾਣੀ ਟ੍ਰੀਟ ਕਰਕੇ ਸਿੰਜਾਈ ਲਈ ਵਰਤਿਆ ਜਾਂਦਾ ਹੈ।

ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਦਸੌਂਧਾ ਸਿੰਘ ਬਹਾਦਰਪੁਰ, ਪ੍ਰਿੰਸੀਪਲ ਦਰਸ਼ਨ ਬਰੇਟਾ, ਅੰਮ੍ਰਿਤਪਾਲ ਸਿੰਘ, ਬਲੌਰ ਸਿੰਘ, ਗੁਰਚਰਨ ਸਿੰਘ ਜੇ ਈ, ਸਹਿਜਪਾਲ ਸਿੰਘ, ਜਗਜੀਤ ਸਿੰਘ, ਸੰਜੀਵ ਗੋਇਲ, ਬਹਾਲ ਸਿੰਘ, ਚਰਨਜੀਤ ਸਿੰਘ ਪ੍ਰਧਾਨ, ਗੁਰਵਿੰਦਰ ਖਤਰੀਵਾਲਾ, ਰਾਜਿੰਦਰ ਗੋਬਿੰਦਪੁਰਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਸਰਵਸੰਮਤੀ ਨਾਲ ਚੁਣੇ ਪੰਚਾਂ ਸਰਪੰਚਾਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ।ਸਰਬਸੰਮਤੀ ਵਾਲੀਆਂ ਪੰਚਾਇਤਾਂ ਨੂੰ ਗੁਰਜੰਟ ਸਿੰਘ ਸਾਬਕਾ ਸਕੱਤਰ ਵੱਲੋਂ ਪੰਚਾਇਤ ਪ੍ਰਕਾਸ਼ ਪੁਸਤਕ ਤੋਹਫ਼ੇ ਵਜੋਂ ਦਿੱਤੀ ਗਈ। ਵੱਖ ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ ਇਲਾਕੇ ਦੇ ਬੱਚਿਆਂ ਦਾ ਸਨਮਾਨ ਕੀਤਾ ਗਿਆ।ਸਟੇਜ ਸਕੱਤਰ ਦੀ ਜ਼ਿੰਮੇਵਾਰੀ ਦਰਸ਼ਨ ਬਰੇਟਾ ਤੇ ਕ੍ਰਿਸ਼ਨ ਰੰਘੜਿਆਲ ਨੇ ਬਾਖੂਬੀ ਨਿਭਾਈ।ਪ੍ਰੋਗਰਾਮ ਦੇ ਅਖੀਰ 'ਚ ਸੰਜੀਵ ਗੋਇਲ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

## ਮਾਤਾ ਸੁੰਦਰੀ ਗਰਲਜ਼ ਕਾਲਜ ਵਿਖੇ ਐੱਨ ਐੱਸ ਐੱਸ ਕੈਂਪ ਲਗਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨਾਮਵਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਢੱਡੇ ਦੀ ਉੱਪ ਸ਼ਾਖਾ ਮਾਤਾ ਸੁੰਦਰੀ ਗਰਲਜ਼ ਕਾਲਜ ਦੇ ਐੱਨ.ਐੱਸ.ਐੱਸ. ਯੂਨਿਟ ਇੱਕ ਰੋਜ਼ਾ ਐੱਨ.ਐੱਸ.ਐੱਸ. ਕੈਂਪ ਲਾਇਆ ਗਿਆ।ਇਸ ਕੈਂਪ ਦਾ ਉਦਘਾਟਨ ਸੰਸਥਾ ਦੇ ਮਾਣਯੋਗ ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਡਾਇਰੈਕਟਰ ਐਡਮਨਿਸ਼ਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਤੇ ਮਾਨਯੋਗ ਐੱਮ. ਡੀ. ਗੁਰਬਿੰਦਰ ਸਿੰਘ ਬੱਲੀ ਨੇ ਸਾਂਝੇ ਰੂਪ ਵਿੱਚ ਕੀਤਾ।ਇਸ ਮੌਕੇ ਡਾਇਰੈਕਟਰ ਪਰਮਿੰਦਰ ਸਿੰਘ ਸਿੱਧੂ ਨੇ ਆਪਣੇ ਕਾਲਜ ਸਮੇਂ ਪ੍ਰੋਗਰਾਮਾਂ ਦਾ ਜ਼ਿਕਰ ਕਰਦੇ ਹੋਏ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਤੇ ਕਿਹਾ ਕਿ ਅਜਿਹੇ ਪ੍ਰੋਗਰਾਮ ਸਾਡੇ ਵਿਦਿਆਰਥੀ ਜੀਵਨ ਦਾ ਅਹਿਮ ਹਿੱਸਾ ਹਨ, ਜੋ ਕਿ ਸਾਡੀ ਸ਼ਖ਼ਸੀਅਤਾਂ ਨੂੰ ਹੋਰ ਨਿਖਾਰਦੇ ਹਨ।ਇਸ ਪ੍ਰੋਗਰਾਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਹਰਸ਼ ਰਾਣੀ ਤੇ ਪ੍ਰੋ. ਕਿਰਨਜੀਤ ਕੌਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ 50 ਵਲੰਟੀਅਰਜ਼ ਨੇ ਭਾਗ ਲਿਆ।ਵਲੰਟੀਅਰਾਂ ਨੇ ਜਾਗੋ ਗ੍ਰਾਹਕ ਜਾਗੋ ਸੰਬੰਧੀ ਪੋਸਟਰ ਬਣਾਏ।ਵਲੰਟੀਅਰਾਂ ਨੂੰ ਕੰਜ਼ਿਊਮਰ ਪ੍ਰੋਟੈਕਸ਼ਨ ਐਕਟ (2019) ਬਾਰੇ ਜਾਗਰੂਕ ਕਰਵਾਇਆ ਗਿਆ।ਇਸ ਐਕਟ ਅਧੀਨ ਵਲੰਟੀਅਰਜ਼ ਨੂੰ ਕੰਜ਼ਿਊਮਰ ਰਾਈਟਸ ਬਾਰੇ ਦੱਸਿਆ ਗਿਆ ਕਿ ਕਿਸ ਤਰ੍ਹਾਂ ਸਮਾਜ ਵਿੱਚ ਧੋਖਾਧੜੀ ਤੇ ਮਿਲਾਵਟੀ ਵਸਤੂਆਂ ਤੋਂ ਬਚਿਆ ਜਾ ਸਕਦਾ ਹੈ।ਇਸ ਮੌਕੇ ਪ੍ਰੋਗਰਾਮ ਵਿੱਚ ਸੰਸਥਾ ਦੇ ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ, ਕਾਲਜ ਦੇ ਪ੍ਰਿੰਸੀਪਲ ਪ੍ਰੋ. ਰਾਜ ਸਿੰਘ ਬਾਘਾ, ਫਿਜੀਕਲ ਵਿਭਾਗ ਦੇ ਮੁਖੀ ਪ੍ਰੋ. ਜਸਵਿੰਦਰ ਸਿੰਘ, ਐਨ.ਐਸ.ਐਸ. ਕੋਆਰਡੀਨੇਟਰ ਪ੍ਰੋ. ਅੰਗਰੇਜ਼ ਸਿੰਘ ਤੇ ਨਰਸਿੰਗ ਟਿਊਟਰ ਅਮਨਦੀਪ ਕੌਰ ਆਦਿ ਹਾਜ਼ਰ ਸਨ।

# ਕਿਸਾਨ ਆੜ੍ਹਤੀਆਂ ਵੱਲੋਂ ਕੀਤੀ ਨਜਾਇਜ਼ ਕਟੌਤੀ ਦੀ ਰਾਸ਼ੀ ਅਦਾ ਨਹੀਂ ਕਰਨਗੇ : ਕਿਸਾਨ ਆਗੂ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਅੱਜ ਪਿੰਡ ਪੱਧਰੀ ਕਲਾਂ ਵਿੱਚ ਕਿਸਾਨਾਂ ਦੀ ਇਕ ਹੰਗਾਮੀ ਮੀਟਿੰਗ ਹੋਈ, ਜਿਸ ਨੇ ਫੈਸਲਾ ਕੀਤਾ ਕਿ ਆੜ ਤੀਆਂ ਵਲੋਂ ਕਿਸਾਨਾਂ ਪਾਸੋਂ ਕਟੀ ਜਾ ਰਹੀ ਰਾਸ਼ੀ ਅਦਾ ਨਹੀਂ ਕੀਤੀ ਜਾਵੇਗੀ ਅਤੇ ਬੁੱਧਵਾਰ ਨੂੰ ਜ਼ਿਲ ਾ ਅਧਿਕਾਰੀਆਂ ਨੂੰ ਇਸ ਸਬੰਧੀ ਇਕ ਵਫਦ ਵੀ ਮਿਲੇਗਾ।ਸਾਬਕ ਸਰਪੰਚ ਕਾਰਜ ਸਿੰਘ ਅਤੇ ਰੂਪ ਸਿੰਘ, ਕਿਸਾਨ ਆਗੂ ਫਰਮਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।

ਇਸ ਮੀਟਿੰਗ ਵਿੱਚ ਪਿੰਡ ਪੱਧਰੀ ਕਲਾਂ ਦੀ ਅਨਾਜ ਮੰਡੀ ਨਾਲ ਸਬੰਧਿਤ ਹੋਰਾਂ ਪਿੰਡਾਂ ਦੇ ਕਿਸਾਨਾਂ ਨੇ ਵੀ ਹਿੱਸਾ ਲਿਆ ।ਕਿਸਾਨਾਂ ਨੇ ਆਪਣੀ ਪੀੜਾ ਦੱਸਦਿਆਂ ਕਿਹਾ ਕਿ ਝੋਨੇ ਦੀ ਚੁਕਾਈ ਤੋਂ ਪਿੱਛੋਂ ਆੜ ਤੀਏ ਉਹਨਾਂ ਦੀ ਬਣਦੀ ਰਾਸ਼ੀ ਵਿਚੋਂ 50 ਰੁਪਏ ਤੋਂ 100 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਰਾਸ਼ੀ ਕੱਟ ਰਹੇ ਹਨ ਜੋ ਨਜਾਇਜ਼ ਹੈ।ਇਸ ਮੰਡੀ ਨਾਲ ਸਬੰਧਤ 8 ਆੜਤੀਆਂ ਨੂੰ ਫੋਨ ਉਤੇ ਮੀਟਿੰਗ ਵਿੱਚ ਆਉਣ ਤੇ ਜੁਆਬ ਦੇਣ ਲਈ ਕਿਹਾ ਗਿਆ ਸੀ।ਆੜ ਤੀਆਂ ਦੇ ਨੁਮਾਇੰਦੇ ਪਹੁੰਚੇ ਜਿਹਨਾਂ ਨੇ ਪਰਵਾਨ ਕੀਤਾ ਕਿ ਉਹ ਇਹ ਰਾਸ਼ੀ ਇਸ ਲਈ ਕੱਟ ਰਹੇ ਹਨ ਕਿਉਂਕਿ ਜਿੱਥੇ ਝੋਨਾ ਪਹੁੰਚ ਰਿਹਾ ਹੈ ਉਹ ਸ਼ੈੱਲਰ ਮਾਲਕ ਸਾਨੂੰ ਕਿਰਾਇਆ ਨਹੀਂ ਦੇ ਰਹੇ।ਆੜ ਤੀਆਂ ਵੱਲੋਂ ਸਕੱਤਰ ਸਿੰਘ ਨੇ ਆੜ ਤੀਆਂ ਦਾ ਪੱਖ ਰੱਖਿਆ ਜਦੋਂਕਿ ਸਾਹਮਣੇ ਤੱਥ ਇਹ ਆਇਆ ਕਿ ਸ਼ੈੱਲਰ ਮਾਲਕਾਂ ਨੂੰ ਕਿਰਾਇਆ ਸਰਕਾਰੀ ਖਰੀਦ ਏਜੰਸੀਆਂ ਨੇ ਅਦਾ ਕਰਨਾ ਹੈ।ਮੀਟਿੰਗ ਨੂੰ ਜਮਹੂਰੀ ਕਿਸਾਨ ਸਭਾ ਦੇ ਆਗੂ ਮਾਸਟਰ ਦਲਜੀਤ ਸਿੰਘ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਪਰਗਟ ਸਿੰਘ, ਸਾਹਿਬ ਸਿੰਘ ਗੱਗੋਬੂਹਾ, ਦਿਲਬਾਗ ਸਿੰਘ ਪੱਧਰੀ ਅਤੇ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ ਾ ਪ੍ਰਧਾਨ ਕਾਮਰੇਡ ਨਰਭਿੰਦਰ ਪੱਧਰੀ ਨੇ ਸੰਬੋਧਨ ਕੀਤਾ ਅਤੇ ਕਿਹਾ ਕਿ ਇਹ ਨਜਾਇਜ਼ ਵਸੂਲੀ ਹੈ।ਆੜ ਤੀਆਂ ਨੇ ਸ਼ੈਲਰ ਮਾਲਕਾਂ ਤੋਂ ਜੋ ਰਾਸ਼ੀ ਲੈਣੀ ਹੈ ਉਹ ਕਿਸਾਨਾਂ ਦੀ ਮਿਹਨਤ ਦੀ ਕਮਾਈ ਵਿਚੋਂ ਕੱਟਣਾ ਕਿਸੇ ਵੀ ਤਰ ਾਂ ਦਰੁਸਤ ਨਹੀਂ।ਆੜ ਤੀਏ ਕਿਸਾਨਾਂ ਤੋਂ ਵਸੂਲੀ ਬੰਦ ਕਰਨ ।ਇਸ ਮੀਟਿੰਗ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਉਹ ਅਜੇਹੀ ਨਜਾਇਜ਼ ਰਾਸ਼ੀ ਅਦਾ ਨਾ ਕਰਨ ਅਤੇ ਜੇਕਰ ਕੋਈ ਆੜ ਤੀਆ ਫਿਰ ਵੀ ਵਸੂਲੀ ਕਰਦਾ ਹੈ ਤਾਂ ਧਿਆਨ ਵਿੱਚ ਲਿਆਉਣ।ਮੀਟਿੰਗ ਨੇ ਇਹ ਵੀ ਪਾਸ ਕੀਤਾ ਕਿ ਬੁੱਧਵਾਰ ਇਸ ਮਾਮਲੇ ਦੇ ਸਬੰਧ ਵਿੱਚ ਜ਼ਿਲ ਾ ਅਧਿਕਾਰੀਆਂ ਨੂੰ ਵੀ ਮਿਲਿਆ ਜਾਵੇਗਾ।ਇਸ ਮੀਟਿੰਗ ਵਿਚ ਰਸ਼ਪਾਲ ਸਿੰਘ, ਗੁਰਨਾਮ ਸਿੰਘ, ਬਲਕਾਰ ਸਿੰਘ, ਬਲਦੇਵ ਸਿੰਘ, ਨਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਜਤਿੰਦਰ ਸਿੰਘ, ਸੁਰਿੰਦਰ ਸਿੰਘ, ਰਣਬੀਰ ਸਿੰਘ ਰਾਣਾ, ਹਰਭਜਨ ਸਿੰਘ, ਜਸਕਰਨ ਸਿੰਘ ਭੂਰੇ ਗਿੱਲ, ਬਲਜੀਤ ਸਿੰਘ ਭੂਰੇ, ਜਗਜੀਤ ਸਿੰਘ ਭੂਰ ਅਤੇ ਮਲਕੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।ਆੜ ਤੀਆਂ ਵੱਲੋਂ ਸਰਬਜੀਤ ਸਿੰਘ, ਕਾਰਜ ਸਿੰਘ, ਰਿਖੀ ਭਿੱਖੀਵਿੰਡ, ਅੰਗਰੇਜ਼ ਸਿੰਘ ਅਤੇ ਸ਼ਮਿੰਦਰ ਸਿੰਘ ਹਾਜ਼ਰ ਸਨ।

# ਐਡਵੋਕੇਟ ਧਾਮੀ ਨੇ ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਨੂੰ ਲਿਖਿਆ ਪੱਤਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਨੂੰ ਪੱਤਰ ਲਿਖ ਕੇ ਨਗਰ ਨਿਗਮ ਤੇ ਨਗਰ ਕੌਂਸਲ ਦੀਆਂ ਚੋਣਾਂ ਜਨਵਰੀ 2025 ਵਿਚ ਕਰਵਾਉਣ ਲਈ ਕਿਹਾ ਹੈ।ਪੱਤਰ ਵਿਚ ਕਿਹਾ ਗਿਆ ਹੈ ਕਿ ਦਸੰਬਰ ਮਹੀਨੇ ਦਾ ਦੂਜਾ ਪੰਦਰਵਾੜਾ ਸਿੱਖ ਇਤਿਹਾਸ ਅੰਦਰ ਵੱਡੀ ਮਹੱਤਤਾ ਰੱਖਦਾ ਹੈ ਕਿਉਂਕਿ ਇਨ ਾਂ ਦਿਨਾਂ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਪਿਆਰੇ ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ ਹਨ।ਉਨ ਾਂ ਕਿਹਾ ਕਿ ਸਿੱਖ ਕੌਮ ਇਨ ਾਂ ਦਿਨਾਂ 'ਚ ਭਾਵੁਕਤਾ ਅਤੇ ਵੈਰਾਗ ਵਿਚੋਂ ਲੰਘਦੀ ਹੈ ਅਤੇ ਆਪਣੇ ਸ਼ਹੀਦਾਂ ਦੇ ਸਤਿਕਾਰ ਵਜੋਂ ਕਿਸੇ ਵੀ ਤਰ ਾਂ ਦੇ ਖ਼ੁਸ਼ੀ ਵਾਲੇ ਸਮਾਗਮ ਕਰਨ ਤੋਂ ਗੁਰੇਜ਼ ਕਰਦੀ ਹੈ।ਸੰਗਤਾਂ ਵੱਲੋਂ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਇਹ ਦਿਹਾੜੇ ਸ਼ਰਧਾ ਪੂਰਵਕ ਮਨਾਏ ਜਾਂਦੇ ਹਨ।ਉਨ ਾਂ ਕਿਹਾ ਕਿ ਇਸ ਦੇ ਨਾਲ ਹੀ ਸਰਬੰਸਦਾਨੀ ਸ੍ਰੀ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਵੀ 6 ਜਨਵਰੀ 2025 ਨੂੰ ਆ ਰਿਹਾ ਹੈ, ਜੋ ਸਿੱਖ ਕੌਮ ਵੱਲੋਂ ਪੂਰੇ ਵਿਸ਼ਵ ਵਿਚ ਖ਼ਾਲਸਾਈ ਪ੍ਰੰਪਰਾਵਾਂ ਅਨੁਸਾਰ ਮਨਾਇਆ ਜਾਂਦਾ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਇਨ ਾਂ ਦਿਨਾਂ ਵਿਚ ਪੰਜਾਬ ਸਰਕਾਰ ਵੱਲੋਂ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਕਰਵਾਈਆਂ ਜਾਣੀਆਂ ਕਿਸੇ ਵੀ ਤਰ ਾਂ ਯੋਗ ਨਹੀਂ ਹੋਣਗੀਆਂ।ਉਨ ਾਂ ਕਿਹਾ ਕਿ ਸਿੱਖ ਸੰਗਤਾਂ ਵੱਲੋਂ ਵੱਡੇ ਪੱਧਰ 'ਤੇ ਸ਼੍ਰੋਮਣੀ ਕਮੇਟੀ ਤਕ ਪਹੁੰਚ ਕੀਤੀ ਜਾ ਰਹੀ ਹੈ ਕਿ ਇਨ ਾਂ ਚੋਣਾਂ ਦੀਆਂ ਤਰੀਕਾਂ ਸ਼ਹੀਦੀ ਪੰਦਰਵਾੜੇ ਅਤੇ ਦਸਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਨੂੰ ਧਿਆਨ ਵਿਚ ਰੱਖ ਕੇ ਤੈਅ ਕਰਨ ਲਈ ਸਰਕਾਰ ਤੱਕ ਪਹੁੰਚ ਕੀਤੀ ਜਾਵੇ।ਇਸ ਦੇ ਮੱਦੇਨਜ਼ਰ ਪੰਜਾਬ ਦੇ ਮੁੱਖ ਚੋਣ ਅਫ਼ਸਰ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਸਿੱਖ ਇਤਿਹਾਸ ਦੇ ਇਨ ਾਂ ਦਿਹਾੜਿਆਂ ਅਤੇ ਸੰਗਤਾਂ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਨਗਰ ਨਿਗਮ ਅਤੇ ਨਗਰ ਕੌਂਸਲਾਂ ਦੀਆਂ ਸਥਾਨਕ ਚੋਣਾਂ ਸਬੰਧੀ ਤਰੀਕਾਂ ਜਨਵਰੀ 2025 ਵਿਚ ਹੀ ਨਿਰਧਾਰਤ ਕੀਤੀਆਂ ਜਾਣ।

# ਸ਼ਰਾਰਤੀ ਅਨਸਰਾਂ ਤੇ ਨਸ਼ੇ ਦੇ ਸੁਦਾਗਰਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ : ਡੀ ਐੱਸ ਪੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡੇਰਾ ਬਾਬਾ ਨਾਨਕ ਦੇ ਸਰਹੱਦੀ ਇਲਾਕੇ ਅੰਦਰ ਕਿਸੇ ਵੀ ਸ਼ਰਾਰਤੀ ਅਨਸਰ ਜਾਂ ਨਸ਼ਿਆਂ ਦੇ ਸੌਦਾਗਰਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡੇਰਾ ਬਾਬਾ ਨਾਨਕ ਦੇ ਡੀਐੱਸਪੀ ਸਰਦਾਰ ਜੋਗਾ ਸਿੰਘ ਨੇ ਨਜ਼ਦੀਕੀ ਪਿੰਡ ਠੇਠਰਕੇ ਵਿਖੇ ਪੁਲਸ ਵੱਲੋਂ ਲਗਾਏ ਗਏ ਸਪੈਸ਼ਲ ਨਾਕੇ ਦੌਰਾਨ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਪੁਲਸ ਜ਼ਿਲਾ ਬਟਾਲਾ ਦੇ ਐੱਸਐੱਸਪੀ ਸੁਹੇਲ ਕਾਸਮਮੀਰ ਦੇ ਹੁਕਮਾਂ ਅਨੁਸਾਰ ਨਸ਼ਿਆਂ ਤੇ ਸ਼ਰਾਰਤੀ ਅਨਸਰਾਂ ਨੂੰ ਠੱਲ ਪਾਉਣ ਲਈ ਵਿੱਢੀ ਮੁਹਿੰਮ ਤਹਿਤ ਪੁਲਸ ਵੱਲੋਂ ਸਰਹੱਦੀ ਇਲਾਕੇ ਅੰਦਰ ਸਪੈਸ਼ਲ ਨਾਕੇ ਲਗਾਏ ਗਏ ਹਨ।ਉਹਨਾਂ ਦੱਸਿਆ ਕਿ ਇਸ ਚੈਕਿੰਗ ਦੌਰਾਨ ਅੱਜ 10 ਵਹੀਕਲਾਂ ਦੇ ਚਲਾਨ ਕੱਟੇ ਗਏ ਹਨ ਅਤੇ 3 ਕਾਰਾਂ ਤੇ 5 ਮੋਟਰਸਾਈਕਲ ਜੋ ਬਿਨਾਂ ਕਾਗਜ਼ਾਤ ਪਾਏ ਗਏ ਉਹਨਾਂ ਨੂੰ ਬਾਊਂਡ ਕੀਤਾ ਗਿਆ ਹੈ।ਉਹਨਾਂ ਡੇਰਾ ਬਾਬਾ ਨਾਨਕ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੁਲਸ ਦਾ ਸਾਥ ਦੇਣ ਤੇ ਇਲਾਕੇ ਅੰਦਰ ਨਸ਼ਾ ਵੇਚਣ ਵਾਲੇ ਤੇ ਸ਼ਰਾਰਤੀ ਅਨਸਰਾਂ ਦੀ ਸੂਚਨਾ ਤੁਰੰਤ ਪੁਲਸ ਨੂੰ ਦੇਣ ਤਾਂ ਕਿ ਇਸ ਸਰਹੱਦੀ ਇਲਾਕੇ ਅੰਦਰ ਨਸ਼ਿਆਂ ਤੇ ਗੁੰਡਾ ਅਨਸਰਾਂ ਨੂੰ ਠੱਲ ਪਾਈ ਜਾ ਸਕੇ।ਇਸ ਮੌਕੇ ਐੱਸਐੱਚਓ ਅਮਰਜੀਤ ਮਸੀਹ ਸਮੇਤ ਪੁਲਸ ਪਾਰਟੀ ਹਾਜ਼ਰ ਸਨ।

# ਔਜਲਾ ਨੇ ਜੇਠੂਵਾਲ ਤੋਂ ਤਲਵੰਡੀ ਦਸੌਂਧਾ ਸਿੰਘ ਨੂੰ ਜਾਂਦੀ ਸੜਕ ਦਾ ਰੱਖਿਆ ਨੀਂਹ ਪੱਥਰ



ਤਰਸਿੱਕਾ, ਤਰਸੇਮ ਸਿੰਘ ਸਾਧਪੁਰ)—ਮੈਂਬਰ ਲੋਕ ਸਭਾ ਗੁਰਜੀਤ ਸਿੰਘ ਔਜਲਾ ਨੇ ਪ੍ਰਧਾਨ ਮੰਤਰੀ ਗਰਾਮੀਣ ਯੋਜਨਾ ਦੇ ਤਹਿਤ ਜੇਠੂਵਾਲ ਪੁਲ ਜੋ ਇਲਾਕੇ ਦੀਆਂ ਬਹੁਤ ਸਾਰੀਆਂ ਪੰਚਾਇਤਾਂ ਦੀ ਜੇਠੂਵਾਲ ਨਹਿਰ ਦੇ ਪੁਲ ਦੀ ਮੰਗ ਸੀ ਜਿਸਨੂੰ ਪਹਿਲਾਂ ਹੀ ਪੂਰੀ ਕਰ ਦਿੱਤਾ ਗਿਆ ਸੀ ਤੇ ਉਹ ਪੁਲ ਲਗਭਗ ਚਾਰ ਕਰੋੜ ਦੀ ਕੀਮਤ ਨਾਲ ਚਾਲੂ ਵੀ ਕਰ ਦਿੱਤਾ ਗਿਆ ਤੇ ਹੁਣ ਬਹੁਤ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ ਜੇਠੂਵਾਲ ਤੋਂ ਤਲਵੰਡੀ ਦਸੌਂਧਾ ਸਿੰਘ ਤੱਕ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ ਜੋ ਦਸੰਬਰ ਦੇ ਆਖ਼ਰੀ ਹਫ਼ਤੇ ਤੱਕ ਪੂਰਾ ਕਰ ਦਿੱਤਾ ਜਾਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗੁਰਜੀਤ ਸਿੰਘ ਔਜਲਾ ਨੇ ਉਦਘਾਟਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨਾਂ ਕਿਹਾ ਕਿ ਇਸ ਪੁਲ ਤੇ ਸੜਕ ਦੇ ਬਣਨ ਨਾਲ ਅੰਮ੍ਰਿਤਸਰ ਮਹਿਤਾ ਰੋਡ ਨਾਲ ਮਿਲਾਪ ਹੋ ਜਾਵੇਗਾ।ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਗੁਰਜੀਤ ਸਿੰਘ ਔਜਲਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਉਨ ਾਂ ਕਿਹਾ ਕਿ ਅਗਾਮੀ ਸਮੇਂ ਵਿੱਚ ਹੋਰ ਵੀ ਜਿਹੜੀਆਂ ਸੜਕਾਂ ਦੀ ਮੁਰੰਮਤ ਜਾਂ ਚੌੜਿਆਂ ਕਰਨ ਦੀ ਲੋੜ ਹੈ ਉਹ ਸਾਰੀਆਂ ਮੰਗਾਂ ਲਿਖਤੀ ਤੌਰ 'ਤੇ ਔਜਲਾ ਸਾਹਿਬ ਨੂੰ ਦੇ ਦਿੱਤੀਆਂ ਜਾਣ ਤਾਂ ਜੋ ਮੈਂ ਸਮੇਂ ਸਿਰ ਉਹਨਾਂ ਦੀ ਵੀ ਪੈਰਵਾਈ ਕਰਕੇ ਬਣਵਾ ਸਕਾਂ। ਭਗਵੰਤ ਪਾਲ ਸਿੰਘ ਨੇ ਕਿਹਾ ਕਿ ਔਜਲਾ ਵੱਲੋਂ ਲੋਕ ਸਭਾ ਅੰਦਰ ਲੋਕਹਿੱਤ ਦੇ ਮੁੱਦਿਆਂ ਨੂੰ ਬਾਖੂਬੀ ਉਠਾਇਆ ਜਿਸਦੇ ਕਾਰਨ ਸਾਨੂੰ ਸਹੂਲਤਾਂ ਮਿਲ ਰਹੀਆਂ ਹਨ। ਇਸ ਮੌਕੇ ਗੁਰਮੇਜ ਸਿੰਘ ਜੇਠੂਵਾਲ, ਬਲਾਕ ਪ੍ਰਧਾਨ ਨਵਤੇਜ ਪਾਲ ਸਿੰਘ, ਸੁੱਖਰਾਜ ਸਿੰਘ ਰੰਧਾਵਾ, ਜਰਮਨਜੀਤ ਸਿੰਘ ਤਲਵੰਡੀ ਦਸੌਂਧਾ ਸਿੰਘ, ਸਰਪੰਚ ਜੋਬਨ ਦੁਧਾਲਾ, ਸਰਪੰਚ ਅਮਨ ਖੁਸ਼ੀਪੁਰ, ਕੌਂਸਲਰ ਨਵਦੀਪ ਸਿੰਘ ਸੋਨਾ ਮਜੀਠਾ, ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਨਵਤੇਜਪਾਲ ਸਿੰਘ ਸੋਹੀਆਂ, ਸੁੱਖਰਾਜ ਸਿੰਘ ਰੰਧਾਵਾ, ਸੁਲੱਖਣ ਸਿੰਘ ਕੱਥੂਨੰਗਲ, ਡਾ. ਸੁੱਖਵਿੰਦਰ ਸਿੰਘ ਰੰਧਾਵਾ, ਝਿਲਮਿਲ ਸਿੰਘ ਬਾਠ, ਮਲਕੀਤ ਸਿੰਘ ਮੈਂਬਰ, ਹਰਜੀਤ ਸਿੰਘ, ਕੁੰਨਣ ਸਿੰਘ, ਸੁੱਚਾ ਸਿੰਘ, ਹੀਰਾ ਸਿੰਘ, ਬੀਬੀ ਰਾਜੀ, ਹਰਪਾਲ ਸਿੰਘ ਮੱਲੂਵਾਲ, ਰਣਜੀਤ ਸਿੰਘ ਮਜਵਿੰਡ ਤੇ ਹੋਰ ਵੀ ਆਗੂ ਹਾਜ਼ਰ ਸਨ।

# 3 ਰੋਜ਼ਾ ਓਪਨ ਪੰਜਾਬ ਫੁੱਟਬਾਲ ਟੂਰਨਾਮੈਂਟ ਦਾ ਸ਼ਾਨਦਾਰ ਆਗਾਜ਼



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**—ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਖੇਡ ਮੈਦਾਨ ਵਿਖੇ 'ਸਵ: ਜੋਗਿੰਦਰ ਸਿੰਘ ਮਾਨ ਯਾਦਗਾਰੀ ਓਪਨ ਪੰਜਾਬ ਫੁੱਟਬਾਲ ਟੂਰਨਾਮੈਂਟ' ਦਾ ਸ਼ਾਨਦਾਰ ਰਸਮੀ ਤੌਰ 'ਤੇ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ: ਚਾਂਸਲਰ ਅਤੇ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਗੁਬਾਰੇ ਛੱਡ ਕੇ ਸ਼ਾਨਦਾਰ ਆਗਾਜ਼ ਕੀਤਾ ਗਿਆ।ਖ਼ਾਲਸਾ ਫੁੱਟਬਾਲ ਕਲੱਬ (ਰਜਿ.) ਦੇ ਪ੍ਰਧਾਨ ਮਨਵਿੰਦਰ ਸਿੰਘ ਅਟਾਰੀ ਵੱਲੋਂ ਅਤੇ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ 3 ਰੋਜ਼ਾ ਓਪਨ ਪੰਜਾਬ ਫੁੱਟਬਾਲ ਟੂਰਨਾਮੈਂਟ 'ਚ ਖ਼ਾਲਸਾ ਫੁੱਟਬਾਲ ਕਲੱਬ, ਚੱਕ ਸਿਕੰਦਰ, ਕੁਲਜੀਤ ਫੁੱਟਬਾਲ ਅਕੈਡਮੀ,ਕਾਲਾ ਅਫ਼ਗਾਨਾ, ਖੱਬੇ ਡੋਗਰਾ, ਥਾਂਦੇ, ਯੰਗਸਟਾਰ ਫੁੱਟਬਾਲ ਕਲੱਬ, ਰੰਧਾਵਾ ਕਲੱਬ ਤਰਨ ਤਾਰਨ, ਆਰਮੀ ਕਲੱਬ, ਪੰਜਾਬ ਅਕੈਡਮੀ ਆਦਿ ਸਮੇਤ ਸੂਬੇ ਭਰ ਤੋਂ 12 ਟੀਮਾਂ ਨੇ ਹਿੱਸਾ ਲਿਆ। ਖਿਡਾਰੀਆਂ ਨਾਲ ਜਾਣ-ਪਛਾਣ ਕਰਨ ਉਪਰੰਤ ਵਿਦਿਆਰਥੀਆਂ ਨੂੰ ਪੜ ਾਈ ਦੇ ਨਾਲ-ਨਾਲ ਖੇਡਾਂ ਵੱਲ ਉਤਸ਼ਾਹਿਤ ਕਰਦਿਆਂ ਸ: ਛੀਨਾ ਨੇ ਕਿਹਾ ਕਿ ਖੇਡਾਂ ਸਾਡੇ ਸਰੀਰ ਅਤੇ ਦਿਮਾਗ ਦਾ ਸਮੁੱਚਾ ਵਿਕਾਸ ਕਰਦੀਆਂ ਹਨ।ਉਨ ਾਂ ਕਿਹਾ ਕਿ ਸਵ: ਜੋਗਿੰਦਰ ਸਿੰਘ ਮਾਨ ਦੀ ਖੇਡਾਂ ਪ੍ਰਤੀ ਪ੍ਰਸੰਸਾਯੋਗ ਦੇਣ ਹੈ।2 ਦਸੰਬਰ ਤੱਕ ਚੱਲਣ ਵਾਲੇ ਟੂਰਨਾਮੈਂਟ ਦੇ ਪਹਿਲੇ ਦਿਨ 4 ਮੈਚ ਕਰਵਾਏ ਗਏ ਜਿਸ 'ਚ ਪਹਿਲਾ ਮੈਚ ਖ਼ਾਲਸਾ ਸਕੂਲ ਅਤੇ ਕੁਲਜੀਤ ਫੁਟਬਾਲ ਅਕੈਡਮੀ ਦਰਮਿਆਨ ਹੋਇਆ, ਜਿਸ 'ਚ ਕੁਲਜੀਤ ਅਕੈਡਮੀ ਨੇ 2-0 ਨਾਲ ਜਿੱਤ ਹਾਸਲ ਕੀਤੀ।ਇਸੇ ਤਰ ਾਂ ਦੂਸਰਾ ਮੈਚ ਚੱਕ ਸਿਕੰਦਰ ਅਤੇ ਥਾਂਦੇ ਦਰਮਿਆਨ ਹੋਇਆ, ਜਿਸ 'ਚ ਚੱਕ ਸਿਕੰਦਰ ਨੇ 4-0 ਨਾਲ ਜਿੱਤ ਹਾਸਲ ਕੀਤੀ, ਤੀਸਰਾ ਮੈਚ ਰੰਧਾਵਾ ਕਲੱਬ ਅਤੇ ਖੱਬੇ ਡੋਗਰਾ ਵਿਚਕਾਰ ਹੋਇਆ, ਜਿਸ 'ਚ ਰੰਧਾਵਾ ਕਲੱਬ 3-0 ਦੇ ਫ਼ਰਕ ਨਾਲ ਅੱਗੇ ਚੱਲ ਰਿਹਾ ਸੀ।ਜਦ ਕਿ ਖ਼ਬਰ ਲਿਖੇ ਜਾਣ ਤੱਕ ਚੌਥਾ ਮੈਚ ਯੰਗ ਸਟਾਰ ਅਤੇ ਆਰਮੀ ਕਲੱਬ ਵਿਚਾਲੇ ਹੋਣਾ ਅਜੇ ਬਾਕੀ ਸੀ।ਇਸ ਮੌਕੇ ਅੰਮ੍ਰਿਤਪਾਲ ਸਿੰਘ ਮਾਹਨਾ, ਦਵਿੰਦਰ ਸਿੰਘ, ਸਰਬਜੀਤ ਸਿੰਘ ਪਿੰਕਾ, ਕੋਚ ਭੁਪਿੰਦਰਪਾਲ ਸਿੰਘ ਲੂਸੀ, ਸਵਰਨ ਸਿੰਘ, ਰਾਜੀਵ ਕੁਮਾਰ, ਫੁੱਟਬਾਲ ਕੋਚ ਸ: ਦਲਜੀਤ ਸਿੰਘ, ਕੋਚ ਚੰਦੂ, ਸਵਰਨ ਸਿੰਘ, ਅਸ਼ੋਕ ਕੁਮਾਰ, ਮਲਕੀਤ ਸਿੰਘ, ਅੰਡਰ ਸੈਕਟਰੀ ਡੀ. ਐੱਸ. ਰਟੌਲ, ਰਣਕੀਰਤ ਸਿੰਘ ਸੰਧੂ ਆਦਿ ਹੋਰ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ।

# ਮੇਜਰ ਸਿੰਘ ਮੰਨਣ ਨੂੰ ਸਦਮਾ, ਭਰਾ ਦਾ ਦਿਹਾਂਤ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਦੇ ਪ੍ਰਧਾਨ ਮੇਜਰ ਸਿੰਘ ਮੰਨਣ ਦੇ ਭਰਾ ਅਮਰਜੀਤ ਸਿੰਘ ਦਾ ਦਿਹਾਂਤ ਹੋ ਗਿਆ ਜਿਸ ਨਾਲ ਨਾ ਸਿਰਫ ਪਰਿਵਾਰ ਨੂੰ ਸਗੋਂ ਉਗਰਾਹਾਂ ਜਥੇਬੰਦੀ ਨੂੰ ਵੀ ਨਾ ਪੂਰਾ ਹੋਣ ਵਾਲਾ ਬਹੁਤ ਵੱਡਾ ਘਾਟਾ ਪਿਆ। ਦੁੱਖ ਦੀ ਇਸ ਘੜੀ ਮੌਕੇ ਪ੍ਰਧਾਨ ਮੱਸਾ ਸਿੰਘ ਢੰਡ, ਅਮਰਜੀਤ ਸਿੰਘ ਢੰਡ, ਪ੍ਰਧਾਨ ਦਿਲਬਾਗ ਸਿੰਘ ਐਮਾ, ਸਰਬਜੀਤ ਸਿੰਘ ਐਮਾ, ਪ੍ਰਤਾਪ ਸਿੰਘ ਐਮਾ, ਝੰਡਾ ਸਿੰਘ ਪੰਜਵੜ , ਪ੍ਰਧਾਨ ਜਸਵੰਤ ਸਿੰਘ ਸੋਹਲ, ਆਤਮਾ ਸਿੰਘ ਸੋਹਲ, ਦਿਲਬਾਗ ਸਿੰਘ ਸੋਹਲ, ਅਵਤਾਰ ਸਿੰਘ ਮੰਨਣ, ਮੰਗਾ ਸਿੰਘ ਮੰਨਣ, ਸੀਨੀਅਰ ਮੀਤ ਪ੍ਰਧਾਨ ਜਸਵੰਤ ਸਿੰਘ ਮੰਨਣ, ਸੋਨਾ ਸਿੰਘ ਮੰਨਣ, ਬਾਬਾ ਸੁਖਦੇਵ ਸਿੰਘ ਮੰਨਣ, ਗੁਰਮੇਜ ਸਿੰਘ ਮੰਨਣ, ਕਾਮਰੇਡ ਦਵਿੰਦਰ ਸਿੰਘ ਸੋਹਲ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਅੰਤਿਮ ਅਰਦਾਸ ਸਥਾਨਕ ਗੁਰਦੁਆਰਾ ਸਾਹਿਬ ਵਿਖੇ 9 ਦਸੰਬਰ ਦਿਨ ਸੋਮਵਾਰ ਨੂੰ ਕੀਤੀ ਜਾਵੇਗੀ।

# ਕਰੋੜਾਂ ਦੀ ਲਾਗਤ ਨਾਲ ਬਣੀ ਸੜਕ ਦਾ ਗੁਰਜੀਤ ਔਜਲਾ ਵੱਲੋਂ ਉਦਘਾਟਨ



**ਮਜੀਠਾ (ਸੋਇਮ ਆਨੰਦ)**-ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਐੱਮ ਪੀ. ਗੁਰਜੀਤ ਸਿੰਘ ਔਜਲਾ ਵੱਲੋਂ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਬਣਾਈ ਗਈ ਸੜਕ ਦਾ ਉਦਘਾਟਨ ਹਲਕਾ ਇੰਚਾਰਜ ਭਗਵੰਤਪਾਲ ਸਿੰਘ ਸੱਚਰ ਤੇ ਹੋਰ ਕਾਂਗਰਸੀ ਆਗੂਆਂ ਦੀ ਹਾਜ਼ਰੀ ਵਿੱਚ ਕੀਤਾ ਗਿਆ।ਕੇਂਦਰੀ ਫੰਡਾਂ ਨਾਲ ਪੰਜਾਬ ਮੰਡੀ ਬੋਰਡ ਵੱਲੋਂ ਤਿਆਰ ਕੀਤੀ ਗਈ ਇਹ ਸੜਕ ਤਲਵੰਡੀ ਤੋਂ ਹਮਜਾ ਰੋਡ ਅਤੇ ਮਜੀਠਾ ਹਰੀਆਂ, ਬੇਗੋਵਾਲ ਤੱਕ ਕਰੀਬ 2 ਕਿਲੋਮੀਟਰ ਸੜਕ ਬਣਾਈ ਗਈ ਹੈ ਜਿਸ 'ਤੇ ਕੁੱਲ ਲਾਗਤ ਕਰੀਬ 9 ਕਰੋੜ ਰੁਪਏ ਆਈ ਹੈ ਜਿਸ ਵਿਚ ਤਲਵੰਡੀ ਤੇ ਹਮਜਾ ਰੋਡ ਅਤੇ ਮਜੀਠਾ ਤੋਂ ਵਾਇਆ ਹਰੀਆਂ ਪਿੰਡ ਬੇਗੋਵਾਲ ਤੱਕ ਇਹ ਸੜਕ ਦਾ ਕੰਮ ਮੁਕੰਮਲ ਹੋਇਆ ਹੈ, ਜਿਸ ਦਾ ਰਸਮੀ ਤੌਰ 'ਤੇ ਔਜਲਾ ਵਲੋਂ ਉਦਘਾਟਨ ਕੀਤਾ ਗਿਆ।ਪੱਤਰਕਾਰਾਂ ਨਾਲ ਗੱਲ ਕਰਦਿਆਂ ਔਜਲਾ ਨੇ ਕਿਹਾ ਕਿ ਕੇਂਦਰੀ ਫੰਡ ਲਿਆ ਕੇ ਵਿਕਾਸ ਕਾਰਜ ਕਰਾਉਣੇ ਉਨ ਾਂ ਦਾ ਮੁੱਢਲਾ ਫਰਜ਼ ਹੈ ਪਰ ਮੌਜੂਦਾ ਰਾਜ ਸਰਕਾਰ ਆਪਣੇ ਕੰਮਾਂ ਤੋਂ ਭੱਜ ਰਹੀ ਹੈ।ਉਨ ਾਂ ਹਲਕਾ ਵਿਧਾਇਕ ਅਤੇ ਪਿੰਡਾਂ ਦੀਆਂ ਪੰਚਾਇਤਾ ਨੂੰ ਇਹ ਵੀ ਕਿਹਾ ਕਿ ਲੋਕ ਆਪਣੇ ਇਲਾਕੇ ਦੀਆਂ ਵਿਕਾਸ ਸਬੰਧੀ ਮੰਗਾਂ ਲਿਖਤੀ ਤੌਰ 'ਤੇ ਉਨ ਾਂ ਤੱਕ ਪਹੁੰਚਾਉਣ ਤਾਂ ਜੋ ਕੇਂਦਰੀ ਫੰਡਾਂ ਰਾਹੀ ਹਲਕੇ ਦੇ ਵਿਕਾਸ ਕਾਰਜ ਨੇਪਰੇ ਚਾੜੇ ਜਾਣ।ਪੱਤਰਕਾਰਾਂ ਵੱਲੋਂ ਮਜੀਠਾ ਤੋਂ ਦਾਦੂਪੁਰਾ ਜਾਣ ਵਾਲੀ ਸੜਕ ਦੀ ਮਾੜੀ ਹਾਲਤ ਬਾਰੇ ਪੁੱਛਣ 'ਤੇ ਔਜਲਾ ਨੇ ਕਿਹਾ ਕਿ ਇਹ ਹੁਣ ਉਨ ਾਂ ਦੇ ਧਿਆਨ ਵਿੱਚ ਆਇਆ ਹੈ, ਇਸ ਸਬੰਧੀ ਅੱਜ ਹੀ ਅਧਿਕਾਰੀਆਂ ਨਾਲ ਗਲ ਕੀਤੀ ਜਾਵੇਗੀ, ਜਿਸ ਦੇ ਸੋਮਵਾਰ ਤੱਕ ਨਤੀਜੇ ਸਾਹਮਣੇ ਹੋਣਗੇ।ਹਲਕਾ ਇੰਚਾਰਜ ਭਗਵੰਤਪਾਲ ਸਿੰਘ ਸੱਚਰ, ਸ਼ਹਿਰੀ ਪ੍ਰਧਾਨ ਤੇ ਕੌਂਸਲਰ ਨਵਦੀਪ ਸਿੰਘ ਸੋਨਾ ਤੇ ਪਰਮਜੀਤ ਸਿੰਘ ਪੰਮਾ ਨੇ ਔਜਲਾ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਔਜਲਾ ਨਾਲ ਹਲਕਾ ਇੰਚਾਰਜ ਭਗਵੰਤਪਾਲ ਸਿੰਘ ਸੱਚਰ, ਕਾਂਗਰਸ ਬਲਾਕ ਮਜੀਠਾ ਦੇ ਸ਼ਹਿਰੀ ਪ੍ਰਧਾਨ ਕੌਂਸਲਰ ਨਵਦੀਪ ਸਿੰਘ ਸੋਨਾ, ਕੌਂਸਲਰ ਪਰਮਜੀਤ ਸਿੰਘ ਪੰਮਾ, ਬਲਾਕ ਮਜੀਠਾ ਦਿਹਾਤੀ ਪ੍ਰਧਾਨ ਨਵਤੇਜ ਸਿੰਘ ਸੋਹੀ, ਜਗਦੀਪ ਸਿੰਘ ਗੋਗਾ ਮਜੀਠਾ, ਐਕਸੀਅਨ ਮੰਡੀ ਬੋਰਡ ਹਰਚਰਨ ਸਿੰਘ ਰੰਧਾਵਾ, ਐੱਸਡੀਓ ਜਤਿੰਦਰ ਸਿੰਘ, ਜੇਈ ਮਿਲਨਪ੍ਰੀਤ ਸਿੰਘ, ਸਰਪੰਚ ਲਖਵਿੰਦਰ ਸਿੰਘ ਬੇਗੋਵਾਲ, ਸਰਪੰਚ ਨਿਸ਼ਾਨ ਸਿੰਘ ਭੰਗਾਲੀ, ਗੁਰਮੀਤ ਸਿੰਘ ਭੀਲੋਵਾਲ ਸਾਬਕਾ ਚੇਅਰਮੈਨ, ਸਾਬਕਾ ਸਰਪੰਚ ਮਨੋਹਰ ਲਾਲ ਗਾਲੋਵਾਲੀ, ਪੱਪੀ ਭੱਲਾ, ਸਰਪੰਚ ਮੰਗਾ ਸਮੇਤ ਵੱਡੀ ਗਿਣਤੀ ਵਿਚ ਕਾਂਗਰਸੀ ਵਰਕਰ ਅਤੇ ਇਲਾਕਾ ਵਾਸੀ ਹਾਜ਼ਰ ਸਨ।

# ਪਹਿਲ ਦੇ ਆਧਾਰ 'ਤੇ ਕਰਵਾਏ ਜਾਣਗੇ ਪਿੰਡ ਬਲੱਗਣ ਦੇ ਵਿਕਾਸ ਕਾਰਜ : ਕੁਲਵਿੰਦਰ ਕੌਰ/ਰਾਜਵਿੰਦਰ ਸਿੰਘ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪਿੰਡ ਬਲੱਗਣ ਦੇ ਵਿਕਾਸ ਕਾਰਜ ਪਹਿਲ ਦੇ ਆਧਾਰ ਤੇ ਕਰਵਾਏ ਜਾਣਗੇ ਅਤੇ ਪਿੰਡ ਦੇ ਵਿੱਚ ਹਰੇਕ ਪਿੰਡ ਵਾਸੀ ਨੂੰ ਨਾਲ ਲੈ ਕੇ ਪਿੰਡ ਦੇ ਵਿਕਾਸ ਨੂੰ ਤਰਜੀਹ ਦਿੱਤੀ ਜਾਵੇਗੀ। ਕਿਸੇ ਤਰ ਾਂ ਦਾ ਕੋਈ ਵੀ ਵਿਤਕਰਾ ਪਿੰਡ ਵਿੱਚ ਨਹੀਂ ਕੀਤਾ ਜਾਵੇਗਾ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਪੈਂਦੇ ਪਿੰਡ ਬਲੱਗਣ ਦੇ ਸਰਪੰਚ ਕੁਲਵਿੰਦਰ ਕੌਰ ਅਤੇ ਉਹਨਾਂ ਦੇ ਪਤੀ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਕੁੱਲ 553 ਵੋਟਾਂ ਸਨ ਜਿਸ ਵਿੱਚ ਉਹ 381 ਵੋਟਾਂ ਪੋਲ ਹੋਈਆਂ ਅਤੇ 70 ਵੋਟਾਂ ਤੇ ਉਹ ਜੇਤੂ ਰਹੇ ।ਇਸ ਦੌਰਾਨ ਉਹਨਾਂ ਦੇ ਨਾਲ ਹਰਪਿੰਦਰ ਸਿੰਘ ਅਮਨਦੀਪ ਸਿੰਘ, ਰਣਜੀਤ ਕੌਰ, ਅਮਰਜੀਤ ਕੌਰ ਮੈਂਬਰ ਬਣੇ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਦੇ ਸਰਪੰਚ ਅਤੇ ਉਹਨਾਂ ਦੇ ਪਤੀ ਨੇ ਦੱਸਿਆ ਕਿ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਕੋਈ ਵੀ ਕਸਰ ਨਹੀਂ ਛੱਡੀ ਜਾਵੇਗੀ।ਪਿੰਡ ਨੂੰ ਹਰ ਤਰ ਾਂ ਤੋਂ ਸੁੰਦਰ ਤਰੀਕੇ ਨਾਲ ਬਣਾਇਆ ਜਾਏਗਾ।ਪਿੰਡ ਵਿੱਚ ਹਰ ਤਰ ਾਂ ਦੀ ਸਹੂਲਤ ਲੋਕਾਂ ਨੂੰ ਮੁਹੱਈਆ ਕਰਵਾਈ ਜਾਵੇਗੀ।ਇਸ ਮੌਕੇ ਉਨਾਂ ਨੇ ਆਪਣੇ ਪਿੰਡ ਦੇ ਸਮੂਹ ਵੋਟਰਾਂ ਸਪੋਟਰਾਂ ਤੇ ਸਮਰਥਕਾਂ ਦਾ ਧੰਨਵਾਦ ਕੀਤਾ।ਉਨ ਾਂ ਕਿਹਾ ਕਿ ਉਹ ਆਪਣੇ ਵੋਟਰਾਂ/ਸਪੋਰਟਰਾਂ ਤੇ ਸਮਰਥਕਾਂ ਦੇ ਹਮੇਸ਼ਾ ਹੀ ਰਿਣੀ ਰਹਿਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤੋਖ ਸਿੰਘ, ਅਜੀਤ ਸਿੰਘ, ਸਤਨਾਮ ਸਿੰਘ, ਸਿਕੰਦਰ ਸਿੰਘ, ਸੁਖਦੇਵ ਸਿੰਘ, ਗੁਰਮੇਲ ਸਿੰਘ, ਨਿਸ਼ਾਨ ਸਿੰਘ, ਤਾਰਾ ਸਿੰਘ, ਕੁਲਦੀਪ ਸਿੰਘ, ਗੁਰਵਿੰਦਰ ਸਿੰਘ, ਅਜੀਤ ਸਿੰਘ, ਮੰਗਲ ਸਿੰਘ, ਗੁਰਚਰਨ ਸਿੰਘ, ਹਰਦੇਵ ਸਿੰਘ ਆਦਿ ਹਾਜ਼ਰ ਸਨ।

# 6 ਨੂੰ ਦਿੱਲੀ ਕੂਚ ਕਰਨ ਸੰਬੰਧੀ ਪਿੰਡਾਂ 'ਚ ਕਰਵਾਈਆਂ ਤਿਆਰੀਆਂ : ਪੰਡੋਰੀ ਸਿੱਧਵਾਂ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਵੱਲੋਂ 4 ਦਸੰਬਰ ਨੂੰ ਸ਼ੰਭੂ ਬਾਰਡਰ ਮੋਰਚੇ ਅਤੇ 6 ਤਰੀਕ ਦੇ ਦਿੱਲੀ ਕੂਚ ਦੇ ਐਲਾਨ ਦੇ ਚਲਦੇ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਤਿਆਰੀਆਂ ਕਰਵਾਈਆਂ। ਇਸ ਮੌਕੇ ਜ਼ਿਲਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਆਗੂ ਬਲਜੀਤ ਸਿੰਘ ਰਟੌਲ, ਜ਼ੋਨ ਖਜਾਨਚੀ ਹਰਜਿੰਦਰ ਸਿੰਘ ਪੰਡੋਰੀ ਸਿੱਧਵਾਂ, ਪ੍ਰਧਾਨ ਨਵਜੀਤ ਸਿੰਘ ਗੋਹਲਵੜ ਨੇ ਦੱਸਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਮਿਲ ਕੇ ਕਿਸਾਨ, ਮਜ਼ਦੂਰ ਅੰਦੋਲਨ ਦੀਆਂ ਮੰਨੀਆਂ ਹੋਈਆਂ ਮੰਗਾਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਸਭ ਹਥਕੰਡੇ ਵਰਤ ਰਹੀਆਂ ਹਨ।ਦੇਸ਼ ਦੇ ਲੋਕ ਅੰਦੋਲਨ ਦੀਆਂ ਮੰਗਾਂ ਨਾਲ ਦਿਲੋਂ ਜੁੜੇ ਹੋਏ ਹਨ ਅਤੇ ਇਸ ਤਰ ਾਂ ਮੋਰਚੇ ਦੇ ਲੀਡਰਾਂ ਨੂੰ ਗ੍ਰਿਫਤਾਰ ਕਰਨ ਨਾਲ ਲੋਕਾਂ ਦੇ ਹੌਸਲੇ ਟੁੱਟਣ ਵਾਲੇ ਨਹੀਂ ਸਗੋਂ ਹੋਰ ਵੀ ਬੁਲੰਦ ਹੋਣਗੇ। ਕਿਸਾਨ ਆਗੂਆਂ ਦੱਸਿਆ ਕਿ ਅੰਦੋਲਨ ਦੀ ਬਿਜਲੀ ਵਿਭਾਗ ਨਾਲ ਸਬੰਧਤ ਅਹਿਮ ਮੰਗ ਨੂੰ ਦਰਕਿਨਾਰ ਕਰਦੇ ਹੋਏ ਪੰਜਾਬ ਅਤੇ ਕੇਂਦਰ ਸਰਕਾਰ ਪ੍ਰੀਪੇਡ ਮੀਟਰ ਲਗਾ ਕੇ ਵਿਭਾਗ ਦਾ ਪੂਰਨ ਨਿੱਜੀਕਰਣ ਕਰਨ ਵੱਲ ਵਧ ਰਹੀ ਹੈ, 6 ਦਸੰਬਰ ਨੂੰ ਦਿੱਲੀ ਕੂਚ ਵੇਲੇ ਸੀਨੀਅਰ ਆਗੂ ਜੱਥੇ ਨੂੰ ਲੀਡ ਕਰਨਗੇ। ਸ਼ੰਭੂ ਬਾਰਡਰ ਤੇ ਸਰਕਾਰ ਵੱਲੋਂ ਰਸਤਾ ਖੋਲੇ ਜਾਣ ਦੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਜੋ ਕਿ ਸਰਾਸਰ ਝੂਠ ਹੈ। ਉਨ ਾਂ ਵੱਧ ਤੋਂ ਵੱਧ ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਨੂੰ ਸ਼ੰਭੂ ਅਤੇ ਖਨੌਰੀ ਬਾਰਡਰ ਤੇ ਪਹੁੰਚਣ ਦੀ ਅਪੀਲ ਕੀਤੀ।ਇਸ ਮੌਕੇ ਪ੍ਰਧਾਨ ਗੁਰਮੀਤ ਸਿੰਘ ਐਮਾ ਕਲਾਂ, ਰਣਜੀਤ ਸਿੰਘ ਐਮਾ ਕਲਾਂ, ਗੁਰਦੇਵ ਸਿੰਘ ਐਮਾ ਕਲਾਂ, ਮੰਗਲ ਸਿੰਘ ਐਮਾ ਕਲਾਂ, ਹਰਪਿੰਦਰ ਸਿੰਘ ਐਮਾ ਕਲਾਂ, ਗੁਰਮੀਤ ਸਿੰਘ ਐਮਾ ਕਲਾਂ, ਬਲਵਿੰਦਰ ਸਿੰਘ ਐਮਾ ਕਲਾਂ, ਕਰਤਾਰ ਸਿੰਘ ਐਮਾ ਕਲਾਂ, ਡਾ. ਬੋਹੜੂ, ਰਮਨਜੀਤ ਸਿੰਘ ਐਮਾ ਕਲਾਂ ਆਦਿ ਮੀਟਿੰਗ ਵਿੱਚ ਹਾਜ਼ਰ ਸਨ ।

# ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਪਾਸਪੋਰਟ ਮੰਗੇ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖ਼ਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜੇ ਜਾਣ ਵਾਲੇ ਜਥੇ ਲਈ ਪਰਕਿਰਿਆ ਆਰੰਭ ਕਰਦਿਆਂ 25 ਦਸੰਬਰ 2024 ਤੱਕ ਸ਼ਰਧਾਲੂਆਂ ਪਾਸੋਂ ਪਾਸਪੋਰਟ ਮੰਗੇ ਗਏ ਹਨ। ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਖ਼ਾਲਸਾ ਸਾਜਾ ਦਿਵਸ ਸਬੰਧੀ ਸਮਾਗਮਾਂ ਵਿਚ ਸ਼ਮੂਲੀਅਤ ਲਈ ਹਰ ਸਾਲ ਦੀ ਤਰ ਾਂ ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਦਾ ਜਥਾ ਜਾਵੇਗਾ।ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਪ੍ਰੈਲ 2025 ਵਿਚ ਖਾਲਸਾ ਸਾਜਨਾ ਦਿਵਸ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਿਆ ਜਾਵੇਗਾ, ਜੋ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਮੁੱਖ ਸਮਾਗਮ 'ਚ ਸ਼ਮੂਲੀਅਤ ਤੋਂ ਇਲਾਵਾ ਉਥੇ ਸਥਿਤ ਹੋਰਨਾਂ ਗੁਰਧਾਮਾਂ ਦੇ ਵੀ ਦਰਸ਼ਨ ਕਰੇਗਾ। ਉਨ ਾਂ ਕਿਹਾ ਕਿ ਇਸ ਜਥੇ ਵਿਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ 25 ਦਸੰਬਰ 2024 ਤੱਕ ਸ਼੍ਰੋਮਣੀ ਕਮੇਟੀ ਦਫ਼ਤਰ 'ਚ ਯਾਤਰਾ ਵਿਭਾਗ ਵਿਖੇ ਜਮ ਾ ਕਰਵਾ ਸਕਦੇ ਹਨ।ਉਨ ਾਂ ਦੱਸਿਆ ਕਿ ਸ਼ਰਧਾਲੂਆਂ ਲਈ ਆਪੋ-ਆਪਣੇ ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਪਾਸੋਂ ਸਿਫ਼ਾਰਸ਼ ਕਰਵਾਉਣੀ ਜ਼ਰੂਰੀ ਹੈ ਅਤੇ ਇਸ ਦੇ ਨਾਲ ਹੀ ਆਪਣੀ ਪਛਾਣ ਦੇ ਸਬੂਤ ਵਜੋਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਫੋਟੋ ਕਾਪੀ ਵੀ ਦਿੱਤੀ ਜਾਵੇ।ਉਨ ਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਦਿੱਤੇ ਸਮੇਂ ਤੱਕ ਆਪਣੇ ਪਾਸਪੋਰਟ ਜਮ ਾ ਕਰਵਾਉਣ ਤਾਂ ਜੋ ਵੀਜ਼ਾ ਪਰਕਿਰਿਆ ਲਈ ਕਾਰਵਾਈ ਸਮੇਂ ਸਿਰ ਕੀਤੀ ਜਾ ਸਕੇ।

# ਆਮ ਆਦਮੀ ਪਾਰਟੀ ਨੇ ਹਮੇਸ਼ਾ ਪੰਜਾਬ ਤੇ ਪੰਜਾਬੀਅਤ ਦੀ ਗੱਲ ਕੀਤੀ : ਸਰਪੰਚ ਗੁਰਨਾਮ ਸਿੰਘ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਗਾਤਾਰ ਪੰਜਾਬ ਦੇ ਅੰਦਰ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਤਹਿਤ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਸ ਦੇ ਤਹਿਤ ਹੀ ਹਲਕਾ ਬਟਾਲਾ ਦੇ ਵਿੱਚ ਬਟਾਲਾ ਤੋਂ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਬਟਾਲਾ ਹਲਕੇ ਨੂੰ ਅਤੇ ਪਿੰਡਾਂ ਨੂੰ ਵੱਡੇ ਪੱਧਰ ਤੇ ਵਿਕਾਸ ਪੱਖੋਂ ਮੋਹਰੀ ਬਣਾਇਆ ਹੈ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਬਟਾਲਾ ਅਧੀਨ ਪੈਂਦੇ ਪਿੰਡ ਬਿਧੀਪੁਰ ਤੋਂ ਸਰਪੰਚ ਗੁਰਨਾਮ ਸਿੰਘ ਐੱਸਸੀ ਵਿੰਗ ਦੇ ਹਲਕਾ ਇੰਚਾਰਜ ਦੇ ਵੱਲੋਂ ਕੀਤਾ ਗਿਆ।ਗੱਲਬਾਤ ਦੌਰਾਨ ਸਰਪੰਚ ਗੁਰਨਾਮ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਬਿਧੀਪੁਰ ਦੇ ਵਿੱਚ ਕੁੱਲ 850 ਵੋਟਾਂ ਹਨ ਅਤੇ ਉਹ ਪਿੰਡ ਦੇ ਵਿੱਚ ਬਿਨਾਂ ਮੁਕਾਬਲਾ ਹੀ ਜੇਤੂ ਰਹੇ ਹਨ ਜਿਸ ਵਿੱਚ ਉਹਨਾਂ ਦੇ ਨਾਲ ਸਤਨਾਮ ਸਿੰਘ ਧਾਲੀਵਾਲ, ਸਤਨਾਮ ਸਿੰਘ, ਬੂਟਾ ਰਾਮ, ਕੁਸ਼ੱਲਿਆ ਦੇਵੀ, ਜੋਗਿੰਦਰ ਪਾਲ, ਰਿੰਪੀ ਆਦਿ ਮੈਂਬਰ ਬਣੇ। ਉਹਨਾਂ ਕਿਹਾ ਕਿ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਪਿੰਡ ਦਾ ਵਿਕਾਸ ਕਰਵਾਇਆ ਜਾਵੇਗਾ। ਬਿਨਾਂ ਕਿਸੇ ਭੇਦਭਾਵ ਤੋਂ ਪਿੰਡ ਬਿਧੀਪੁਰ ਵਿੱਚ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਲੋਕਾਂ ਦੇ ਤੱਕ ਪੁੱਜਦੀਆਂ ਕੀਤੀਆਂ ਜਾਣਗੀਆਂ।ਹਰੇਕ ਵਿਅਕਤੀ ਦਾ ਪੂਰਾ ਮਾਨ ਸਤਿਕਾਰ ਕੀਤਾ ਜਾਵੇਗਾ।ਇਸ ਮੌਕੇ ਉਹਨਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਜੋਗਿੰਦਰ ਸਿੰਘ, ਤਿਲਕ ਰਾਜ, ਜਗਤਾਰ ਸਿੰਘ, ਰਾਜ ਮਸੀਹ, ਸ਼ਿੰਦਾ ਮਸੀਹ, ਬਨਾਰਸੀ ਰਾਮ, ਸੁਦਾਮਾ, ਮੇਜਰ, ਬਲਜੀਤ ਕੁਮਾਰ, ਸਰਵਨ ਆਦਿ ਹਾਜ਼ਰ ਸਨ।

# 15 ਗ੍ਰਾਮ ਹੈਰੋਇਨ ਤੇ ਪਿਸਟਲ ਸਮੇਤ ਦੋ ਨੌਜਵਾਨ ਪੁਲਸ ਅੜਿੱਕੇ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-15 ਗ੍ਰਾਮ ਹਰੋਇਨ ਅਤੇ ਇੱਕ ਪਿਸਟਲ ਸਮੇਤ ਵੱਖ-ਵੱਖ ਮਾਮਲਿਆਂ ਤਹਿਤ ਕਾਦੀਆਂ ਪੁਲਸ ਵੱਲੋਂ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਦਾ ਸਮਾਚਾਰ ਮਿਲਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਕਾਦੀਆਂ ਦੇ ਐੱਸਐੱਚਓ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਐੱਸਐੱਸਪੀ ਬਟਾਲਾ ਸੁਹੇਲ ਕਾਸਿਮ ਮੀਰ ਆਈਪੀਐਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਪ ਕਪਤਾਨ ਪੁਲਿਸ ਸ੍ਰੀ ਹਰਗੋਬਿੰਦਪੁਰ ਸਾਹਿਬ ਡੀਐੱਸਪੀ ਹਰਕ੍ਰਿਸ਼ਨ ਦੀ ਨਿਗਰਾਨੀ ਹੇਠ ਪੁਲਿਸ ਥਾਣਾ ਕਾਦੀਆਂ ਦੀ ਟੀਮ ਏਐੱਸਆਈ ਗੁਰਨਾਮ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਕਰ ਰਹੇ ਸਨ ਤਾਂ ਨਜ਼ਦੀਕੀ ਛੋਟਾ ਨੰਗਲ ਬਾਗਵਾਨਾ ਮੋੜ ਤੇ ਇੱਕ ਮੋਨੇ ਨੌਜਵਾਨ ਨੂੰ ਪੁਲਸ ਨੇ ਕਾਬੂ ਕੀਤਾ ਜਿਸ ਦੇ ਕੋਲੋਂ 15 ਗ੍ਰਾਮ ਹੈਰੋਇਨ ਬਰਾਮਦ ਹੋਈ ਅਤੇ ਉਕਤ ਵਿਅਕਤੀ ਦੀ ਪਹਿਚਾਣ ਮਿੰਟੂ ਮਸੀਹ ਪੁੱਤਰ ਸਤਪਾਲ ਮਸੀਹ ਵਾਸੀ ਨੰਗਲ ਬਾਗਵਾਨਾ ਵਜੋਂ ਹੋਈ ।ਪੁਲਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਫੜੇ ਗਏ ਨੌਜਵਾਨ ਦੇ ਖਿਲਾਫ ਮੁਕੱਦਮਾ ਨੰਬਰ 77 ਜੁਰਮ 21-61-85 ਐੱਨਡੀਪੀਐਸ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਉਧਰ ਦੂਜੇ ਪਾਸੇ ਥਾਣਾ ਕਾਦੀਆਂ ਦੇ ਐੱਸਐੱਚਓ ਪਰਮਿੰਦਰ ਸਿੰਘ ਨੇ ਦੱਸਿਆ ਕਿ ਇਸ ਤੋਂ ਇਲਾਵਾ ਮੁਕੱਦਮਾ ਨੰਬਰ 47 ਜੁਰਮ 109 115 (2) 351 (2) 351 (3)109(3)190 ਬੀਐੱਨਐੱਸ 25- 54- 59 ਆਰਮਸ ਐਕਟ ਦੇ ਤਹਿਤ ਦੋਸ਼ੀ ਅਨਿਲ ਕੁਮਾਰ ਪੁੱਤਰ ਅਸ਼ੋਕ ਕੁਮਾਰ ਵਾਸੀ ਵਾਲਮੀਕੀ ਮੁਹੱਲਾ ਕਾਦੀਆਂ ਨੂੰ ਗ੍ਰਿਫਤਾਰ ਕਰਕੇ ਉਸ ਦੇ ਕੋਲੋਂ ਇੱਕ ਪਿਸਟਲ ਬਰਾਮਦ ਕੀਤਾ ਗਿਆ।ਮਾਮਲੇ ਦੀ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# 288 ਗ੍ਰਾਮ ਹੈਰੋਇਨ ਤੇ 16.80 ਲੱਖ ਡਰੱਗ ਮਨੀ ਸਣੇ 3 ਕਾਬੂ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**—ਜ਼ਿਲ ਾ ਗੁਰਦਾਸਪੁਰ ਦੀ ਪੁਲਸ ਵੱਲੋਂ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕੀਤਾ ਗਿਆ ਜਿਸ ਵਿੱਚ ਪੁਲਸ ਵੱਲੋਂ 3 ਵਿਅਕਤੀਆਂ ਨੂੰ 288 ਗ੍ਰਾਮ ਹੈਰੋਇਨ ਅਤੇ 16.80 ਲੱਖ ਰੁਪਏ ਡਰੱਗ ਮਨੀ ਸਮੇਤ ਕਾਬੂ ਕੀਤਾ ਗਿਆ ।ਇਸ ਮੌਕੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ ਾ ਗੁਰਦਾਸਪੁਰ ਦੇ ਐੱਸਐੱਸਪੀ ਦਾਯਮਾ ਹਰੀਸ਼ ਕੁਮਾਰ ਅਤੇ ਆਈਪੀਐੱਸ ਸੀਨੀਅਰ ਕਪਤਾਨ ਪੁਲਸ ਗੁਰਦਾਸਪੁਰ ਨੇ ਦੱਸਿਆ ਕਿ 28 ਨਵੰਬਰ ਨੂੰ ਦੀਨਾਨਗਰ ਅਧੀਨ ਆਉਂਦੀ ਸ਼ੂਗਰ ਮਿੱਲ ਪਨਿਆੜ ਨੇੜੇ ਸਪੈਸ਼ਲ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ।ਇਸ ਦੌਰਾਨ ਪਠਾਨਕੋਟ ਸਾਈਡ ਵੱਲੋਂ ਇੱਕ ਬਲੈਰੋ ਗੱਡੀ ਨੰਬਰ ਜੇਕੇ 02 ਡੀਡੀ 0839 ਆਈ ਜਿਸ ਵਿੱਚ ਅਮਨਦੀਪ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਮੀਰਾ ਸਾਬ ਜੰਮੂ, ਅਵਨੀਤ ਸਿੰਘ ਉਰਫ ਅਬੀ ਪੁੱਤਰ ਬਿਕਰਮ ਸਿੰਘ ਵਾਸੀ ਮੁਹੰਮਦ ਯਾਰ ਆਰਐੱਸਪੁਰਾ ਜੰਮੂ ਅਤੇ ਦਵਿੰਦਰ ਕੁਮਾਰ ਉਰਫ ਰਾਹੁਲ ਪੁੱਤਰ ਦਰਸ਼ਨ ਲਾਲ ਵਾਸੀ ਚੱਕ ਮੁਹੰਮਦ ਜੰਮੂ ਸਵਾਰ ਸਨ। ਉਕਤ ਗੱਡੀ ਨੂੰ ਸ਼ੱਕ ਪੈਣ ਉਪਰ ਰੋਕ ਕੇ ਅਜੇ ਕੁਮਾਰ ਪੀਪੀਐਸ ਡੀਐੱਸਪੀ ਨਾਰਕੋਟਿਕ ਸੈੱਲ ਗੁਰਦਾਸਪੁਰ ਦੀ ਹਦਾਇਤ ਅਤੇ ਮੌਜੂਦਗੀ ਵਿੱਚ ਤਲਾਸ਼ੀ ਕੀਤੀ ਤਾਂ 288 ਗ੍ਰਾਮ ਹੈਰੋਇਨ ਅਤੇ 16.80 ਲੱਖ ਰੁਪਏ ਡਰੱਗ ਮਨੀ ਬਰਾਮਦ ਹੋਈ ।ਪੁੱਛਗਿੱਛ ਕਰਨ ਤੇ ਉਕਤ ਨੇ ਦੱਸਿਆ ਕਿ ਇਹ ਪੈਸੇ ਸ਼ਕਤੀ ਵਾਸੀ ਬਿਸ਼ਨਾਹ ਜੰਮੂ ਨੇ ਅੰਮ੍ਰਿਤਸਰ ਤੋਂ ਹੈਰੋਇਨ ਖਰੀਦ ਕੇ ਲਿਆਉਣ ਲਈ ਦਿੱਤੇ ਹਨ ।ਇਸ ਸਬੰਧੀ ਸ਼ਕਤੀ 'ਤੇ ਵੀ ਮਾਮਲਾ ਦਰਜ ਕੀਤਾ ਗਿਆ ਹੈ ।



# ਜੰਡਿਆਲਾ ਹਲਕੇ ਦੀਆਂ ਮਹਿਲਾ ਸਰਪੰਚਾਂ ਦੇ ਸਨਮਾਨ 'ਚ ਨਿਵੇਕਲਾ ਸਮਾਗਮ

## ਪਿੰਡਾਂ 'ਚ ਮਹਿਲਾ ਸਰਪੰਚਾਂ ਦੀ ਹੋਂਦ ਮਹਿਲਾ ਸਸ਼ਕਤੀਕਰਨ ਵੱਲ ਵਧਦੇ ਕਦਮ : ਈ ਟੀ ਓ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਆਪਣੇ ਹਲਕੇ ਵਿੱਚ ਚੁਣੇ ਗਏ ਮਹਿਲਾ ਸਰਪੰਚਾਂ ਦੇ ਸਨਮਾਨ ਵਿੱਚ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਸੱਦਾ ਦਿੱਤਾ ਕਿ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਕੰਮ ਕਰਨ।ਉਹਨਾਂ ਨੇ ਕਿਹਾ ਕਿ ਲੋਕਾਂ ਦੀ ਭਲਾਈ ਅਤੇ ਪਿੰਡਾਂ ਦੇ ਵਿਆਪਕ ਵਿਕਾਸ ਲਈ ਜਨਤਾ ਦੇ ਪੈਸੇ ਦੀ ਸਮਝਦਾਰੀ ਨਾਲ ਵਰਤੋਂ ਯਕੀਨੀ ਬਣਾਉਣਾ ਲਾਜ਼ਮੀ ਹੈ। ਉਹਨਾਂ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਇਸ ਵਾਰ 53 ਫੀਸਦੀ ਮਹਿਲਾ ਸਰਪੰਚ ਹਨ।ਉਨ ਾਂ ਕਿਹਾ ਕਿ ਜੇ ਸਰਪੰਚ ਆਪਣੀ ਡਿਊਟੀ ਬਾਖੂਬੀ ਨਾਲ ਨਿਭਾਉਣ ਤਾਂ ਉਹ ਆਮ ਆਦਮੀ ਅਤੇ ਆਪਣੇ ਪਿੰਡਾਂ ਦੀ ਤਕਦੀਰ ਬਦਲ ਸਕਦੇ ਹਨ।ਉਨਾਂ ਨੇ ਕਿਹਾ ਕਿ ਸੂਬਾ ਸਰਕਾਰ ਸਰਪੰਚਾਂ ਨੂੰ ਹਰ ਨੇਕ ਕੰਮ ਲਈ ਪੂਰਾ ਸਹਿਯੋਗ ਦੇਵੇਗੀ।ਉਨਾਂ ਮਹਿਲਾ ਸਰਪੰਚਾਂ ਨੂੰ ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਨੂੰ ਜੜੋਂ ਪੁੱਟਣ ਦਾ ਸੱਦਾ ਦਿੰਦਿਆਂ ਕਿਹਾ ਕਿ ਸਰਪੰਚਾਂ ਦੀ ਸਰਗਰਮ ਭੂਮਿਕਾ ਨਾਲ ਪੰਜਾਬ ਨੂੰ ਜਲਦੀ ਹੀ ਨਸ਼ਾ ਮੁਕਤ ਸੂਬਾ ਬਣਾਇਆ ਜਾਵੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਸਰਪੰਚਾਂ ਦੀ ਵੱਡੀ ਭੂਮਿਕਾ ਹੁੰਦੀ ਹੈ ਅਤੇ ਉਨ ਾਂ ਨੂੰ ਆਪਣੀ ਡਿਊਟੀ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣੀ ਚਾਹੀਦੀ ਹੈ।ਮੰਤਰੀ ਨੇ ਕਿਹਾ ਕਿ ਸਾਡੇ ਦੇਸ਼ ਦੀ ਲਗਭਗ 70 ਫੀਸਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ, ਜਿਸ ਕਾਰਨ ਪੰਚਾਇਤੀ ਰਾਜ ਸੰਸਥਾਵਾਂ ਨੂੰ ਲੋਕਤੰਤਰ ਦੇ ਚਾਨਣ ਮੁਨਾਰੇ ਵਜੋਂ ਦੇਖਿਆ ਜਾਂਦਾ ਹੈ।ਉਨ ਾਂ ਸਰਪੰਚਾਂ ਨੂੰ ਭਰੋਸਾ ਦਿਵਾਇਆ ਕਿ ਪਿੰਡਾਂ ਵਿੱਚ ਵਿਕਾਸ ਕਾਰਜ ਕਰਵਾਉਣ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਉਹ ਆਪਣੇ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇਣ ਤਾਂ ਜੋ ਸੂਬਾ ਸਰਕਾਰ ਵੱਲੋਂ ਇਸ ਸਬੰਧੀ ਕੰਮ ਸ਼ੁਰੂ ਕਰਵਾਏ ਜਾ ਸਕਣ।ਉਨਾਂ ਕਿਹਾ ਕਿ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪੰਚਾਇਤਾਂ ਨੂੰ ਮਤੇ ਪਾਸ ਕਰਨੇ ਚਾਹੀਦੇ ਹਨ ਅਤੇ ਸੂਬਾ ਸਰਕਾਰ ਇਸ ਲਈ ਹਰ ਹੀਲਾ ਵਰਤੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਸਾਰਿਆਂ ਨੂੰ ਉਸਾਰੂ ਮੁਹਿੰਮ ਸ਼ੁਰੂ ਕਰ ਕੇ ਪਿੰਡਾਂ ਦੀ ਕਾਇਆ-ਕਲਪ ਕਰਨ ਲਈ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਤਾਂ ਜੋ ਅਸੀਂ ਰੰਗਲਾ ਪੰਜਾਬ ਸਿਰਜ ਸਕੀਏ।ਉਨ ਾਂ ਸਰਪੰਚਾਂ ਨੂੰ ਪਿੰਡਾਂ ਨੂੰ ਸਾਫ਼-ਸੁਥਰਾ, ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਸਖ਼ਤ ਮਿਹਨਤ ਕਰਨ ਲਈ ਵੀ ਕਿਹਾ।ਉਹਨਾਂ ਨੂੰ ਕਿਹਾ ਕਿ ਤੁਸੀਂ ਪਿੰਡਾਂ ਦੇ ਵਿਕਾਸ ਲਈ ਜੋ ਵੀ ਪ੍ਰੋਗਰਾਮ ਉਲੀਕੋਗੇ ਜ਼ਿਲ ਾ ਪ੍ਰਸ਼ਾਸਨ ਤੁਹਾਡਾ ਡਟਕੇ ਸਾਥ ਦੇਵੇਗਾ।ਇਸ ਮੌਕੇ ਆਪ ਦੇ ਮਹਿਲਾ ਪ੍ਰਧਾਨ ਸੁਨੈਨਾ ਰੰਧਾਵਾ, ਨਰੇਸ਼ ਪਾਠਕ, ਡੀਐੱਸਪੀ ਜੰਡਿਆਲਾ ਗੁਰੂ ਰਵਿੰਦਰ ਸਿੰਘ ਤੇ ਹੋਰ ਪਤਵੰਤੇ ਹਾਜ਼ਰ ਸਨ।

2-Dec-PAGE-12.qxd 12/1/2024 8:58 PM Page 1



# ਪਰਾਲੀ ਦੀਆਂ ਗੱਠਾਂ ਨੂੰ ਲੱਗੀ ਅੱਗ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੰਬੀ)**

ਸ੍ਰੀ ਚਮਕੌਰ ਸਾਹਿਬ ਬਲਾਕ ਅਧੀਨ ਪੈਂਦੇ ਪਿੰਡ ਕੀੜੀ ਅਫਗਾਨਾ ਵਿਖੇ ਬੀਤੇ ਰਾਤ ਪਿੰਡ ਦੀ ਸ਼ਾਮਲਾਟ ਜ਼ਮੀਨ ਵਿੱਚ ਪਰਾਲੀ ਦੀਆਂ ਬਣਾਈਆਂ ਗੱਠਾਂ ਦੇ ਵੱਡੇ ਸਟਾਕ ਨੂੰ ਅੱਗ ਲੱਗਣ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਇਸ ਅੱਗ 'ਤੇ ਪਿੰਡ ਵਾਸੀਆਂ ਅਤੇ ਅੱਗ ਬਝਾਊ ਗੱਡੀਆਂ ਦੇ ਸਹਿਯੋਗ ਨਾਲ ਕਈ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਕਾਬੂ ਪਾਇਆ ਗਿਆ। ਪਰਾਲੀ ਦੀਆਂ ਗੱਠਾਂ ਦੇ ਮਾਲਕ ਕਿਸਾਨ ਕਰਨੈਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ 250 ਏਕੜ ਦੇ ਕਰੀਬ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਵਲੋਂ ਪ੍ਰਸ਼ਾਸਨ ਦੇ ਹੁਕਮਾਂ ਅਨੁਸਾਰ ਪਰਾਲੀ ਨੂੰ ਅੱਗ ਨਾ ਲਗਾਉਣ ਦੇ ਕਾਰਨ ਉਕਤ ਖੇਤਾਂ ਵਿੱਚੋਂ ਇਹ ਸਾਰੀ ਪਰਾਲੀ ਇਕੱਠੀ ਕਰਕੇ ਅਤੇ ਇਨ੍ਹਾਂ ਦੀਆਂ ਗੱਠਾਂ ਬਣਾ ਕੇ ਪਿੰਡ ਦੀ ਸ਼ਾਮਲਾਟ ਜ਼ਮੀਨ ਵਿੱਚ ਵੱਡੇ ਵੱਡੇ ਢੇਰ ਲਗਾ ਦਿੱਤੇ ਸਨ, ਪਰ ਬੀਤੀ ਦੇਰ ਰਾਤ ਅਚਾਨਕ ਇਨ੍ਹਾਂ ਪਰਾਲੀ ਦੀਆਂ ਗੱਠਾਂ ਨੂੰ ਅੱਗ ਲੱਗ ਗਈ, ਜਿਸ ਕਾਰਨ ਉਨ੍ਹਾਂ ਦਾ 18 ਤੋਂ 20 ਲੱਖ ਰੁਪਏ ਦਾ ਨੁਕਸਾਨ ਹੋ ਗਿਆ। ਉਨ੍ਹਾਂ ਦੱਸਿਆ ਕਿ ਕਰਜ਼ਾ ਚੁੱਕ ਕੇ ਉਨ੍ਹਾਂ ਵੱਲੋਂ ਇਸ ਪਰਾਲੀ ਦਾ ਭੰਡਾਰ ਕੀਤਾ ਗਿਆ ਸੀ, ਪਰ ਹੁਣ ਇਹ ਅੱਗ ਲੱਗਣ ਕਾਰਨ ਸਭ ਕੁਝ ਸਵਾਹ ਹੋ ਗਿਆ ਹੈ। ਜਿਸ ਕਾਰਨ ਉਹ ਕਰਜ਼ੇ ਵਿੱਚ ਡੁੱਬ ਗਏ ਹਨ। ਦੂਜੇ ਪਾਸੇ ਪਿੰਡ ਵਾਸੀਆਂ, ਸਾਬਕਾ ਸਰਪੰਚ ਸ਼ਮਸ਼ੇਰ ਸਿੰਘ ਬਾਜਵਾ ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰੀਤਮ ਸਿੰਘ ਬਾਜਵਾ ਨੇ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਕਤ ਕਿਸਾਨ ਦੇ ਹੋਏ ਨੁਕਸਾਨ ਨੂੰ ਵੇਖਦੇ ਹੋਏ ਤੁਰੰਤ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਕਿ ਉਕਤ ਕਿਸਾਨ ਨੂੰ ਕੁਝ ਰਾਹਤ ਮਿਲ ਸਕੇ। ਪੁਲਸ ਚੌਕੀ ਡੱਲਾ ਦੇ ਇੰਚਾਰਜ ਸ਼ਿੰਦਰਪਾਲ ਨੇ ਦੱਸਿਆ ਕਿ ਪੁਲਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ।



# ਤਾਰਿਆਂ ਨੂੰ ਕਰੇ ਟਿੱਚਰਾਂ ਕੁੜੀ ਚੰਦ ਵਰਗੀ...

**ਸ਼ਾਹਕੋਟ. (ਗਿਆਨ ਸੈਦਪੁਰੀ)**

ਮਦਰਜ਼ ਪਰਾਈਡ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਮਲਸੀਆਂ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਚੇਅਰਪਰਸਨ ਕੁਮਾਰੀ ਅਰੁਣ ਜੱਸਲ ਅਤੇ ਪ੍ਰਿੰਸੀਪਲ ਰਜਨੀ ਬਾਲਾ ਦੀ ਅਗਵਾਈ ਵਿੱਚ ਰੌਣਕੀਲੇ ਅਤੇ ਉਤਸ਼ਾਹੀ ਮਹੌਲ ਵਿੱਚ ਕਰਵਾਇਆ ਗਿਆ। ਸਕੂਲ ਦੇ ਵਿਦਿਆਰਥੀਆਂ, ਵਿਦਿਆਰਥਣਾਂ ਅਤੇ ਸਟਾਫ ਮੈਂਬਰਾਂ ਵੱਲੋਂ ਕਲਾਤਮਿਕ ਪੇਸ਼ਕਾਰੀਆਂ ਨਾਲ ਇਹ ਸਮਾਰੋਹ ਨਵੀਆਂ ਪੈੜਾਂ ਸਿਰਜ ਗਿਆ।

ਇਸ ਵਿਲੱਖਣ ਤੇ ਦਿਲਚਸਪ ਸਮਾਰੋਹ ਵਿੱਚ ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਅਤੇ 'ਆਪ' ਦੇ ਹਲਕਾ ਇੰਚਾਰਜ ਪਰਮਿੰਦਰ ਸਿੰਘ ਪੰਡੋਰੀ ਦੇ ਨਿੱਜੀ ਸਹਾਇਕ ਪਰਬਤਪਾਲ ਸਿੰਘ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ। ਦੋਹਾਂ ਸਿਆਸੀ ਆਗੂਆਂ ਦੀ ਟੀਮ ਵੀ ਸਮਾਰੋਹ ਦਾ ਹਿੱਸਾ ਬਣੀ। ਸਕੂਲ ਦੇ ਪ੍ਰਿੰਸੀਪਲ ਮੈਡਮ ਰਜਨੀ ਬਾਲਾ ਨੇ ਵਿਸ਼ੇਸ਼ ਮਹਿਮਾਨਾਂ, ਮਹਿਮਾਨਾਂ, ਮਾਪਿਆਂ ਤੇ ਹੋਰ ਸਰੋਤਿਆਂ ਦਾ ਸਵਾਗਤ ਕੀਤਾ।

ਸਮਾਗਮ ਨੂੰ ਐਡਵੋਕੇਟ ਬਚਿੱਤਰ ਸਿੰਘ ਕੋਹਾੜ, ਸਾਬਕਾ ਐੱਮ ਸੀ ਮਾਸਟਰ ਜਤਿੰਦਰ ਪਾਲ ਸਿੰਘ ਬੱਲ੍ਹਾ ਅਤੇ ਸੋਸ਼ਲ ਇੰਪਾਵਰਮੈਂਟ ਐਂਡ ਵੈੱਲਫੇਅਰ ਅਲਾਇੰਸ ਪੰਜਾਬ ਦੇ ਚੇਅਰਮੈਨ ਦਵਿੰਦਰ ਸਿੰਘ ਆਹਲੂਵਾਲੀਆ ਨੇ ਭਾਵਪੂਰਤ ਸ਼ਬਦਾਂ ਰਾਹੀਂ ਸੰਬੋਧਨ ਕੀਤਾ। ਉਨ੍ਹਾ ਸਕੂਲ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਕਿ ਉਹ ਮਨ ਲਗਾ ਕੇ ਪੜ੍ਹਾਈ ਕਰਨ।



ਬੱਚਿਆਂ ਨੂੰ ਇਨਾਮ ਵੰਡਦੇ ਹੋਏ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਅਤੇ ਕੋਰੀਓਗ੍ਰਾਫ਼ੀ ਪੇਸ਼ ਕਰਦੇ ਹੋਏ ਵਿਦਿਆਰਥੀ।

ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਤੇ ਵਿਦਿਆਰਥਣਾਂ ਵੱਲੋਂ ਪੇਸ਼ ਕੀਤੀਆਂ ਸ਼ਾਨਦਾਰ ਪੇਸ਼ਕਾਰੀਆਂ ਨੇ ਹਰ ਸਰੋਤੇ ਨੂੰ ਪ੍ਰਭਾਵਤ ਕੀਤਾ। 'ਮਰ ਜਾਣੀ ਤਾਰਿਆਂ ਨੂੰ ਕਰੇ ਟਿੱਚਰਾਂ ਕੁੜੀ ਚੰਦ ਵਰਗੀ...' ਦੀ ਪੇਸ਼ਕਾਰੀ ਵੇਲੇ ਪੂਰਾ ਪੰਡਾਲ ਤਾੜੀਆਂ ਨਾਲ ਗੂੰਜ ਉੱਠਿਆ। 'ਦੇਸ਼ ਰੰਗੀਲਾ ਹੈ ਮੇਰਾ...' ਕੋਰੀਓਗ੍ਰਾਫ਼ੀ ਵਿੱਚ ਭਾਰਤ ਦੇ ਵੱਖ-ਵੱਖ ਹਿੱਸਿਆਂ ਦੀਆਂ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਗਈਆਂ।

ਸਮਾਗਮ ਵਿੱਚ ਕੰਪੀਅਰਿੰਗ ਕਰ ਰਹੀਆਂ ਮੈਡਮ ਪੰਕਜਜੀਤ ਕੌਰ, ਰਾਜਵੀਰ ਕੌਰ, ਕਰਿਸ਼ਟੀ, ਸ਼ਾਹੀਨ ਅਤੇ ਅੰਮ੍ਰਿਤਪਾਲ ਕੌਰ ਨੇ ਮੁੱਲਵਾਨ ਸ਼ਾਇਰੋ-ਸ਼ਾਇਰੀ ਨਾਲ ਸਰੋਤਿਆਂ ਨੂੰ ਸਰਸ਼ਾਰ ਕਰੀ ਰੱਖਿਆ। ਸਕੂਲ ਦੇ ਸੰਸਥਾਪਕ ਤਾਰਾ ਚੰਦ ਅਤੇ ਮੈਨੇਜਰ ਦੀਪਕ ਸਹਾਏ ਨੇ ਸਮਾਗਮ ਨੂੰ ਨੇਪਰੇ ਚੜ੍ਹਾਉਣ ਵਿੱਚ ਸਰਗਰਮ ਭੂਮਿਕਾ ਨਿਭਾਈ।

ਸਕੂਲ ਦੇ ਵਿਦਿਆਰਥੀਆਂ ਨੂੰ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਨੇ ਇਨਾਮ ਤਕਸੀਮ ਕੀਤੇ। ਇਸ ਮੌਕੇ ਐਡਵੋਕੇਟ ਸ਼ਿਵਕਰਨ ਮਲਹੋਤਰਾ, ਨਿਰਮਲ ਸਿੰਘ, ਸਕੂਲ ਦੇ ਸੰਸਥਾਪਕ ਤਾਰਾ ਚੰਦ, ਚੇਅਰਪਰਸਨ ਕੁਮਾਰੀ ਅਰੁਣ ਜੱਸਲ, ਪ੍ਰਿੰਸੀਪਲ ਰਜਨੀ ਬਾਲਾ, ਸ਼ਿਵ ਕੁਮਾਰ, ਯਸ਼ਪਾਲ ਗੁਪਤਾ, ਡਾਕਟਰ ਅਰਵਿੰਦਰ ਸਿੰਘ ਰੂਪਰਾ ਅਤੇ ਪਵਨ ਜੁਨੇਜਾ ਆਦਿ ਮੌਜੂਦ ਸਨ।

# ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਛੇ ਕੈਡਿਟ ਹੋਏ ਪਾਸ ਆਊਟ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐੱਮ ਆਰ ਐੱਸ ਏ ਐੱਫ ਪੀ ਆਈ ), ਐਸ ਏ ਐੱਸ ਨਗਰ (ਮੋਹਾਲੀ) ਦਾ ਨਾਂ ਰੌਸ਼ਨ ਕਰਦਿਆਂ ਅੱਜ ਇਸ ਇੰਸਟੀਚਿਊਟ ਦੇ ਛੇ ਹੋਰ ਕੈਡਿਟ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਖੜਕਵਾਸਲਾ (ਮਹਾਰਾਸ਼ਟਰ) ਦੇ 147ਵੇਂ ਐਨ.ਡੀ.ਏ. ਕੋਰਸ ਤੋਂ ਪਾਸ ਆਊਟ ਹੋਏ ਹਨ। ਪਾਸਿੰਗ ਆਊਟ ਪਰੇਡ ਦਾ ਨਿਰੀਖਣ ਏਅਰ ਚੀਫ ਮਾਰਸ਼ਲ ਅਮਰ ਪ੍ਰੀਤ ਸਿੰਘ (ਪੀ.ਵੀ.ਐਸ.ਐਮ., ਏ.ਵੀ.ਐਸ.ਐਮ.) ਨੇ ਕੀਤਾ। ਤਿੰਨ ਸਾਲਾਂ ਦੀ ਸਖ਼ਤ ਟ੍ਰੇਨਿੰਗ ਪੂਰੀ ਕਰਨ ਬਾਅਦ ਇਹ ਛੇ ਕੈਡਿਟ- ਗੁਰਕੀਰਤ ਸਿੰਘ, ਬਰਜਿੰਦਰ ਸਿੰਘ, ਸੁਖਦੇਵ ਸਿੰਘ ਗਿੱਲ, ਯੁਵਰਾਜ ਸਿੰਘ ਤੋਮਰ, ਵਿਨਾਇਕ ਸ਼ਰਮਾ ਅਤੇ ਕੁਸ਼ ਪਾਂਡਿਆ- ਕਮਿਸ਼ਨਡ ਅਫ਼ਸਰ ਬਣਨ ਲਈ ਵੱਖ-ਵੱਖ ਸਰਵਿਸ ਟਰੇਨਿੰਗ ਅਕੈਡਮੀਆਂ ਵਿੱਚ ਇੱਕ ਸਾਲ ਦੀ ਸਿਖਲਾਈ ਹਾਸਲ ਕਰਨਗੇ। ਆਰਮੀ 'ਚੋਂ ਸੇਵਾਮੁਕਤ ਲਾਂਸ ਨਾਇਕ ਦੇ ਪੁੱਤਰ ਗੁਰਕੀਰਤ ਸਿੰਘ ਨੇ ਪਾਸਿੰਗ ਆਊਟ ਕੋਰਸ ਦੀ ਆਰਟਸ ਸਟਰੀਮ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੂਬੇ ਦਾ ਨਾਂ ਰੌਸ਼ਨ ਕੀਤਾ। ਗੁਰਕੀਰਤ ਸਿੰਘ ਨੇ ਲਖਨਊ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਜੋ ਕੋਰਸ ਦੀ ਕਨਵੋਕੇਸ਼ਨ ਦੇ ਮੁੱਖ ਮਹਿਮਾਨ ਸਨ, ਤੋਂ ਸਨਮਾਨ ਹਾਸਲ ਕੀਤਾ। ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕੈਡਿਟਾਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੰਦਿਆਂ ਉਨ੍ਹਾਂ ਨੂੰ ਰੱਖਿਆ ਸੇਵਾਵਾਂ ਵਿੱਚ ਰੌਸ਼ਨ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਵੱਲੋਂ ਪ੍ਰਾਪਤ ਕੀਤੇ ਜਾ ਰਹੇ ਨਤੀਜਿਆਂ 'ਤੇ ਵੀ ਖੁਸ਼ੀ ਦਾ ਇਜ਼ਹਾਰ ਕੀਤਾ।ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੇ ਐਚ.ਚੌਹਾਨ (ਵੀ.ਐਸ.ਐਮ.) ਨੇ ਕੈਡਿਟਾਂ ਨੂੰ ਉਨ੍ਹਾਂ ਦੇ ਪਾਸ ਆਊਟ ਹੋਣ 'ਤੇ ਵਧਾਈ ਦਿੰਦਿਆਂ ਦੱਸਿਆ ਕਿ ਇਸ ਸਮੇਂ ਇੰਸਟੀਚਿਊਟ ਦੇ 20 ਕੈਡਿਟ ਵੱਖ-ਵੱਖ ਸਰਵਿਸ ਟ੍ਰੇਨਿੰਗ ਅਕੈਡਮੀਆਂ ਨੂੰ ਜੁਆਇਨ ਕਰਨ ਕਾਲ-ਅੱਪ ਲੈਟਰਾਂ ਦੀ ਉਡੀਕ ਕਰ ਰਹੇ ਹਨ। ਇਸ ਤੋਂ ਇਲਾਵਾ 43 ਕੈਡਿਟ ਜਲਦੀ ਹੀ ਆਪਣੇ ਸਰਵਿਸ ਸਿਲੈਕਸ਼ਨ ਬੋਰਡ (ਐਸ.ਐਸ.ਬੀ.) ਦੇ ਇੰਟਰਵਿਊ ਲਈ ਜਾ ਰਹੇ ਹਨ।



# ਜੌਹਲ 'ਚ 13ਵਾਂ ਮਹਾਨ ਸੰਤ ਸੰਮੇਲਨ ਹੋਇਆ



**ਅੱਡਾ ਸਰਾਂ (ਜਸਵੀਰ ਕਾਜਲ)**

ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਕ੍ਰਾਂਤੀਕਾਰੀ ਅਤੇ ਰੂਹਾਨੀਅਤ ਵਿਚਾਰਧਾਰਾ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਜੌਹਲ ਤੇ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ 13ਵਾਂ ਮਹਾਨ ਸੰਤ ਸੰਮੇਲਨ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਮਹਾਰਾਜ ਦੀ ਸਰਪ੍ਰਸਤੀ ਹੇਠ ਬ੍ਰਹਮਲੀਨ ਸੰਤ ਸੁਆਮੀ ਸਰਵਣ ਦਾਸ ਤੇ ਕੌਮ ਦੇ ਅਮਰ ਸ਼ਹੀਦ ਸੰਤ ਰਾਮਾਨੰਦ ਦੀ ਨਿੱਘੀ ਯਾਦ ਨੂੰ ਸਮਰਪਿਤ ਕਰਵਾਏ ਗਏ ਸੰਤ-ਸੰਮੇਲਨ ਵਿਚ ਇਲਾਕੇ ਭਰ ਚੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਗਵਾਈ। ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਅੰਮ੍ਰਿਤ ਬਾਣੀ ਦੇ ਪਾਠ ਉਚਾਰਨ ਕੀਤੇ ਗਏ ਉਪਰੰਤ ਵਿਸ਼ਾਲ ਸਮਾਗਮ ਵਿੱਚ ਸੰਤ ਨਿਰੰਜਣ ਦਾਸ ਜੀ ਡੇਰਾ ਸੱਚਖੰਡ ਬੱਲਾਂ ਵਾਲਿਆਂ ਤੋਂ ਇਲਾਵਾ ਸੰਤ ਬਾਬਾ ਨਰੇਸ਼ ਗਿਰ ਨੰਗਲ ਖੁੰਗਾ, ਸੰਤ ਗੁਰਦੀਪ ਗਿਰ ਪਠਾਨਕੋਟ, ਸੰਤ ਕ੍ਰਿਸ਼ਨ ਦਾਸ ਚਹੇੜੂ ਜਲੰਧਰ ਵਾਲੇ, ਸੰਤ ਕੈਲਾਸ਼ ਗਿਰ ਦਸੂਹਾ, ਸੰਤ ਸੁਖਵਿੰਦਰ ਦਾਸ ਢੱਡੇ, ਸੰਤ ਸੋਢੀ ਸ਼ਾਹ ਚੋਲੀਪੁਰ ਵਾਲੇ, ਸੰਤ ਪ੍ਰੀਤਮ ਦਾਸ ਸੰਗਤਪੁਰ, ਸੰਤ ਲੇਖਰਾਜ ਨੂਰਪੁਰ, ਜੋਗਿੰਦਰ ਸਿੰਘ ਚੱਕ ਲਾਦੀਆਂ, ਸੰਤ ਪ੍ਰੇਮ ਦਾਸ ਰਜਪਾਲਵਾਂ, ਸੰਤ ਰਾਮ ਗਿਰ ਰਾਜਪੁਰ ਕੰਡੀ ਵਾਲੇ, ਸੰਤ ਜਸਪਾਲ ਸਿੰਘ ਓਡਰੇ ਵਾਲੇ, ਸੰਤ ਹੁਸ਼ਿਆਰ ਗਿਰ ਰਾਜਪੁਰ ਕੰਡੀ ਵਾਲੇ, ਸੰਤ ਕ੍ਰਿਸ਼ਨਾ ਦੇਵੀ ਬੋਪਾਰਾਏ ਵਾਲੇ ਪਹੁੰਚ ਕੇ ਸਮੂਹ ਸੰਗਤ ਨੂੰ ਆਸ਼ੀਰਵਾਦ ਦਿੰਦੇ ਹੋਏ ਪ੍ਰਵਚਨਾਂ ਦੁਆਰਾ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਰੂਹਾਨੀਅਤ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਨਾਲ ਜੁੜਨ ਲਈ ਪ੍ਰੇਰਿਆ।ਇਸ ਮੌਕੇ ਪ੍ਰਬੰਧਕ ਸੇਵਾਦਾਰ ਸਰਪੰਚ ਪਰਮਜੀਤ ਸਿੰਘ ਬਿੱਟੂ ਜੌਹਲ, ਸਰਬਜੀਤ ਸਿੰਘ ਮੋਮੀ, ਸੁਰਜੀਤ ਸਿੰਘ ਜੀਤਾ, ਸਰਵਣ ਸਿੰਘ, ਜਸਵਿੰਦਰ ਸਿੰਘ, ਜੀਵਨ ਲਾਲ, ਜੱਸੀ ਜੌਹਲ, ਜੈਲੀ ਜੌਹਲ, ਤੀਰਥ ਸਿੰਘ, ਬਲਵੀਰ ਸਿੰਘ, ਲੱਗੀ ਜੌਹਲ, ਜਰਨੈਲ ਸਿੰਘ, ਰਣਜੀਤ ਸਿੰਘ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



ਲਾਇਨ ਰਾਜੀਵ ਮਿਸਰ ਦੀ ਪ੍ਰਧਾਨਗੀ ਹੇਠ ਲਾਇਨਜ਼ ਕਲੱਬ ਨੂਰਮਹਿਲ ਸਿਟੀ ਨੇ ਨੂਰਮਹਿਲ ਦੀ ਇੱਕ ਲੋੜਵੰਦ ਲੜਕੀ ਨੂੰ ਉਸ ਦੇ ਵਿਆਹ ਮੌਕੇ ਸਹਾਇਤਾ ਪ੍ਰਦਾਨ ਕੀਤੀ।ਇਸ ਮੌਕੇ ਕਲੱਬ ਵੱਲੋਂ ਬੱਚੀ ਨੂੰ 11000 ਰੁਪਏ ਦੀ ਮਾਲੀ ਮਦਦ ਅਤੇ ਘਰੇਲੂ ਸਮਾਨ ਦਿੰਦੇ ਹੋਏ ਲਾਇਨ ਜਗਤ ਮੋਹਨ ਸ਼ਰਮਾ, ਲਾਇਨ ਸੁਭਾਸ਼ ਕੋਹਲੀ, ਲਾਇਨ ਸੁਮਨ ਪਾਠਕ, ਲਾਇਨ ਸੰਦੀਪ ਮਿੱਤੂ, ਲਾਇਨ ਸ਼ਿਵ ਕੁਮਾਰ, ਲਾਇਨ ਦਵਿੰਦਰ ਸੰਧੂ, ਅਤੇ ਲੜਕੀ ਦੇ ਘਰ ਵਾਲੇ ਦਿਖਾਈ ਦੇ ਰਹੇ।

(ਫੋਟੋ ਤੇ ਵੇਰਵਾ : ਬਾਲ ਕ੍ਰਿਸ਼ਨ ਬਾਲੀ, ਨੂਰਮਹਿਲ)

## ਸਾਲਾਨਾ ਅਥਲੈਟਿਕ ਮੀਟ ਭਲਕੇ

**ਫਿਲੌਰ (ਨਿਰਮਲ)**- ਮਹਾਰਾਜਾ ਰਣਜੀਤ ਸਿੰਘ ਪੁਲਸ ਪਬਲਿਕ ਸਕੂਲ ਫਿਲੌਰ ਦੀ ਸਲਾਨਾ ਅਥਲੈਟਿਕ ਮੀਟ (2024) 3 ਦਸੰਬਰ ਨੂੰ ਅਸ਼ਵਨੀ ਕੁਮਾਰ ਸਟੇਡੀਅਮ ਪੰਜਾਬ ਪੁਲਸ ਅਕੈਡਮੀ ਫਿਲੌਰ ਦੀ ਗਰਾਊਂਡ ਵਿਖੇ ਕਰਵਾਈ ਜਾਵੇਗੀ। ਇਹ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਡਾ. ਅੰਮ੍ਰਿਤਾ ਕੁਮਾਰ ਨੇ ਦੱਸਿਆ ਕਿ ਪਰਮਜੀਤ ਸਿੰਘ ਡਿਪਟੀ ਡਾਇਰੈਕਟਰ ਪੀ ਪੀ ਏ ਇੰਡੋਰ ਕਮ ਮੈਨੇਜਰ ਮਹਾਰਾਜਾ ਰਣਜੀਤ ਪੁਲਸ ਪਬਲਿਕ ਸਕੂਲ ਮੁੱਖ ਮਹਿਮਾਨ ਹੋਣਗੇ ਜੋ ਖੇਡਾਂ ਦਾ ਉਦਘਾਟਨ ਕਰਨਗੇ। ਇਸ ਮੌਕੇ ਪੀ ਟੀ ਸ਼ੋਅ, ਯੋਗਾ ਸ਼ੋਅ, ਅਥਲੈਟਿਕ ਮੀਟ ਆਦਿ ਦੇ ਮੁਕਾਬਲੇ ਹੋਣਗੇ। ਪ੍ਰੋਗਰਾਮ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲੇਗਾ।

# ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ



**ਜਲੰਧਰ (ਇਕਬਾਲ ਸਿੰਘ ਉੱਭੀ)**

ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਨਿਊ ਡਿਫੈਂਸ ਕਲੋਨੀ ਜਲੰਧਰ ਵਿਖੇ ਇੱਕ ਕਦਮ ਵਿਸ਼ਵ ਗੁਰੂ ਭਾਰਤ ਵੱਲ ਨਾਮਕ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਸੇਂਟ ਸੋਲਜਰ ਗਰੁੱਪ ਦੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਸਕੂਲ ਪ੍ਰਿੰਸੀਪਲ ਬਬੀਤਾ ਸ਼ਰਮਾ ਅਤੇ ਸਮੂਹ ਸਟਾਫ਼ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ। ਇਸ ਮੌਕੇ ਸਮੂਹ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ। ਵਿਦਿਆਰਥੀਆਂ ਨੇ ਗਣੇਸ਼ ਵੰਦਨਾ ਪੇਸ਼ ਕੀਤੀ ਅਤੇ ਭਗਵਾਨ ਗਣੇਸ਼ ਦਾ ਆਸ਼ੀਰਵਾਦ ਲਿਆ।ਵਿਦਿਆਰਥੀਆਂ ਨੇ ਇੱਕ ਸ਼ਾਨਦਾਰ ਨਾਟਕ ਵੀ ਪੇਸ਼ ਕੀਤਾ, ਜਿਸ ਵਿੱਚ ਉਨ੍ਹਾਂ ਪੁਰਾਤਨ ਭਾਰਤੀ ਸੱਭਿਆਚਾਰ ਅਤੇ ਅੱਜ ਦੇ ਭਾਰਤ ਦੀਆਂ ਝਲਕੀਆਂ ਪੇਸ਼ ਕੀਤੀਆਂ ਅਤੇ ਸਮਾਜ ਦੀਆਂ ਬੁਰਾਈਆਂ ਜਿਵੇਂ ਮੋਬਾਈਲ ਦੀ ਘੱਟ ਵਰਤੋਂ, ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ, ਵਾਤਾਵਰਣ ਬਚਾਉਣ, ਮਹਿਲਾ ਸਸ਼ਕਤੀਕਰਨ ਆਦਿ ਦਾ ਸੰਦੇਸ਼ ਦਿੱਤਾ।ਸਮਾਗਮ ਦਾ ਮੁੱਖ ਵਿਸ਼ਾ ਵਿਦਿਆਰਥੀਆਂ ਵਿੱਚ ਸਕਾਰਾਤਮਕਤਾ ਫੈਲਾਉਣਾ ਸੀ।ਇਸ ਮੌਕੇ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸਾਰੇ ਵਿਦਿਆਰਥੀਆਂ ਨੂੰ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਦਾ ਕਹਿਣਾ ਮੰਨਣ ਦੀ ਪ੍ਰੇਰਨਾ ਦਿੱਤੀ।

# ਸੀ ਟੀ ਗਰੁੱਪ ਨੇ ਐਕਸੀਲੈਂਸ ਅਵਾਰਡਜ਼ 3.0 ਦੀ ਕੀਤੀ ਮੇਜ਼ਬਾਨੀ

**ਜਲੰਧਰ (ਸ਼ੈਲੀ ਐਲਬਰਟ)**

ਸੀਟੀ ਗਰੁੱਪ ਨੇ ਸਿਹਤ, ਤੰਦਰੁਸਤੀ, ਵਿਗਿਆਨ, ਕਲਾ, ਸਾਹਿਤ ਅਤੇ ਜਨਤਕ ਸੇਵਾ ਸਮੇਤ ਵਿਭਿੰਨ ਖੇਤਰਾਂ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਉੱਤਮ ਵਿਅਕਤੀਆਂ ਦਾ ਜਸ਼ਨ ਮਨਾਉਂਦੇ ਹੋਏ ਐਕਸੀਲੈਂਸ ਅਵਾਰਡ 3.0 ਦਾ ਆਯੋਜਨ ਕੀਤਾ। ਇਵੈਂਟ ਨੇ ਪ੍ਰਸ਼ੰਸਾ ਅਤੇ ਸ਼ੁਕਰਗੁਜ਼ਾਰੀ ਦੀ ਭਾਵਨਾ ਪੈਦਾ ਕੀਤੀ, ਕਿਉਂਕਿ ਜੀਵਨ ਦੇ ਸਾਰੇ ਖੇਤਰਾਂ ਦੇ ਪ੍ਰਾਪਤੀਆਂ ਨੂੰ ਉਨ੍ਹਾਂ ਦੇ ਸ਼ਿਲਪਕਾਰੀ ਅਤੇ ਭਾਈਚਾਰਿਆਂ ਪ੍ਰਤੀ ਉਨ੍ਹਾਂ ਦੀ ਨਿਰੰਤਰ ਵਚਨਬੱਧਤਾ ਲਈ ਮਾਨਤਾ ਦਿੱਤੀ ਗਈ ਸੀ।ਇਸ ਮੌਕੇ ਆਏ ਹੋਏ ਮਹਿਮਾਨਾਂ ਵਿੱਚ ਦੀਪਕ ਬਾਲੀ, ਸਲਾਹਕਾਰ, ਕਲਾ, ਸੱਭਿਆਚਾਰ ਅਤੇ ਭਾਸ਼ਾਵਾਂ, ਦਿੱਲੀ ਸਰਕਾਰ; ਸ੍ਰੀਮਤੀ ਸਵਾਤੀ ਟਿਵਾਣਾ ਐਸ.ਡੀ.ਐਮ.-ਸਮਾਣਾ, ਪੰਜਾਬ; ਅਤੇ ਲੈਫਟੀਨੈਂਟ ਕਮਾਂਡਰ ਪ੍ਰਿਆ ਕੈਥ, ਮਿਸਿਜ਼ ਇੰਡੀਆ ਲੈਗੇਸੀ 2024 ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿੱਚ ਪ੍ਰੇਰਨਾਦਾਇਕ ਸ਼ਖਸੀਅਤਾਂ ਜਿਵੇਂ ਕਿ ਡਿਜੀਟਲ ਸਿਰਜਣਹਾਰ ਪੀਟੂ ਸਿੰਘ ਅਤੇ ਜਲੰਧਰ ਵਾਲੇ, ਅੰਤਰਰਾਸ਼ਟਰੀ ਮੁੱਕੇਬਾਜ਼ ਸ਼ਵਿੰਦਰ ਕੌਰ, ਪੋਸ਼ਣ ਵਿਗਿਆਨੀ ਡਾ. ਸ਼ਿਵਾਲਿਕਾ ਖੰਨਾ, ਪ੍ਰੇਰਕ ਬੁਲਾਰੇ ਸਿਮਰਜੀਤ ਸਿੰਘ, ਦੰਦਾਂ ਦੇ ਡਾਕਟਰ ਜਸਵਿੰਦਰ ਸਿੰਘ, ਏ.ਡੀ.ਸੀ.ਪੀ. ਤੇਜਬੀਰ ਸਿੰਘ, ਇੰਸਪੈਕਟਰ ਰਾਜਵਿੰਦਰ ਕੌਰ, ਅੰਤਰਰਾਸ਼ਟਰੀ ਕਾਜਲ ਚੇਅਰਮੈਨ ਸ਼ਾਮਲ ਸਨ। ਵਿਸ਼ਵਾਸ, ਖ਼ੂਨਦਾਨੀ ਸਚਿਨ ਅਰੋੜਾ, ਪ੍ਰਸਿੱਧ ਡਿਜ਼ਾਈਨਰ ਸਿਧਾਰਥ ਕੇ. ਕੱਕੜ, ਜਤਿੰਦਰ ਸਿੰਘ, ਗਣਿਤ ਵਿਗਿਆਨੀ, ਅਤੇ ਡਾ: ਟੀ.ਐਸ. ਰੰਧਾਵਾ ਸਮੇਤ ਹੋਰ ਬਹੁਤ ਸਾਰੇ ਲੋਕ ਜਿਨ੍ਹਾਂ ਨੇ ਆਪੋ-ਆਪਣੇ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ, ਉੱਤਮਤਾ ਸਿਰਫ਼ ਵਿਅਕਤੀਗਤ ਪ੍ਰਾਪਤੀਆਂ ਬਾਰੇ ਨਹੀਂ ਹੈ, ਸਗੋਂ ਸਮਾਜ ਵਿੱਚ ਉਨ੍ਹਾਂ ਦੇ ਸਕਾਰਾਤਮਕ ਪ੍ਰਭਾਵ ਪੈਦਾ ਕਰਦੇ ਹਨ। ਅੱਜ ਰਾਤ, ਅਸੀਂ ਉਨ੍ਹਾਂ ਲੋਕਾਂ ਦਾ ਸਨਮਾਨ ਕਰਦੇ ਹਾਂ ਜੋ ਸਾਨੂੰ ਹੋਰ ਕਰਨ ਅਤੇ ਹੋਰ ਦੇਣ ਲਈ ਪ੍ਰੇਰਿਤ ਕਰਦੇ ਹਨ।ਇਸ ਮੌਕੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਜੁਆਇੰਟ ਮੈਨੇਜਿੰਗ ਡਾਇਰੈਕਟਰ ਤਨਿਕਾ ਚੰਨੀ, ਗਰੁੱਪ ਡਾਇਰੈਕਟਰ ਡਾ. ਅਭਿਸ਼ੇਕ ਤ੍ਰਿਪਾਠੀ, ਐਗਜ਼ੈਕਟਿਵ ਡਾਇਰੈਕਟਰ ਡਾ. ਨਿਤਿਨ ਟੰਡਨ, ਕੈਂਪਸ ਡਾਇਰੈਕਟਰ ਡਾ. ਧਾਮੀ, ਵਿਦਿਆਰਥੀ ਭਲਾਈ ਦੇ ਡਾਇਰੈਕਟਰ ਦਵਿੰਦਰ ਸਿੰਘ ਅਤੇ ਡੀਨ ਡਾ. ਅਰਜਨ ਸਿੰਘ ਵੀ ਹਾਜ਼ਰ ਸਨ।



# ਰੌਜ਼ਾ ਸ਼ਰੀਫ਼ ਮੰਢਾਲੀ 'ਚ ਸਾਲਾਨਾ ਮੇਲਾ 12 ਤੋਂ



**ਬੰਗਾ (ਅਵਤਾਰ ਕਲੇਰ)**- ਦਰਬਾਰ ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਜੀ, ਰੌਜ਼ਾ ਸ਼ਰੀਫ਼ ਮੰਢਾਲੀ ਵਿਖੇ ਸਾਬਰ ਦਾਤਾ ਅਲੀ ਅਹਿਮਦ ਸ਼ਾਹ ਕਾਦਰੀ ਦੀ ਯਾਦ 'ਚ ਸਲਾਨਾ ਮੇਲਾ ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ 12-13-14 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਈਂ ਉਮਰੇ ਸ਼ਾਹ ਕਾਦਰੀ ਨੇ ਦੱਸਿਆ ਕਿ 12 ਦਸੰਬਰ ਸ਼ਾਮ ਨੂੰ ਨਿਸ਼ਾਨ ਸਾਹਿਬ ਦੀ ਰਸਮ ਉਪਰੰਤ ਚਿਰਾਗਾਂ ਦੀ ਰਸਮ ਹੋਵੇਗੀ। 13 ਦਸੰਬਰ ਨੂੰ ਪੰਜਾਬ ਦੇ ਮਸ਼ਹੂਰ ਕਲਾਕਾਰ ਅਤੇ ਕਵਾਲ ਪਾਰਟੀਆਂ ਹਾਜ਼ਰੀਆਂ ਭਰਨਗੇ। 14 ਦਸੰਬਰ ਨੂੰ ਚਾਦਰ ਦੀ ਰਸਮ ਨਾਲ ਮੇਲਾ ਸਮਾਪਤ ਹੋਵੇਗਾ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ, ਮੁਹੰਮਦ ਆਸ਼ਿਕ ਨੀਲਾ, ਡਾ. ਸਤਨਾਮ ਪਰਸੋਵਾਲ, ਸੋਨੂੰ ਜੱਸੋਮਜਾਰਾ, ਗੋਰਾ ਚੱਕ ਪ੍ਰੇਮਾ, ਚਰਨਜੀਤ, ਡਾ. ਜਗਦੀਸ਼ ਮੁਹੰਮਦ, ਜੈ ਰਾਮ ਖੋਥੜਾਂ, ਨੂਰ ਮੁਹੰਮਦ, ਪੱਪੀ ਅਨੀਹਰ, ਹਰਪ੍ਰੀਤ ਜੱਖੂ, ਰਜਿੰਦਰ ਥਾਪਰ, ਚੰਨੀ ਖੋਥੜਾਂ, ਬੰਟੀ, ਜੀਤਾ ਆਦਿ ਹਾਜ਼ਰ ਸਨ।

# ਬਾਬਾ ਸਾਹਿਬ ਡਾ. ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ 6 ਨੂੰ



**ਜਲੰਧਰ (ਰਾਜੇਸ਼ ਥਾਪਾ)**

ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਅੰਬੇਡਕਰ ਭਵਨ ਟਰੱਸਟ ਦੇ ਬੋਰਡ ਆਫ ਟਰੱਸਟੀਜ਼ ਦੀ ਮੀਟਿੰਗ ਚੇਅਰਮੈਨ ਸੋਹਨ ਲਾਲ ਸਾਬਕਾ ਡੀ ਪੀ ਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਡਾ. ਅੰਬੇਡਕਰ ਮਾਰਗ ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਟਰੱਸਟ ਵੱਲੋਂ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੇ 69ਵੇਂ ਪ੍ਰੀਨਿਰਵਾਣ ਦਿਵਸ 'ਤੇ ਉਨ੍ਹਾਂ ਦੇ ਮਹਾਨ ਵਿਅਕਤੀਤਵ, ਦੇਸ਼ ਪ੍ਰਤੀ ਸੇਵਾਵਾਂ, ਸੰਘਰਸ਼ਾਂ, ਉਪਕਾਰਾਂ ਅਤੇ ਅਨੇਕਾਂ ਪ੍ਰਾਪਤੀਆਂ ਨੂੰ ਯਾਦ ਕਰਨ ਲਈ 6 ਦਸੰਬਰ ਨੂੰ ਸਵੇਰੇ 11 ਵਜੇ ਇਤਿਹਾਸਿਕ ਸਥਾਨ ਬਾਬਾ ਸਾਹਿਬ ਦੀ ਚਰਨ-ਛੋਹ ਪ੍ਰਾਪਤ ਭੂਮੀ ਅੰਬੇਡਕਰ ਭਵਨ ਵਿਖੇ ਇੱਕ ਵਿਸ਼ਾਲ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕਰਨ ਦਾ ਫੈਸਲਾ ਕੀਤਾ ਗਿਆ। ਸਮਾਰੋਹ ਦੇ ਮੁੱਖ ਮਹਿਮਾਨ ਉੱਘੇ ਅੰਬੇਡਕਰਵਾਦੀ ਵਿਦਵਾਨ ਕੇ. ਸੀ. ਸੁਲੇਖ ਅਤੇ ਮੁੱਖ ਬੁਲਾਰੇ ਪ੍ਰੋਫੈਸਰ ਰਾਜੇਸ਼ ਕੁਮਾਰ, ਅਸਿਸਟੈਂਟ ਡਾਇਰੈਕਟਰ ਡੀ ਪੀ ਆਈ (ਕਾਲਜਾਂ) ਪੰਜਾਬ ਹੋਣਗੇ। ਇਨ੍ਹਾਂ ਤੋਂ ਇਲਾਵਾ ਹੋਰ ਵਿਦਵਾਨ ਵੀ ਬਾਬਾ ਸਾਹਿਬ ਦੇ ਮਿਸ਼ਨ 'ਤੇ ਚਾਨਣਾ ਪਾਉਣਗੇ। ਮੀਟਿੰਗ ਵਿੱਚ ਡਾ. ਸੁਰਿੰਦਰ ਅਜਨਾਤ, ਡਾ. ਜੀ.ਸੀ. ਕੌਲ, ਬਲਦੇਵ ਰਾਜ ਭਾਰਦਵਾਜ, ਚਰਨ ਦਾਸ ਸੰਧੂ, ਹਰਮੇਸ਼ ਜੱਸਲ ਅਤੇ ਮਹਿੰਦਰ ਪਾਲ ਸੰਧੂ ਨੇ ਭਾਗ ਲਿਆ। ਭਾਰਦਵਾਜ ਨੇ ਕਿਹਾ ਕਿ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਸਮੂਹ ਟਰੱਸਟੀਜ਼ ਨੇ ਡਾ. ਜੀ. ਸੀ. ਕੌਲ ਦੀ ਵੱਡੀ ਭਰਜਾਈ ਸ੍ਰੀਮਤੀ ਸੁਰਜੀਤ ਕੌਰ ਦਾ ਕੁਝ ਦਿਨ ਪਹਿਲਾਂ ਦੇਹਾਂਤ ਹੋਣ ਕਾਰਨ ਦੋ ਮਿੰਟ ਦਾ ਮੌਨ ਧਾਰਨ ਕਰਕੇ ਦੁੱਖ ਦਾ ਪ੍ਰਗਟਾਵਾ ਕੀਤਾ।

# ਅੱਜ ਤੋਂ ਪ੍ਰੀ-ਪ੍ਰਾਇਮਰੀ ਕਲਾਸਾਂ ਲਈ ਫਾਰਮ ਸਿਰਫ ਆਨਲਾਈਨ ਭਰੇ ਜਾਣਗੇ

**ਜਲੰਧਰ (ਸ਼ੈਲੀ ਐਲਬਰਟ)**-ਇੰਨੋਸੈਂਟ ਹਾਰਟਸ (ਗ੍ਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ ਰੋਡ, ਕੈਂਟ-ਜੰਡਿਆਲਾ ਰੋਡ, ਕਪੂਰਥਲਾ ਰੋਡ, ਅਤੇ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਸੈਂਟਰ (ਸੈਂਟਰਲ ਟਾਊਨ) ਵਿਖੇ ਪ੍ਰੀ-ਪ੍ਰਾਇਮਰੀ ਕਲਾਸਾਂ ਲਈ ਰਜਿਸਟ੍ਰੇਸ਼ਨ ਮਿਤੀ 2 ਦਸੰਬਰ ਹੈ। ਫਾਰਮ ਹਰੇਕ ਸਕੂਲ ਵਿੱਚ ਸੀਟ ਦੀ ਉਪਲਬਧਤਾ ਦੇ ਆਧਾਰ 'ਤੇ ਦਿੱਤੇ ਜਾਣਗੇ। ਗ੍ਰੀਨ ਮਾਡਲ ਟਾਊਨ ਅਤੇ ਕਪੂਰਥਲਾ ਰੋਡ ਬ੍ਰਾਂਚਾਂ ਲਈ ਪ੍ਰੀ-ਨਰਸਰੀ ਅਤੇ ਨਰਸਰੀ ਕਲਾਸਾਂ ਲਈ ਫਾਰਮ ਉਪਲਬਧ ਹੋਣਗੇ।ਲੋਹਾਰਾਂ, ਕੈਂਟ-ਜੰਡਿਆਲਾ ਰੋਡ ਅਤੇ ਨੂਰਪੁਰ ਰੋਡ ਬ੍ਰਾਂਚਾਂ ਵਿਖੇ ਪ੍ਰੀ-ਨਰਸਰੀ ਤੋਂ ਯੂ ਕੇ ਜੀ ਤੱਕ ਦੀਆਂ ਕਲਾਸਾਂ ਲਈ ਫਾਰਮ ਉਪਲਬਧ ਹੋਣਗੇ। ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਸੈਂਟਰ (ਸੈਂਟਰਲ ਟਾਊਨ) ਪ੍ਰੀ-ਸਕੂਲ ਤੋਂ ਕੇਜੀ.2 ਕਲਾਸਾਂ ਲਈ ਫਾਰਮ ਦਿੱਤੇ ਜਾਣਗੇ।ਸਾਰੀਆਂ ਬ੍ਰਾਂਚਾਂ-ਗਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ ਰੋਡ, ਕੈਂਟ- ਜੰਡਿਆਲਾ ਰੋਡ, ਕਪੂਰਥਲਾ ਰੋਡ, ਅਤੇ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਸੈਂਟਰ (ਸੈਂਟਰਲ ਟਾਊਨ)- ਲਈ ਰਜਿਸਟ੍ਰੇਸ਼ਨ ਪੂਰੀ ਤਰ੍ਹਾਂ ਆਨਲਾਈਨ ਹੈ। ਮਾਪਿਆਂ ਦੀ ਸਹੂਲਤ ਲਈ ਇੰਨੋਸੈਂਟ ਹਾਰਟਸ ਦੇ ਹਰ ਸਕੂਲ ਵਿੱਚ ਇੱਕ ਹੈਲਪ ਡੈਸਕ ਉਪਲਬਧ ਹੋਵੇਗਾ। ਇੰਨੋਸੈਂਟ ਹਾਰਟਸ ਪਰਿਵਾਰ ਦਾ ਮੈਂਬਰ ਬਣਨ ਲਈ, ਨਿਸਚਤ ਮਿਤੀ ਤੱਕ ਰਜਿਸਟਰੇਸ਼ਨ ਨੂੰ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ।

# ਪ੍ਰੀਸੈਸ਼ਨ ਸਮਾਰਟ ਬਿਜ ਆਈਡੀਆ ਟੀਮ 100 ਮੈਂਬਰ ਲੈ ਕੇ ਗਾਜ ਰਿਟਰੀਟ ਪਹੁੰਚੀ

**ਜਲੰਧਰ ਕੈਂਟ** - ਪ੍ਰੀਸੈਸ਼ਨ ਸਮਾਰਟ ਬਿਜ ਆਈਡੀਆ ਪ੍ਰਾਈਵੇਟ ਲਿਮਿਟਡ ਕੰਪਨੀ ਦੀ ਟੀਮ ਆਪਣੇ ਲਗਭਗ 100 ਮੈਂਬਰਾਂ ਸਮੇਤ ਕੰਪਨੀ ਦੇ ਐਮ ਡੀ ਰਾਜਨ ਕੁਮਾਰ ਅਤੇ ਫਾਊਂਡਰ ਮੈਡਮ ਅੰਜਲੀ ਚੰਦੜ ਦੀ ਯੋਗ ਅਗਵਾਈ ਹੇਠ ਪੰਜਾਬ ਦੇ ਇਕ ਬਹੁਤ ਹੀ ਸੁੰਦਰ ਗਾਜ ਰਿਟਰੀਟ ਰਿਸੋਰਟ ਨੇੜੇ ਗੜ੍ਹਸ਼ੰਕਰ ਪਹੁੰਚੀ।ਜਿੱਥੇ ਕੰਪਨੀ ਨੇ ਇਕ ਸਮਾਗਮ ਕਰਕੇ ਆਪਣੇ ਹੋਣਹਾਰ ਮੈਂਬਰਾਂ ਨੂੰ ਪੰਜ ਕਾਰਾਂ ਨਾਲ ਸਨਮਾਨਿਤ ਕੀਤਾ। ਕੰਪਨੀ ਨੇ ਆਪਣੇ ਹੋਰ ਵੀ ਕਈ ਮੈਂਬਰਾਂ ਨੂੰ ਛੋਟੇ-ਮੋਟੇ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫਜਾਈ ਕੀਤੀ।ਇੱਥੇ ਕੰਪਨੀ ਦੇ ਐਮ.ਡੀ ਰਾਜਨ ਕੁਮਾਰ ਅਤੇ ਫਾਊਂਡਰ ਮੈਡਮ ਅੰਜਲੀ ਚੰਦੜ ਨੇ ਕੰਪਨੀ ਬਾਰੇ ਸਾਂਝੇ ਤੌਰ 'ਤੇ ਕਿਹਾ ਕਿ ਉਕਤ ਪ੍ਰੀਸੈਸਨ ਸਮਾਰਟ ਬਿਜ ਆਈਡੀਆ ਪ੍ਰਾਈਵੇਟ ਲਿਮਿਟਡ ਕੰਪਨੀ ਪਿਛਲੇ ਕੁਝ ਸਮੇਂ ਤੋਂ ਬਹੁਤ ਹੀ ਵਧੀਆ ਤਰੀਕੇ ਨਾਲ ਸਰਕਲ ਵਿੱਚ ਆਪਣਾ ਕੰਮ ਚਲਾ ਰਹੀ ਹੈ।

ਉਨ੍ਹਾਂ ਕਿਹਾ ਕਿ ਲੋਕ ਵੀ ਦਿਨ ਪ੍ਰਤੀ ਦਿਨ ਸਾਡੇ ਨਾਲ ਮਿਲਕੇ ਸਹਿਯੋਗ ਕਰ ਰਹੇ ਹਨ ਅਤੇ ਖ਼ੂਬ ਪੈਸੇ ਕਮਾ ਰਹੇ ਹਨ।ਉਨ੍ਹਾਂ ਸਮਾਗਮ ਵਿੱਚ ਆਏ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਉਹਨਾ ਨੂੰ ਇਨਾਮ ਜਿੱਤਣ 'ਤੇ ਵਧਾਈ ਵੀ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਿੰਮਤ ਅਰੋੜਾ, ਰਵੀ ਕੁਮਾਰ, ਮਾਂ ਸੋਨੂੰ ਦੇਵਾ, ਨਾਵਲ ਕਿਸ਼ੋਰ, ਬਲਵੀਰ ਸਿੰਘ, ਕ੍ਰਿਸ਼ਨ ਪਾਲ ਆਦਿ ਨੇ ਵੀ ਗਾਜ ਸਮਾਗਮ ਵਿੱਚ ਸ਼ਿਰਕਤ ਕੀਤੀ।



# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਮਾਪੇ-ਅਧਿਆਪਕ ਮਿਲਣੀ



**ਸੁਲਤਾਨਪੁਰ ਲੋਧੀ, (ਹਨੀ)**

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿਚ ਮਾਪੇ- ਅਧਿਆਪਕ ਮਿਲਣੀ ਕਰਵਾਈ ਗਈ। ਜਿਸ ਵਿੱਚ ਨਰਸਰੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਮਾਪੇ ਸ਼ਾਮਿਲ ਹੋਏ। ਇਸ ਦਾ ਮੁੱਖ ਉਦੇਸ਼ ਮਾਪਿਆਂ ਨੂੰ ਸਕੂਲ ਵਿੱਚ ਆਉਣ ਵਾਲੀ ਪ੍ਰੀਓਡਿਕ-2 ਦੀ ਪ੍ਰੀਖਿਆ ਤੋਂ ਜਾਣੂ ਕਰਵਾਉਣਾ ਸੀ। ਇਸ ਦੇ ਨਾਲ ਹੀ ਪੜ੍ਹਾਈ ਵਿੱਚ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਅਤੇ ਆਉਣ ਵਾਲੀਆਂ ਕਮੀਆਂ ਜਾਂ ਅੜਚਨਾਂ ਤੋਂ ਮਾਪਿਆਂ ਨੂੰ ਜਾਣੂ ਕਰਵਾਉਣਾ ਸੀ, ਤਾਂ ਜੋ ਉਹ ਉਨ੍ਹਾਂ ਨੂੰ ਦੂਰ ਕਰ ਸਕਣ ਅਤੇ ਬੱਚਿਆਂ ਦੀ ਪੜ੍ਹਾਈ ਵਿੱਚ ਸਹਾਇਕ ਹੋ ਸਕਣ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਸਕੂਲ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਵੱਲੋਂ ਵੀ ਵਿਦਿਆਰਥੀਆਂ ਨੂੰ ਹੋਰ ਜ਼ਿਆਦਾ ਮਿਹਨਤ ਨਾਲ ਪੜ੍ਹਾਈ ਕਰਨ ਦਾ ਸੁਨੇਹਾ ਦਿੱਤਾ ਗਿਆ।

# 81ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਕਰਵਾਇਆ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਵਲੋਂ ਬਾਬਾ ਬਾਲਕ ਨਾਥ ਸੇਵਾ ਸੰਮਤੀ ਦੇ ਸਹਿਯੋਗ ਨਾਲ 81ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਸ਼ਿਵ ਸ਼ਕਤੀ ਮਾਤਾ ਮੰਦਰ ਜੋਸ਼ੀਆਂ ਮੁਹੱਲਾ ਫਗਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਸਵਰਨਕਾਰ ਸੰਘ ਫਗਵਾੜਾ ਦੇ ਪ੍ਰਧਾਨ ਅਤੇ ਸਮਾਜ ਸੇਵਕ ਜਗਜੀਤ ਸਿੰਘ ਜੌੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਬਾਬਾ ਬਾਲਕ ਨਾਥ ਸੇਵਾ ਸੰਮਤੀ ਦੇ ਸਰਪ੍ਰਸਤ ਧਰਮਪਾਲ ਨਿਸ਼ਚਲ, ਲਾਇਨ ਕੁਲਵਿੰਦਰ ਸਿੱਧੂ ਕਨਵੈਨਸ਼ਨ ਚੇਅਰਮੈਨ, ਰੀਜਨ ਚੇਅਰਮੈਨ ਲਾਇਨ ਚਮਨ ਲਾਲ, ਲਾਇਨਜ਼ ਕਲੱਬ ਫਗਵਾੜਾ ਦੇ ਪ੍ਰਧਾਨ ਲਾਇਨ ਸੰਜੀਵ ਸੂਰੀ ਐਮ.ਜੇ.ਐਫ. ਸਮਾਜ ਸੇਵਕ ਐਸ.ਪੀ. ਬਸਰਾ, ਅਧਿਆਪਕ ਆਗੂ ਵਰਿੰਦਰ ਸਿੰਘ ਕੰਬੋਜ, ਸਾਬਕਾ ਮਹਿਲਾ ਕੌਂਸਲਰ ਪਰਮਜੀਤ ਕੌਰ ਅਤੇ ਪੱਤਰਕਾਰ ਜਗਜੀਤ ਸਿੰਘ ਚਾਨਾ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ। ਮੁੱਖ ਮਹਿਮਾਨ ਜਗਜੀਤ ਸਿੰਘ ਜੌੜਾ ਨੇ 25 ਲੋੜਵੰਦ ਔਰਤਾਂ ਨੂੰ ਇਕ ਮਹੀਨੇ ਦਾ ਰਾਸ਼ਨ ਵੰਡਦਿਆਂ ਲਾਇਨ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਹੋਰ ਬੁਲਾਰਿਆਂ ਨੇ ਵੀ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਵੱਲੋਂ ਸਮਾਜ ਸੇਵਾ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਆਰਥਿਕ ਤੰਗੀ ਦੇ ਸ਼ਿਕਾਰ, ਬਿਮਾਰਾਂ ਅਤੇ ਬਜ਼ੁਰਗਾਂ ਦੀ ਸੇਵਾ ਕਰਨਾ ਸਮਾਜ ਦੇ ਸਾਰੇ ਯੋਗ ਵਿਅਕਤੀਆਂ ਦਾ ਫਰਜ਼ ਹੈ। ਹਰੇਕ ਵਿਅਕਤੀ ਨੂੰ ਹਰ ਮਹੀਨੇ ਆਪਣੀ ਨੇਕ ਕਮਾਈ ਵਿੱਚੋਂ ਕੁਝ ਪੈਸਾ ਲੋੜਵੰਦਾਂ ਦੀ ਮੱਦਦ ਲਈ ਜ਼ਰੂਰ ਖਰਚ ਕਰਨਾ ਚਾਹੀਦਾ ਹੈ। ਲਾਇਨ ਗੁਰਦੀਪ ਸਿੰਘ ਕੰਗ ਨੇ ਸਾਰਿਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਬਾਬਾ ਬਾਲਕ ਨਾਥ ਜੀ ਦੀ ਕਿਰਪਾ ਨਾਲ ਇਹ ਉਪਰਾਲਾ ਜਾਰੀ ਰਹੇਗਾ। ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਸਟੇਜ ਦੀ ਸੇਵਾ ਲਾਇਨ ਸੁਸ਼ੀਲ ਸ਼ਰਮਾ ਵਲੋਂ ਨਿਭਾਈ ਗਈ। ਇਸ ਮੌਕੇ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੇ ਪੀ.ਆਰ.ਓ. ਸਤਵਿੰਦਰ ਸਿੰਘ ਭਮਰਾ, ਲਾਇਨ ਮਨੋਜ ਕੁਮਾਰ, ਲਾਇਨ ਰਣਧੀਰ ਕਰਵਲ, ਜਲ ਸੇਵਾ ਸੰਮਤੀ ਦੇ ਪ੍ਰਧਾਨ ਵਿਪਨ ਖੁਰਾਣਾ, ਪਵਨ ਕਲੂਚਾ, ਮਨੀਸ਼ ਕਨੌਂਜੀਆ, ਕਮਲ ਤੋਂ ਇਲਾਵਾ ਸ਼ਿਵ ਸ਼ਕਤੀ ਮਾਤਾ ਮੰਦਰ ਦੇ ਪ੍ਰਧਾਨ ਚੰਚਲ ਸੇਠ, ਲਾਇਨ ਵਰੁਣ ਵਧਵਾ, ਲਾਇਨ ਹਰਮੇਸ਼ ਕੁਮਾਰ ਕੁਲਥਮ, ਵਿਨੈ ਕੁਮਾਰ ਬਿੱਟੂ, ਲਾਇਨ ਅਖਿਲ ਵਰਮਾ, ਲਾਇਨ ਵਿੱਕੀ ਚੁੰਬਰ, ਲਾਇਨ ਵਰਿੰਦਰ ਸ਼ਰਮਾ, ਲਾਇਨ ਵਿਪਨ ਸ਼ਰਮਾ, ਕਮਲਜੀਤ, ਅਮਰਜੀਤ ਸਿੰਘ ਬਘਾਣਾ, ਅਨੂਪ ਦੁੱਗਲ ਆਦਿ ਹਾਜ਼ਰ ਸਨ।

# ਲੋਕ ਸ਼ਾਇਰ ਜਗਦੀਸ਼ ਰਾਣਾ ਸਨਮਾਨਤ

**ਜਲੰਧਰ (ਰਾਜੇਸ਼ ਥਾਪਾ)**

ਵਿਸ਼ਵ ਪੰਜਾਬੀ ਸਭਾ ਕੈਨੇਡਾ ਵਲੋਂ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਦੇ ਸਹਿਯੋਗ ਨਾਲ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਇਕ ਸ਼ਾਨਦਾਰ ਤੇ ਪ੍ਰਭਾਵਸ਼ੀਲ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਕੈਨੇਡਾ ਤੋਂ ਉਚੇਚੇ ਤੌਰ 'ਤੇ ਪਹੁੰਚੇ ਅਤੇ ਪ੍ਰਧਾਨਗੀ ਮੰਡਲ ਵਿਚ ਪ੍ਰੋ. ਸੰਧੂ ਵਰਿਆਣਵੀ (ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ), ਡਾ. ਬਲਦੇਵ ਸਿੰਘ ਬੱਦਨ (ਸਾਬਕਾ ਨਿਰਦੇਸ਼ਕ ਨੈਸ਼ਨਲ ਬੁੱਕ ਟਰੱਸਟ ਇੰਡੀਆ), ਡਾ. ਕੰਵਲ ਭੱਲਾ ਪ੍ਰਧਾਨ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ) ਅਤੇ ਲੋਕ ਸ਼ਾਇਰ ਸੰਤ ਰਾਮ ਉਦਾਸੀ ਦੀ ਸਪੁੱਤਰੀ ਡਾ.ਇਕਬਾਲ ਕੌਰ ਉਦਾਸੀ ਅਤੇ ਹਰਬੰਸ ਸਿੰਘ ਅਕਸ ਨਾਲ ਬਿਰਾਜਮਾਨ ਹੋਏ।ਇਸ ਮੌਕੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਵਲੋਂ ਲੋਕ ਸ਼ਾਇਰ ਜਗਦੀਸ਼ ਰਾਣਾ ਨੂੰ ਲੋਕ ਕਵੀ ਸੰਤ ਰਾਮ ਉਦਾਸੀ ਯਾਦਗਾਰੀ ਐਵਾਰਡ 2024, ਜਿਸ ਵਿੱਚ ਗਿਆਰਾਂ ਹਜ਼ਾਰ ਰੁਪਏ ਨਕਦ, ਸ਼ਾਨਦਾਰ ਲੋਈ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਜਗਦੀਸ਼ ਰਾਣਾ ਨੇ ਕਿਹਾ ਕਿ ਵਿਸ਼ਵ ਪ੍ਰਸਿੱਧ ਲੋਕ ਸ਼ਾਇਰ ਸੰਤ ਰਾਮ ਉਦਾਸੀ ਦੇ ਨਾਮ 'ਤੇ ਯਾਦਗਾਰੀ ਪੁਰਸਕਾਰ ਮਿਲਣਾ ਮੇਰੇ ਲਈ ਬਹੁਤ ਵੱਡੀ ਤੇ ਮਾਣ ਵਾਲੀ ਗੱਲ ਹੈ। ਸਭਾ ਵਲੋਂ ਬਠਿੰਡਾ ਤੋਂ ਕਵਿੱਤਰੀ ਮਨਦੀਪ ਸਿੱਧੂ ਸਹਿਜ ਦਾ ਪਲੇਠਾ ਕਾਵਿ ਸੰਗ੍ਰਹਿ 'ਧੀਆਂ ਦੀ ਦਾਸਤਾਨ' ਵੀ ਲੋਕ ਅਰਪਣ ਕੀਤਾ ਗਿਆ।ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਭਾਰਤ ਦੇ ਪ੍ਰਧਾਨ ਲੈਕ. ਬਲਬੀਰ ਕੌਰ ਰਾਏਕੋਟੀ ਨੇ ਸਭਾ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।ਡਾ.ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਹਰ ਤਰ੍ਹਾਂ ਨਾਲ ਹੀਲੇ ਵਸੀਲੇ ਕਰਦੇ ਰਹਿਣਗੇ।ਉਨ੍ਹਾਂ ਵਿਸ਼ੇਸ਼ ਜ਼ਿਕਰ ਕੀਤਾ ਕਿ ਪਾਕਿਸਤਾਨ ਦੀ ਫੇਰੀ ਦੌਰਾਨ ਪਾਕਿ ਪੰਜਾਬ ਦੇ ਮੁੱਖ ਮੰਤਰੀ ਬੀਬੀ ਮਰੀਅਮ ਸ਼ਰੀਫ਼ ਨਾਲ ਮਿਲ ਕੇ ਉਨ੍ਹਾਂ ਲਹਿੰਦੇ ਪੰਜਾਬ ਵਿੱਚ ਪੰਜਾਬੀ ਲਾਗੂ ਕਰਾਉਣ ਲਈ ਯਤਨ ਕੀਤੇ ਸੀ ਜਿਸ ਵਿੱਚ ਉਹ ਕਾਮਯਾਬ ਹੋਏ ਹਨ।ਪ੍ਰੋ. ਸੰਧੂ ਵਰਿਆਣਵੀ ਅਤੇ ਡਾ. ਬਲਦੇਵ ਸਿੰਘ ਬੱਦਨ ਨੇ ਜਗਦੀਸ਼ ਰਾਣਾ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਦੀ ਚੋਣ ਬੜੀ ਢੁਕਵੀਂ ਹੈ ਕਿਉਂਕਿ ਜਗਦੀਸ਼ ਰਾਣਾ ਵੀ ਸੰਤ ਰਾਮ ਉਦਾਸੀ ਵਾਂਗ ਆਪਣੀ ਸ਼ਾਇਰੀ ਰਾਹੀਂ ਪੀੜਤ ਧਿਰ ਦੀ ਆਵਾਜ਼ ਬੁਲੰਦ ਹੀ ਨਹੀਂ ਕਰਦਾ ਸਗੋਂ ਲਾਚਾਰ ਤੇ ਮਜ਼ਲੂਮ ਲੋਕਾਂ ਦੇ ਹੱਕਾਂ ਲਈ ਮੋਹਰੇ ਹੋ ਸੰਘਰਸ਼ ਵੀ ਕਰਦਾ ਹੈ।ਇਸ ਮੌਕੇ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵਲੋਂ ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ, ਸਵਿੰਦਰ ਸੰਧੂ ਦੁਆਰਾ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ,ਭਾਰਤ ਦੇ ਪ੍ਰਧਾਨ ਲੈਕ.ਬਲਬੀਰ ਕੌਰ ਰਾਏਕੋਟੀ ਅਤੇ ਮਨਦੀਪ ਸਿੱਧੂ ਸਹਿਜ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।ਵਿਸ਼ਵ ਪੰਜਾਬੀ ਸਭਾ ਕੈਨੇਡਾ ਵਲੋਂ ਪ੍ਰੋ. ਸੰਧੂ ਵਰਿਆਣਵੀ, ਡਾ. ਬਲਦੇਵ ਸਿੰਘ ਬੱਦਨ, ਡਾ. ਕੰਵਲ ਭੱਲਾ, ਮਨਜੀਤ ਕੌਰ ਮੀਸ਼ਾ, ਡਾ. ਇਕਬਾਲ ਕੌਰ ਉਦਾਸੀ ਨੂੰ ਕਿਤਾਬਾਂ ਦੇ ਕੇ ਸਨਮਾਨਤ ਕੀਤਾ ਗਿਆ।ਇਸ ਉਪਰੰਤ ਮਰਹੂਮ ਉਸਤਾਦ ਸ਼ਾਇਰ ਹਰਜਿੰਦਰ ਬੱਲ ਦੀ ਯਾਦ ਵਿੱਚ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਹਰਦਿਆਲ ਹੁਸ਼ਿਆਰਪੁਰੀ, ਗੁਰਦੀਪ ਸਿੰਘ ਸੈਣੀ, ਜਰਨੈਲ ਸਾਖ਼ੀ, ਸਵਿੰਦਰ ਸੰਧੂ, ਮਨਦੀਪ ਸਿੱਧੂ ਸਹਿਜ, ਸੁਰਜੀਤ ਕੌਰ, ਸੁਰਜੀਤ ਸਾਜਨ, ਸੰਤ ਸੰਧੂ, ਕੀਮਤੀ ਕੈਸਰ, ਸੁਦੇਸ਼ ਕਲਿਆਣ, ਸੋਹਣ ਸਹਿਜਲ, ਸੁਖਦੇਵ ਗੰਢਵਾਂ, ਨਵਤੇਜ ਗੜ੍ਹਦੀਵਾਲਾ, ਕੇ ਸਾਧੂ ਸਿੰਘ, ਸੁਖਦੇਵ ਭੱਟੀ, ਚਰਨਜੀਤ ਸਮਾਲਸਰ, ਅਵਤਾਰ ਸਮਾਲਸਰ, ਹਰਜਿੰਦਰ ਜਿੰਦੀ, ਦਿਲਬਹਾਰ ਸ਼ੌਕਤ, ਬਲਵਿੰਦਰ ਦਿਲਦਾਰ, ਆਸ਼ੀ ਈਸਪੁਰੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਓਥੇ ਹੀ ਮੰਗਲ ਸਿੰਘ ਭੰਡਾਲ, ਗਿਆਨ ਸਿੰਘ ਕੰਗ, ਮੇਹਰ ਮਲਿਕ, ਡਾ. ਸੁੱਚਾ ਸਿੰਘ ਗਿੱਲ ਨੇ ਵੀ ਵਿਚਾਰ ਸਾਂਝੇ ਕੀਤੇ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਮਿਹਰ ਮਲਿਕ, ਸਕੱਤਰ ( ਪੰਜਾਬ ਪ੍ਰੈੱਸ ਕਲੱਬ ਜਲੰਧਰ ) ਰਾਜੇਸ਼ ਥਾਪਾ , ਸੀਨੀਅਰ ਮੀਤ ਪ੍ਰਧਾਨ (ਪੰਜਾਬ ਪ੍ਰੈੱਸ ਕਲੱਬ ਜਲੰਧਰ) ਜਗਦੀਸ਼ ਡਾਲੀਆ, ਮਾਧਵੀ ਅੱਗਰਵਾਲ, ਮਨਜੀਤ ਸਿੰਘ, ਤਰਸੇਮ ਜਲੰਧਰੀ, ਗੁਰਦੀਪ ਸਿੰਘ ਉਜਾਲਾ, ਕਰਨਲ ਜਗਬੀਰ ਸਿੰਘ ਸੰਧੂ, ਨਛੱਤਰ ਭੋਗਲ, ਗੁਰਲਾਲ ਸਿੰਘ ਸਿੱਧੂ, ਹਰਭਜਨ ਨਾਹਲ, ਅਮਰ ਸਿੰਘ ਅਮਰ, ਗੀਤਕਾਰ ਐਸ ਐਸ ਸੰਧੂ, ਗੀਤਾ ਵਰਮਾ, ਡਾ.ਰਾਮ ਮੂਰਤੀ, ਗੁਰਚਰਨ ਸਿੰਘ ਚੀਮਾ, ਸਾਹਿਬਾ ਜੀਟਨ ਕੌਰ, ਸੰਦੀਪ ਕੌਰ ਚੀਮਾ, ਵਰਿੰਦਰ ਸਿੰਘ ਵਿਰਦੀ, ਕੁਲਭੂਸ਼ਨ, ਨਗੀਨਾ ਸਿੰਘ ਬਲੱਗਣ, ਜਸਪਾਲ ਜ਼ੀਰਵੀ, ਰੋਹਿਤ ਸਿੱਧੂ ਅਤੇ ਹੋਰ ਹਾਜ਼ਰ ਸਨ।

